25-Nov-PAGE-13.qxd 11/24/2023 9:46 PM Page 2

ਸ਼ਨੀਵਾਰ, 25 ਨਵੰਬਰ, 2023
10 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 175

# ਨਵਾਂ ਜ਼ਮਾਨਾ

DAILY NAWAN ZAMANA • SATURDAY, 25 NOVEMBER, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
nawan zamana TV



# 28 ਖਰੀਦ ਕੇਂਦਰਾਂ 'ਚ 22 ਤੋਂ 25 ਫੀਸਦੀ ਨਮੀ ਵਾਲੇ ਝੋਨੇ ਨੂੰ ਭਾਅ ਲਾਉਣ ਦੀ ਏਜੰਸੀਆਂ ਦੀ ਕੀ ਮਜਬੂਰੀ ?

- ਖਰੀਦ ਏਜੰਸੀਆਂ ਦੇ ਅਧਿਕਾਰੀ ਨਰਮ ਤੇ ਵੱਧ ਨਮੀ ਵਾਲਾ ਝੋਨਾ ਸ਼ੈਲਰ ਮਾਲਕਾਂ ਨੂੰ ਚੁਕਵਾਉਣ ਲਈ ਪੈ ਰਹੇ ਕਾਹਲੇ
- ਜ਼ਿਆਦਾਤਰ ਮੰਡੀਆਂ 'ਚ ਝੋਨੇ ਦੇ ਗੱਟਿਆਂ ਦੀਆਂ ਲੱਗੀਆਂ ਧਾਂਕਾਂ ਦੀ ਉੱਚ ਪੱਧਰੀ ਜਾਂਚ ਦੀ ਉੱਠੀ ਮੰਗ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਝੋਨੇ ਦੀ ਫਸਲ ਮੰਡੀਆਂ ਵਿੱਚ ਆਉਣ ਤੋਂ ਪਹਿਲਾਂ ਪ੍ਰਬੰਧ ਮੁਕੰਮਲ ਹੋਣ ਦਾ ਰਿਵਾਇਤੀ ਪਾਰਟੀਆਂ ਵਾਂਗ ਢਿੰਡੋਰਾ ਪਿੱਟਦੀ ਰਹੀ, ਪਰ ਹਮੇਸ਼ਾ ਦੀ ਤਰ੍ਹਾਂ ਜ਼ਮੀਨੀ ਪੱਧਰ 'ਤੇ ਹਕੀਕਤ ਇਸ ਵਾਰ ਵੀ ਬਿਲਕੁਲ ਉਸ ਦੇ ਉਲਟ ਹੈ, ਜਿਸ ਦੀ ਤਾਜ਼ਾ ਉਦਾਹਰਣ ਬਾਘਾ ਪੁਰਾਣਾ ਦੇ ਸਾਰੇ ਦੇ ਸਾਰੇ 28 ਖਰੀਦ ਕੇਦਰਾਂ ਤੋਂ ਮਿਲਦੀ ਹੈ, ਕਿਉਂਕਿ ਪਹਿਲਾਂ ਵੀ ਮੰਡੀਆਂ ਵਿੱਚ ਕਿਸਾਨ ਰੁਲਦਾ ਰਿਹਾ ਤੇ ਤਾਜ਼ਾ ਹਾਲਤਾਂ ਵਿੱਚ ਵੀ ਕਿਸਾਨ ਮੰਡੀਆਂ ਵਿੱਚ ਰੁਲ ਰਿਹਾ ਹੈ, ਦੂਸਰਾ ਮੰਡੀਆਂ ਵਿੱਚ ਝੋਨੇ ਦੀ ਫਸਲ ਸਿਰਫ ਤੇ ਸਿਰਫ 17 ਫੀਸਦੀ ਨਮੀ ਵਾਲੀ ਹੀ ਲਿਆਂਦੀ ਜਾ ਰਹੀ ਹੈ, ਪਰ ਸ਼ਾਇਦ ਹੀ ਬਾਘਾ ਪੁਰਾਣਾ ਦਾ ਕੋਈ ਅਜਿਹਾ ਖਰੀਦ ਕੇਂਦਰ ਹੋਵੇ ਜਿੱਥੇ 17 ਜਾਂ ਇਸ ਤੋਂ ਘੱਟ ਫੀਸਦੀ ਨਮੀ ਵਾਲਾ ਝੋਨਾ ਦੇਖਣ ਨੂੰ ਮਿਲੇ, ਮੰਡੀਆਂ ਵਿੱਚ ਉੱਤਰ ਰਹੇ ਝੋਨੇ ਦੀ ਨਮੀ 20 ਤੋਂ ਲੈ ਕੇ 24-25 ਫੀਸਦੀ ਨਮੀ ਪਾਈ ਜਾ ਰਹੀ ਹੈ, ਜਿਸ ਨੂੰ ਪੰਜਾਬ ਦੀਆਂ ਸਮੂਹ ਖਰੀਦ ਏਜੰਸੀਆਂ ਦੇ ਅਧਿਕਾਰੀ ਖੁਸ਼ੀ-ਖੁਸ਼ੀ ਸਰਕਾਰੀ ਭਾਅ ਲਗਾ ਰਹੇ ਹਨ, ਅਜਿਹਾ ਹੋਣ ਦੀ ਸੂਰਤ ਵਿੱਚ ਸ਼ੈਲਰ ਮਾਲਕਾਂ ਨੂੰ ਧੱਕੇ ਨਾਲ ਝੋਨਾ ਚੁਕਵਾਇਆ ਜਾ ਰਿਹਾ ਹੈ, ਜੇਕਰ ਕੋਈ ਸ਼ੈਲਰ ਮਾਲਕ ਸਰਕਾਰੀ ਮਾਪਦੰਡਾਂ ਦਾ ਹਵਾਲਾ ਦਿੰਦਾ ਹੈ ਤਾਂ ਉਨ੍ਹਾਂ ਨੂੰ ਅਧਿਕਾਰੀ ਕਹਾਣੀਆਂ ਸੁਣਾ ਕੇ ਝੋਨਾ ਚੁੱਕਣ ਲਈ ਇੱਕ ਵਾਰ ਫਿਰ ਮਜਬੂਰ ਕਰ ਦਿੰਦੇ ਹਨ, ਕੁਝ ਖਰੀਦ ਏਜੰਸੀਆਂ ਦੇ ਅਧਿਕਾਰੀ ਇੱਥੋਂ ਤੱਕ ਪਹੁੰਚ ਚੁੱਕੇ ਹਨ ਕਿ ਉਹ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਮਿਲ ਕੇ ਉਨ੍ਹਾਂ ਦੇ ਸ਼ੈੱਲਰ ਮਾਲਕਾਂ ਨੂੰ ਵੱਧ ਨਮੀ ਵਾਲਾ ਝੋਨਾ ਚੁੱਕਣ ਲਈ ਦਬਾਅ ਬਣਾ ਰਹੇ ਹਨ। ਕੁਝ ਸ਼ੈੱਲਰ ਮਾਲਕਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਕਿਸੇ ਇੰਸਪੈਕਟਰ ਨੂੰ ਕਿਹਾ ਜਾਂਦਾ ਹੈ ਕਿ ਮੰਡੀਆਂ ਦੇ ਹਲਾਤਾਂ ਨੂੰ ਤੁਸੀਂ ਆਪਣੇ ਉੱਪਰਲੇ ਅਧਿਕਾਰੀਆਂ ਤੱਕ ਬਿਆਨ ਕਰੋ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਭ ਧਿਆਨ ਵਿੱਚ ਹੈ, ਪਰ ਆਖੀਰ 'ਤੇ ਆ ਕੇ ਉਹ ਗੱਲ ਬਣ ਜਾਂਦੀ ਹੈ ਕਿ 'ਮੁੜ ਘੁੜ ਬੋਤੀ ਬੋਹੜ ਥੱਲੇ', ਮਤਲਬ ਕਿ ਜੇਕਰ ਕੁਝ ਹੋਵੇਗਾ ਵੀ ਤਾਂ ਗਾਜ ਆਖਰ ਉਨ੍ਹਾਂ ਉੱਪਰ ਹੀ ਡਿੱਗਣੀ ਹੈ। ਸ਼ੈੱਲਰ ਮਾਲਕਾਂ ਦੀ ਸੋਚ ਤੋਂ ਪਰ੍ਹੇ ਹੈ ਕਿ ਆਖਰ ਇਨ੍ਹਾਂ ਅਧਿਕਾਰੀਆਂ ਦੀ ਐਸੀ ਕੀ ਮਜਬੂਰੀ ਹੈ, ਜੋ 20-22 ਤੋਂ ਲੈ ਕੇ 24-25 ਫੀਸਦੀ ਨਮੀ ਵਾਲੇ ਝੋਨੇ ਨੂੰ ਵੀ ਭਾਅ ਲਗਾ ਰਹੇ ਹਨ। ਵੱਧ ਨਮੀ ਵਾਲੇ ਝੋਨੇ ਦੇ ਗੱਟਿਆਂ ਦੀ ਐਨੀ ਜ਼ਿਆਦਾ ਭਰਮਾਰ ਹੋ ਚੁੱਕੀ ਹੈ ਕਿ ਜਿਹੜੀ ਵੀ ਮੰਡੀ ਵਿੱਚ ਦੇਖੋ ਧਾਂਕਾ ਤੇ ਧਾਂਕਾ ਹੀ ਨਜ਼ਰੀ ਪੈਂਦੀਆਂ ਹਨ, ਪਰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਉੱਪਰਲੇ ਅਧਿਕਾਰੀਆਂ ਨੂੰ ਇਸ ਦਾ ਪਤਾ ਲੱਗਣ ਦੇ ਬਾਵਜੂਦ ਕੋਈ ਹਰਕਤ ਨਾ ਹੋਵੇ। ਕੁਝ ਸ਼ੈੱਲਰ ਮਾਲਕਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਆਪ ਵੱਲੋਂ ਜਾਰੀ ਕੀਤੇ ਮਾਪਦੰਡਾਂ ਅਨੁਸਾਰ ਮੰਡੀਆਂ ਦੇ ਸੁਚਾਰੂ ਪ੍ਰਬੰਧ ਚਲਾਏ ਜਾਣ, ਖਰੀਦ ਏਜੰਸੀਆਂ ਦੇ ਅਧਿਕਾਰੀਆਂ ਦੀਆਂ ਮਨਮਰਜ਼ੀਆਂ ਉੱਪਰ ਤਿੱਖੀ ਨਜ਼ਰ ਰੱਖੀ ਜਾਵੇ, ਸਮੇਂ-ਸਮੇਂ 'ਤੇ ਮੰਡੀਆਂ ਦੀ ਚੈਕਿੰਗ ਕਰਵਾਈ ਜਾਵੇ। ਸ਼ੈੱਲਰ ਮਾਲਕਾਂ ਨੇ ਕਿਹਾ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਫਿਰ ਸਰਕਾਰ ਦੇ ਸਾਹਮਣੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਹੋਵੇਗਾ ਤੇ ਜੋ ਕਾਰਵਾਈ ਕਰਨੀ ਹੋਵੇਗੀ, ਉਹ ਵੀ ਸਰਕਾਰ ਦੀ ਆਪਣੀ ਮਰਜ਼ੀ ਹੋਵੇਗੀ।



## ਵੀਜ਼ਨ ਦੀ ਵਿਦਿਆਰਥਣ ਨੇ ਪੀ ਟੀ ਈ 'ਚੋਂ 56 ਸਕੋਰ ਲਏ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿੱਚ ਸਥਿਤ ਇਲਾਕੇ ਦਾ ਨਾਮਵਰ ਸੈਂਟਰ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਕਿਰਨਪ੍ਰੀਤ ਕੌਰ ਪੁੱਤਰੀ ਜਸਵੰਤ ਸਿੰਘ ਵਾਸੀ ਚੰਦ ਪੁਰਾਣਾ ਨੇ ਪੀ ਟੀ ਈ ਵਿੱਚੋਂ ਓਵਰਆਲ 56 ਸਕੋਰ ਪ੍ਰਾਪਤ ਕਰਕੇ ਆਪਣਾ ਤੇ ਸੈਂਟਰ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਐੱਮ ਸੀ ਨੇ ਕਿਰਨਪ੍ਰੀਤ ਕੌਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ। ਉਨ੍ਹਾ ਇਹ ਵੀ ਦੱਸਿਆ ਕਿ ਇੱਥੇ ਆਈਲਟਸ ਦੀ ਤਿਆਰੀ ਆਧੁਨਿਕ ਤੇ ਮਾਹਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ। ਇੱਥੇ ਵਿਦਿਆਰਥੀ ਨੂੰ ਕਲਾਸ ਉਸ ਦੇ ਲੈਵਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਹਰੇਕ ਕਮਜ਼ੋਰ ਵਿਦਿਆਰਥੀ ਨੂੰ ਸਪੈਸ਼ਲ ਕਲਾਸਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਵਧੀਆਂ ਬੈਂਡ ਸਕੋਰ ਹਾਸਲ ਕਰਕੇ ਆਪਣਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਸਕਣ। ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵੱਲੋਂ ਵੀਜ਼ੇ ਕਾਨੂੰਨੀ ਤੇ ਪਾਰਦਰਸ਼ੀ ਢੰਗ ਨਾਲ ਲਗਾਏ ਜਾਂਦੇ ਹਨ।

# ਹਰਪਿੰਦਰ ਕੌਰ ਨੇ ਉੱਚੀ ਛਾਲ 'ਚ ਸੂਬੇ 'ਚੋਂ ਦੂਜਾ ਸਥਾਨ ਜਿੱਤਿਆ

- ਚਾਂਦੀ ਦਾ ਤਮਗਾ ਜਿੱਤ ਕੇ ਨੈਸ਼ਨਲ ਖੇਡਾਂ 'ਚ ਬਣਾਇਆ ਸਥਾਨ



ਛੱਤਿਆਣਾ ਵਿਖੇ ਵਿਦਿਆਰਥਣ ਹਰਪਿੰਦਰ ਕੌਰ ਨੂੰ ਸਨਮਾਨਤ ਕਰਦਾ ਹੋਇਆ ਸਮੂਹ ਸਟਾਫ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛੱਤਿਆਣਾ ਦੀ ਵਿਦਿਆਰਥਣ ਹਰਪਿੰਦਰ ਕੌਰ ਨੇ ਸੂਬਾ ਪੱਧਰੀ ਖੇਡਾਂ ਵਿੱਚ ਚਾਂਦੀ ਦਾ ਤਮਗਾ ਹਾਸਲ ਕਰਕੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀ ਸਿੰਘ ਡੀ ਪੀ ਆਈ ਨੇ ਦੱਸਿਆ ਕਿ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਵੱਲੋਂ ਬੀਤੇ ਦਿਨੀਂ ਸੰਗਰੂਰ ਵਿਖੇ 67ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਐਥਲੈਟਿਕ ਮੀਟ ਕਰਵਾਈ ਗਈ। ਇਸ ਐਥਲੈਟਿਕ ਮੀਟ ਵਿੱਚ ਹਰਪਿੰਦਰ ਕੌਰ ਪੁੱਤਰੀ ਗੁਰਸੇਵਕ ਸਿੰਘ ਛੱਤਿਆਣਾ ਨੇ ਉੱਚੀ ਛਾਲ ਵਿੱਚ ਪੰਜਾਬ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਮਗਾ ਜਿੱਤ ਕੇ ਨੈਸ਼ਨਲ ਪੱਧਰ 'ਤੇ ਹੋਣ ਵਾਲੀਆਂ ਖੇਡਾਂ ਵਿੱਚ ਆਪਣਾ ਸਥਾਨ ਬਣਾਇਆ। ਉਨ੍ਹਾ ਦੱਸਿਆ ਕਿ ਸਕੂਲ ਮੁਖੀ ਰਾਜਵੀਰ ਸਿੰਘ ਦੀ ਅਗਵਾਈ ਵਿੱਚ ਸਕੂਲ ਦੇ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਮੱਲਾਂ ਮਾਰ ਰਹੇ ਹਨ। ਅੱਜ ਸਕੂਲ ਪੁੱਜਣ 'ਤੇ ਵਿਦਿਆਰਥਣ ਹਰਪਿੰਦਰ ਕੌਰ ਦਾ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਨਿੱਘਾ ਸਵਾਗਤ ਕੀਤਾ ਤੇ ਸਟਾਫ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਚਰਨਜੀਤ ਸਿੰਘ, ਬ੍ਰਹਮਜੀਤ ਸਿੰਘ, ਕੁਲਵਿੰਦਰ ਸਿੰਘ, ਮੋਨਿਕਾ ਰਾਣੀ, ਪ੍ਰਿਥੀ ਸਿੰਘ, ਬਲਵਿੰਦਰ ਕੌਰ, ਪ੍ਰੀਤੀ ਅਰੋੜਾ, ਨਮਰਤਾ ਸਿੰਘ ਕਪੂਰ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਅਮਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਸੰਦੀਪ ਕੌਰ, ਲਖਵੀਰ ਕੌਰ, ਸੰਤੋਸ਼ ਕੌਰ, ਸਰਬਜੀਤ ਕੌਰ, ਹਰਦੀਪ ਸਿੰਘ, ਦਰਸ਼ਨ ਲਾਲ ਤੇ ਕਮਲਪ੍ਰੀਤ ਸਿੰਘ ਤੋਂ ਇਲਾਵਾ ਸਕੂਲ ਦੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਕਾਤਰਾਂ

### ਪੰਜਾਬ ਮਿਊਂਸਪਲ ਮੁਲਾਜ਼ਮਾਂ ਦੀ ਸਾਂਝੀ ਇਕੱਤਰਤਾ ਅੱਜ

**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਦੇ ਮੌਜੂਦਾ, ਰਿਟਾਇਰ, ਆਊਟਸੋਰਸ ਤੇ ਆਊਟਸੋਰਸ ਫਾਇਰ ਕਰਮਚਾਰੀਆਂ ਦੀਆਂ ਮੰਗਾਂ 'ਤੇ ਵਿਚਾਰ ਕਰਨ ਅਤੇ ਇਨ੍ਹਾਂ ਮੰਗਾਂ ਦੀ ਪ੍ਰਾਪਤੀ ਲਈ ਅਗਲੀ ਰਣਨੀਤੀ ਤਹਿ ਕਰਨ ਲਈ 25 ਨਵੰਬਰ ਨੂੰ ਸਵੇਰੇ 10 ਵਜੇ ਮਿਊਂਸਪਲ ਪਾਰਕ ਖੰਨਾ ਵਿਖੇ ਇਕ ਸਾਂਝੀ ਇਕੱਤਰਤਾ ਹੋ ਰਹੀ ਹੈ। ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਵਿਜੈ ਕੁਮਾਰ ਜਗਰਾਉਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪੰਜਾਬ ਮਿਊਂਸਪਲ ਵਰਕਰਜ਼ ਯੂਨੀਅਨ, ਪੰਜਾਬ ਰਿਟਾਇਰ ਮਿਊਂਸਪਲ ਵਰਕਰਜ਼ ਯੂਨੀਅਨ, ਪੰਜਾਬ ਆਊਟਸੋਰਸ ਇੰਪਲਾਈਜ਼ ਯੂਨੀਅਨ ਤੇ ਪੰਜਾਬ ਆਊਟਸੋਰਸ ਫਾਇਰ ਕਰਮਚਾਰੀ ਯੂਨੀਅਨ ਦੇ ਸੂਬਾਈ ਆਗੂ ਇਸ ਮੀਟਿੰਗ ਵਿੱਚ ਪਹੁੰਚ ਰਹੇ ਹਨ। ਉਕਤ ਆਗੂ ਨੇ ਸਮੁੱਚੇ ਮੁਲਾਜ਼ਮਾਂ ਨੂੰ ਇਸ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

### ਸ੍ਰੀ ਸ਼ਿਆਮ ਸੰਕੀਰਤਨ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ੍ਰੀ ਖਾਟੂ ਸ਼ਿਆਮ ਪਰਿਵਾਰ ਮਾਛੀਵਾੜਾ ਵੱਲੋਂ ਦੂਜਾ ਸ੍ਰੀ ਸ਼ਿਆਮ ਸੰਕੀਰਤਨ 25 ਨਵੰਬਰ ਨੂੰ ਸਥਾਨਕ ਦੁਸਹਿਰਾ ਮੈਦਾਨ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੌਕੀ ਬਾਂਸਲ ਨੇ ਦੱਸਿਆ ਕਿ ਧਾਰਮਿਕ ਸਮਾਰੋਹ ਦਾ ਕਾਰਡ ਜਾਰੀ ਕੀਤਾ ਗਿਆ। ਇਸ ਸੰਕੀਰਤਨ 'ਚ ਕਿਸ਼ੋਰੀ ਕਨਿਸ਼ਕਾ ਤੇ ਕੁਮਾਰ ਗੌਰਵ ਸ੍ਰੀ ਸ਼ਿਆਮ ਜੀ ਦੇ ਭਜਨ ਪੇਸ਼ ਕਰਨਗੇ।

### ਗੁਰੂ ਨਾਨਕ ਮੋਦੀਖਾਨੇ ਦਾ ਉਦਘਾਟਨ 27 ਨੂੰ

**ਜਗਰਾਉਂ (ਸੰਜੀਵ ਅਰੋੜਾ)**-ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਿਹਾੜੇ 'ਤੇ ਮਨੁੱਖਤਾ ਸੇਵਾ ਮਿਸ਼ਨ ਚੈਰੀਟੇਬਲ ਟਰੱਸਟ (ਰਜਿ:) ਜਗਰਾਉਂ ਵੱਲੋਂ ਪੁਰਾਣੀ ਕਚਹਿਰੀ ਦੇ ਸਾਹਮਣੇ ਜੈਨ ਮੰਦਿਰ ਦੇ ਨਜ਼ਦੀਕ ਬੱਸ ਸਟੈਂਡ ਚੌਂਕ ਵਿਖੇ ਖੁੱਲ੍ਹੇ ਧੰਨ ਗੁਰੂ ਨਾਨਕ ਮੋਦੀਖਾਨਾ ਤੇ ਫਤਿਹ ਮੈਡੀਕੋਜ਼ ਐਂਡ ਚੈਰੀਟੇਬਲ ਲੈਬ ਦਾ ਉਦਘਾਟਨ 27 ਨਵੰਬਰ ਨੂੰ ਹੋਵੇਗਾ, ਜਿਸ 'ਚ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ: ਮਨਦੀਪ ਸਿੰਘ ਸਰਾਂ ਨੇ ਦੱਸਿਆ ਕਿ ਅੱਜ ਦੇ ਯੁੱਗ 'ਚ ਲੋਕਾਂ ਨੂੰ ਦਵਾਈਆਂ ਬਹੁਤ ਮਹਿੰਗੀਆਂ ਮਿਲ ਰਹੀਆਂ ਹਨ। ਸਾਡੇ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਗਰੀਬ ਤੇ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਮੋਦੀਖਾਨੇ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਬਹੁਤ ਹੀ ਘੱਟ ਰੇਟਾਂ 'ਤੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜਦੋਂ ਦਾ ਗੁਰੂ ਨਾਨਕ ਮੋਦੀਖਾਨਾ ਖੁੱਲ੍ਹਿਆ ਹੈ, ਉਦੋਂ ਤੋਂ ਬਾਕੀ ਮੈਡੀਕਲ ਵਾਲੇ ਵੀ ਸਸਤੀਆਂ ਦਵਾਈਆਂ ਦੇਣ ਦੇ ਬੋਰਡ ਲਗਾਉਣ ਲੱਗੇ ਹਨ।

### ਵਿਆਹ ਦਾ ਝਾਂਸਾ ਦੇ ਕੇ ਨਾਬਾਲਗ ਲੜਕੀ ਨੂੰ ਵਰਗਲਾਉਣ ਵਾਲੇ ਖਿਲਾਫ਼ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਨਾਬਾਲਗ ਲੜਕੀ ਰੀਟਾ (ਕਾਲਪਨਿਕ ਨਾਂ) ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾਉਣ ਦੇ ਦੋਸ਼ ਹੇਠ ਸੁਦਾਮਾ ਕੁਮਾਰ ਵਾਸੀ ਮਾਛੀਵਾੜਾ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਲੜਕੀ ਦੀ ਮਾਤਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਨ੍ਹਾਂ ਦੀ ਕਰਿਆਨੇ ਦੀ ਦੁਕਾਨ ਹੈ ਤੇ ਉਸ ਦੀ ਇੱਕ ਨਾਬਾਲਗ ਲੜਕੀ, ਜੋ ਕਿ ਅੱਠਵੀਂ ਜਮਾਤ ਪਾਸ ਹੈ। ਬਿਆਨਕਰਤਾ ਅਨੁਸਾਰ ਜਦੋਂ ਉਹ ਖੇਤਾਂ ਵਿੱਚ ਸਾਗ ਤੋੜਨ ਗਈ ਹੋਈ ਸੀ ਤੇ ਉਸ ਦੀ ਲੜਕੀ ਰੀਟਾ ਦੁਕਾਨ 'ਤੇ ਬੈਠੀ ਸੀ, ਜਦੋਂ ਉਸ ਨੇ ਵਾਪਸ ਆ ਕੇ ਦੇਖਿਆ ਤਾਂ ਉਸ ਦੀ ਨਾਬਾਲਗ ਲੜਕੀ ਰੀਟਾ ਦੁਕਾਨ 'ਤੇ ਨਹੀਂ ਸੀ। ਲੜਕੀ ਦੀ ਕਾਫ਼ੀ ਤਲਾਸ਼ ਕੀਤੀ ਗਈ, ਪਰ ਉਸ ਦਾ ਕੋਈ ਸੁਰਾਗ ਨਾ ਮਿਲਿਆ। ਅਖੀਰ ਵਿੱਚ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਸ ਦੀ ਲੜਕੀ ਨੂੰ ਸੁਦਾਮਾ ਕੁਮਾਰ ਦਾ ਲੜਕਾ ਵਿਆਹ ਦਾ ਝਾਂਸਾ ਦੇ ਵਰਗਲਾ ਕੇ ਲੈ ਗਿਆ ਹੈ। ਪੁਲਸ ਨੇ ਮਾਮਲਾ ਦਰਜ ਕਰ ਦੋਵਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

### ਡੀ ਸੀ ਵੱਲੋਂ ਸ਼ਹਿਰ 'ਚ ਸਫਾਈ ਵਿਵਸਥਾ ਦਾ ਨਿਰੀਖਣ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਨੇ ਸ਼ੁੱਕਰਵਾਰ ਦੀ ਸਵੇਰ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਦਾ ਦੌਰਾ ਕਰਕੇ ਇੱਥੇ ਸਫਾਈ ਵਿਵਸਥਾ ਦਾ ਜਾਇਜ਼ਾ ਲਿਆ। ਡਿਪਟੀ ਕਮਿਸ਼ਨਰ ਨੇ ਜੇਲ੍ਹ ਰੋਡ, ਰੇਲਵੇ ਸਟੇਸ਼ਨ ਰੋਡ, ਅੰਡਰ ਬ੍ਰਿਜ, ਫਾਜ਼ਿਲਕਾ-ਫਿਰੋਜ਼ਪੁਰ ਰੋਡ ਆਦਿ ਥਾਵਾਂ 'ਤੇ ਖੁਦ ਜਾ ਕੇ ਸਫਾਈ ਵਿਵਸਥਾ ਦੀ ਪੜਤਾਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਨਗਰ ਕੌਂਸਲ ਦੇ ਸਟਾਫ ਨੂੰ ਸਖਤ ਹਦਾਇਤ ਕੀਤੀ ਕਿ ਸਫਾਈ ਵਿਵਸਥਾ ਨੂੰ ਹੋਰ ਦਰੁਸਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੂੜਾ ਨਾਲੋਂ ਨਾਲ ਚੁੱਕਿਆ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਗਿੱਲਾ ਤੇ ਸੁੱਕਾ ਕੂੜਾ ਵੱਖ ਵੱਖ ਕਰਕੇ ਦੇਣ ਅਤੇ ਕੂੜਾ ਨਿਰਧਾਰਤ ਥਾਵਾਂ 'ਤੇ ਹੀ ਸੁੱਟਿਆ ਜਾਵੇ।

### ਕੁੱਟਮਾਰ ਕਰਨ ਦੇ ਦੋਸ਼ 'ਚ 5 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਪੀਰੇਕੇ ਉਤਾੜ ਵਿਖੇ ਹੋਈ ਲੜਾਈ ਦੇ ਸਬੰਧ 'ਚ ਥਾਣਾ ਵੈਰੋਕੇ ਦੀ ਪੁਲਸ ਨੇ 5 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਸੁਮਨ ਰਾਣੀ ਪੁੱਤਰੀ ਚਿਮਨ ਸਿੰਘ ਵਾਸੀ ਪੀਰੇਕੇ ਉਤਾੜ ਨੇ ਪੁਲਸ ਕੋਲ ਦਰਜ ਕਰਵਾਏ ਗਏ ਬਿਆਨਾਂ ਵਿੱਚ ਦੋਸ਼ ਲਗਾਇਆ ਕਿ ਬੀਤੀ 24-09-2023 ਨੂੰ ਕਰੀਬ 11.30 ਵਜੇ ਉਹ ਸਾਰਾ ਪਰਿਵਾਰ ਸੁੱਤੇ ਪਏ ਸੀ ਤਾਂ ਰੌਲਾ ਪੈਂਦਾ ਸੁਣ ਕੇ ਉੱਠੇ ਤੇ ਦੇਖਿਆ ਕਿ ਬਿੱਟੂ ਪੁੱਤਰ ਜੀਤ ਸਿੰਘ ਤੇ ਨੀਟੂ ਸਿੰਘ ਪੁੱਤਰ ਬੱਗੂ ਸਿੰਘ, ਜੋ ਕਿ ਉਸ ਦੇ ਚਾਚੇ ਸੁੱਖਾ ਸਿੰਘ ਦੀ ਕੱਟਮਾਰ ਕਰ ਰਹੇ ਸੀ ਅਤੇ ਜਦੋਂ ਮੈਂ ਤੇ ਮੇਰਾ ਪਰਿਵਾਰ ਛੁਡਵਾਉਣ ਲੱਗੇ ਤਾਂ ਬਿੱਟੂ ਸਿੰਘ ਤੇ ਨੀਟੂ ਸਿੰਘ ਨੇ ਮੈਨੂੰ ਚੁੱਕ ਲਿਆ ਤੇ ਜ਼ਬਰਦਸਤੀ ਕਰਨ ਲੱਗ ਪਏ। ਮੈਂ ਇਨ੍ਹਾਂ ਦੇ ਹੱਥੋਂ ਛੁੱਟ ਕੇ ਆਪਣੇ ਘਰ ਵੱਲ ਦੌੜੀ ਤਾਂ ਇਨ੍ਹਾਂ ਵਿਅਕਤੀਆਂ ਮੇਰੀ ਡਾਂਗਾਂ ਨਾਲ ਕੁੱਟਮਾਰ ਕੀਤੀ ਤੇ ਮੈਨੂੰ ਸੱਟਾਂ ਮਾਰੀਆਂ। ਪੁਲਸ ਨੇ ਮੁਦੱਈ ਸੁਮਨ ਰਾਣੀ ਦੇ ਬਿਆਨਾਂ ਦੇ ਅਧਾਰ 'ਤੇ ਅਮਰਜੀਤ ਸਿੰਘ ਉਰਫ ਬਿੱਟੂ ਪੁੱਤਰ ਜੀਤ ਸਿੰਘ, ਜੀਤ ਸਿੰਘ ਪੁੱਤਰ ਇੰਦਰ ਸਿੰਘ, ਨੀਟੂ ਸਿੰਘ ਪੁੱਤਰ ਬੱਗੂ ਸਿੰਘ, ਸੁਰਜੀਤ ਸਿੰਘ ਪੁੱਤਰ ਸੁਭਾਸ਼ ਸਿੰਘ ਤੇ ਗੁਰਪ੍ਰੀਤ ਸਿੰਘ ਪੁੱਤਰ ਬੱਗੂ ਸਿੰਘ ਵਾਸੀਆਨ ਪੀਰੇਕੇ ਉਤਾੜ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ 'ਚ ਸਹੋਦਿਆ ਈਸਟ ਜ਼ੋਨ ਦੇ ਰੱਸਾਕਸ਼ੀ ਮੁਕਾਬਲੇ




**ਸਮਰਾਲਾ (ਸੁਰਜੀਤ ਸਿੰਘ)**-ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿਖੇ ਸਹੋਦਿਆ ਈਸਟ ਜ਼ੋਨ 2023 ਅੰਦਰ 17 ਮੁੰਡੇ-ਕੁੜੀਆਂ ਦੇ ਰੱਸਾਕਸੀ ਮੁਕਾਬਲੇ ਕਰਵਾਏ ਗਏ। ਇਸ ਖੇਡ ਮੁਕਾਬਲੇ ਦੇ ਮੁੱਖ ਮਹਿਮਾਨ (ਅੰਤਰਰਾਸ਼ਟਰੀ ਹਾਕੀ ਕੋਚ) ਸ੍ਰੀ ਸ਼ਵ ਜਗਦੇਯ, ਪ੍ਰੈਜ਼ੀਡੈਂਟ ਸ੍ਰੀ ਅਨੀਲ ਵਰਮਾ, ਚੇਅਰਪ੍ਰਸਨ ਸ੍ਰੀਮਤੀ ਕੁਲਵਿੰਦਰ ਕੌਰ ਬੈਨੀਪਾਲ, ਪ੍ਰਿੰਸੀਪਲ ਮੋਨਿਕਾ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ ਘਲੋਟੀ ਦੀ ਰਸਮੀ ਇਜਾਜ਼ਤ ਨਾਲ ਸ਼ੁਰੂ ਕੀਤੇ ਗਏ। ਇਸ ਖੇਡ ਮੁਕਾਬਲੇ ਦਾ ਆਰੰਭ ਸਕੂਲ ਦੇ ਛੇਵੀਂ, ਸੱਤਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਨਾਲ ਕੀਤਾ ਗਿਆ। ਮੁੱਖ ਮਹਿਮਾਨਾਂ ਤੇ ਪ੍ਰਿੰਸੀਪਲ ਵੱਲੋਂ ਲੈਂਪ ਜੋਤੀ ਜਗਾ ਤੇ ਗੁਬਾਰੇ ਅਸਮਾਨ ਵੱਲ ਛੱਡ ਕੇ ਇਸ ਖੇਡ ਮੁਕਾਬਲੇ ਦੀ ਰਸਮੀ ਸ਼ੁਰੂਆਤ ਕੀਤੀ ਗਈ।

ਸਹੋਦਿਆ ਈਸਟ ਜ਼ੋਨ ਰੱਸਾਕਸੀ ਮੁਕਾਬਲੇ ਵਿੱਚ ਲਗਭਗ 9 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ 8 ਟੀਮਾਂ ਕੁੜੀਆਂ ਦੀਆਂ ਤੇ 10 ਟੀਮਾਂ ਮੁੰਡਿਆਂ ਦੀਆਂ ਸਨ। ਇਨ੍ਹਾਂ ਬੱਚਿਆਂ ਦੇ ਮੁਕਾਬਲਿਆਂ ਵਾਸਤੇ ਰੈਫਰੀਆਂ ਸ੍ਰੀਮਤੀ ਪਰਮਜੀਤ ਕੌਰ ਕੰਗ, ਸ੍ਰੀਮਤੀ ਤਜਿੰਦਰ ਕੌਰ, ਅਮਰੀਕ ਸਿੰਘ ਤੇ ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਨੇ ਰੋਲ ਨਿਭਾਇਆ। ਇਨ੍ਹਾਂ ਮੁਕਾਬਲਿਆਂ ਵਿੱਚ ਲੜਕਿਆਂ ਦੀ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਦੀ ਟੀਮ ਨੇ ਪਹਿਲਾ, ਨਨਕਾਣਾ ਸਾਹਿਬ ਪਬਲਿਕ ਸਕੂਲ ਕਲਾਲ ਮਾਜਰਾ ਦੀ ਟੀਮ ਨੇ ਦੂਜਾ ਤੇ ਕਲਗੀਧਰ ਐਕਡਮੀ ਦੁੱਗਰੀ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਲੜਕੀਆਂ 'ਚ ਨਨਕਾਣਾ ਸਾਹਿਬ ਪਬਲਿਕ ਸਕੂਲ ਕਲਾਲ ਮਾਜਰਾ ਦੀ ਟੀਮ ਨੇ ਪਹਿਲਾ, ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਅਮਲੋਹ ਦੀ ਟੀਮ ਨੇ ਦੂਜਾ ਤੇ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅਖੀਰ 'ਚ ਵਿਦਿਆਰਥੀਆਂ ਨੇ ਗੀਤ, ਗਿੱਧੇ, ਭੰਗੜੇ ਨਾਲ ਖੇਡ ਮੁਕਾਬਲੇ ਦਾ ਰੰਗ ਬੰਨ੍ਹਿਆ ਤੇ ਜੇਤੂ ਰਹੀਆਂ ਸਕੂਲ ਟੀਮਾਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੋਨਿਕਾ ਨੇ ਆਏ ਮੁੱਖ ਮਹਿਮਾਨ ਸ਼ਵ ਜਗਦੇਯ, ਸ੍ਰੀ ਅਨੀਲ ਵਰਮਾ, ਚੇਅਰਪ੍ਰਸਨ ਸ੍ਰੀਮਤੀ ਕੁਲਵਿੰਦਰ ਕੌਰ ਬੈਨੀਪਾਲ, ਸਕੂਲ ਮੈਨੇਜਮੈਂਟ, ਅਧਿਆਪਕਾਂ, ਆਏ ਸਾਰੇ ਖਿਡਾਰੀਆਂ ਤੇ ਆਪਣੇ ਸਕੂਲ ਦੇ ਸਟਾਫ ਦਾ ਰੱਸਾਕਸੀ ਮੁਕਾਬਲੇ ਨੂੰ ਸਫਲਤਾਪੂਰਵਕ ਪੂਰਾ ਕਰਨ 'ਤੇ ਸਾਰਿਆਂ ਦਾ ਧੰਨਵਾਦ ਕੀਤਾ। ਉਨ੍ਹਾ ਕਿਹਾ ਕਿ ਸਾਨੂੰ ਸਮੇਂ ਦੇ ਨਾਲ ਨਾਲ ਆਪਣੀਆਂ ਸੱਭਿਆਚਾਰਕ ਖੇਡਾਂ ਦੇ ਮਹੱਤਵ ਨੂੰ ਨਾ ਭੁਲਾਉਂਦੇ ਹੋਏ, ਇਨ੍ਹਾਂ ਖੇਡਾਂ ਨੂੰ ਅੱਜ ਵੀ ਸਕੂਲ ਦਾ ਹਿੱਸਾ ਬਣਾਈ ਰੱਖਣਾ ਚਾਹੀਦਾ ਹੈ। ਉਨ੍ਹਾ ਦੱਸਿਆ ਕਿ ਰੱਸਾਕਸੀ ਮੁਕਾਬਲਾ ਇੱਕ ਖੇਡ ਹੀ ਨਹੀਂ, ਬਲਕਿ ਇਹ ਖੇਡ ਬੱਚਿਆਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਂਦੀ ਹੈ ਅਤੇ ਇਹ ਖੇਡ ਇੱਕ ਟੀਮ ਭਾਵਨਾ ਨਾਲ ਖੇਡੀ ਜਾਣ ਵਾਲੀ ਖੇਡ ਹੈ। ਉਨ੍ਹਾਂ ਕਿਹਾ ਕਿ ਅਸੀਂ ਅੱਗੇ ਤੋਂ ਵੀ ਇਹੋ ਜਿਹੇ ਸੱਭਿਆਚਾਰਕ ਖੇਡ ਮੁਕਾਬਲੇ ਕਰਵਾਉਂਦੇ ਰਹਾਂਗੇ।

# ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ 'ਕਿੱਤਾ ਬਚਾਓ ਰੈਲੀ' 11 ਨੂੰ



**ਮਾਨਸਾ (ਆਤਮਾ ਸਿੰਘ ਪਮਾਰ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਇਕਾਈ ਮਾਨਸਾ ਦੀ ਹੰਗਾਮੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਸੱਤਪਾਲ ਰਿਸ਼ੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਕਮੇਟੀ ਤੇ ਬਲਾਕ ਆਗੂਆਂ ਨੇ ਸ਼ਿਰਕਤ ਕੀਤੀ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਤੇ ਸੂਬਾ ਕਮੇਟੀ ਮੈਂਬਰ ਤਾਰਾ ਚੰਦ ਭਾਵਾ, ਜ਼ਿਲ੍ਹਾ ਚੇਅਰਮੈਨ ਰਘਵੀਰ ਚੰਦ ਸ਼ਰਮਾ, ਸਕੱਤਰ ਸਿਮਰਜੀਤ ਗਾਗੋਵਾਲ, ਕੈਸ਼ੀਅਰ ਅਮਰੀਕ ਸਿੰਘ ਮਾਖਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਆਗੂਆਂ ਵੱਲੋਂ ਸਰਕਾਰ ਦੀ ਸ਼ਹਿ 'ਤੇ ਸਿਹਤ ਵਿਭਾਗ ਵੱਲੋਂ ਸਾਫ ਸੁਥਰੀ ਪ੍ਰੈਕਟਿਸ ਕਰਦੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਰਜਿਸਟ੍ਰੇਸ਼ਨ ਤੇ ਨਸ਼ਿਆਂ ਦੀ ਆੜ ਹੇਠ ਨਜਾਇਜ਼ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪਿਛਲੇ ਦਿਨੀਂ ਮਾਨਸਾ ਵਿਖੇ ਡਰੱਗ ਇਨਸਪੈਕਟਰ ਵੱਲੋਂ ਲਗਾਤਾਰ ਬੇਲੋੜਾ ਪ੍ਰੇਸ਼ਾਨ ਕਰਨ 'ਤੇ ਉਸ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਵਿਚਾਰ ਚਰਚਾ ਕੀਤੀ ਗਈ ਕਿ ਚੋਣਾਂ ਸਮੇਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਸਮੇਂ ਸਰਕਾਰ ਬਨਣ 'ਤੇ ਪਹਿਲ ਦੇ ਅਧਾਰ 'ਤੇ ਅਨਰਜਿਸਟਰਡ ਪ੍ਰੈਕਟੀਸ਼ਨਰਾਂ ਦਾ ਮਸਲਾ ਹੱਲ ਕਰਨ ਦਾ ਖੁੱਲੇਆਮ ਵਾਅਦਾ ਕੀਤਾ ਸੀ, ਪ੍ਰੰਤੂ ਸਰਕਾਰ ਬਨਣ ਦੇ ਡੇਢ ਸਾਲ ਬਾਅਦ ਵੀ ਕੀਤਾ ਵਾਅਦਾ ਲਾਗੂ ਤਾਂ ਕੀ ਕਰਨਾ ਸੀ, ਸਗੋਂ ਜਾਪਦਾ ਹੈ ਸਰਕਾਰ ਬਿਲਕੁਲ ਹੀ ਭੁੱਲ ਚੁੱਕੀ ਹੈ। ਵਾਅਦਾ ਯਾਦ ਕਰਵਾਉਣ ਤੇ ਸਿਹਤ ਵਿਭਾਗ ਵੱਲੋਂ ਪੰਜਾਬ ਅੰਦਰ ਨਜਾਇਜ਼ ਤੰਗ ਪ੍ਰੇਸ਼ਾਨ ਕਰਨ ਖਿਲਾਫ ਜ਼ਿਲ੍ਹਾ ਪੱਧਰੀ ਰੁਜ਼ਗਾਰ, ਸਾਡਾ ਅਧਿਕਾਰ ਮਿਸ਼ਨ ਤਹਿਤ 'ਕਿੱਤਾ ਬਚਾਓ ਰੈਲੀ' 11 ਦਸੰਬਰ ਨੂੰ ਰੇਲਵੇ ਮਾਲ ਗੁਦਾਮ 'ਤੇ ਕਰਨ ਉਪਰੰਤ ਸ਼ਹਿਰ ਵਿੱਚ ਮਾਰਚ ਕਰਨ ਦਾ ਫੈਸਲਾ ਵੀ ਕੀਤਾ ਗਿਆ। ਰੈਲੀ ਵਿੱਚ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਜੋਸ਼ੋ ਖਰੋਸ਼ ਨਾਲ ਸ਼ਾਮਲ ਹੋਣ ਦੇ ਸੱਦੇ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ ਗਈ। ਇਸ ਸਮੇਂ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਪ੍ਰਧਾਨ ਸੱਤ ਪਾਲ ਰਿਸ਼ੀ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਜਥੇਬੰਦੀ, ਕਿਸਾਨ ਜਥੇਬੰਦੀਆਂ ਵੱਲੋਂ ਐਲਾਨੇ ਗਏ 26 ਤੋਂ 28 ਦਸੰਬਰ ਤੱਕ ਚੰਡੀਗੜ੍ਹ ਧਰਨੇ ਦੀ ਪੁਰਜ਼ੋਰ ਹਮਾਇਤ ਕਰਦੀ ਹੈ। ਇਸ ਸਮੇਂ ਬਲਾਕ ਮਾਨਸਾ ਦੇ ਪ੍ਰਧਾਨ ਪ੍ਰੇਮ ਗਰਗ, ਭੀਖੀ ਬਲਾਕ ਦੇ ਸਤਵੰਤ ਸਿੰਘ, ਅਸ਼ੋਕ ਕੁਮਾਰ, ਮੰਗਲ ਸਿੰਘ, ਬਰੇਟਾ ਦੇ ਪ੍ਰੇਮ ਸਿੰਘ, ਬੁਢਲਾਡਾ ਦੇ ਗੁਰਜੀਤ ਸਿੰਘ, ਬੋਹਾ ਦੇ ਸੁਖਪਾਲ ਸਿੰਘ, ਸਰਦੂਲਗੜ੍ਹ ਦੇ ਦੀਪਕ ਬਜਾਜ, ਝੁਨੀਰ ਦੇ ਸਕੱਤਰ ਜਸਬੀਰ ਸਿੰਘ ਤੇ ਕੈਸ਼ੀਅਰ ਰਾਜ ਸਿੰਘ ਆਦਿ ਹਾਜ਼ਰ ਸਨ।

# ਤੀਸਰੇ ਸ੍ਰੀ ਸ਼ਿਆਮ ਵੰਦਨਾ ਮਹਾਉਤਸਵ ਮੌਕੇ ਕੱਢੀ ਨਿਸ਼ਾਨ ਯਾਤਰਾ

- ਵਿਧਾਇਕ ਦੇਵ ਮਾਨ ਸਮੇਤ ਵੱਖ ਵੱਖ ਪਾਰਟੀਆਂ ਦੇ ਲੀਡਰਾਂ ਨੇ ਕੀਤੀ ਸ਼ਿਰਕਤ



**ਨਾਭਾ (ਵਰਿੰਦਰ ਵਰਮਾ)**-ਰਿਪੁਦਮਨ ਕਾਲਜ ਸਟੇਡੀਅਮ ਵਿਖੇ 26 ਨਵੰਬਰ ਨੂੰ ਹੋਣ ਵਾਲੇ ਤੀਜੇ ਸ਼ਿਆਮ ਵੰਦਨਾ ਮਹਾਉਤਸਵ ਮੌਕੇ ਸ੍ਰੀ ਸ਼ਿਆਮ ਜਨਮ ਉਤਸਵ ਦੇ ਸ਼ੁਭ ਅਵਸਰ 'ਤੇ ਨਾਭਾ ਸ਼ਹਿਰ 'ਚ ਸ਼ਿਆਮ ਪਰਿਵਾਰ ਸੰਘ ਵੱਲੋਂ ਵਿਸ਼ਾਲ ਨਿਸ਼ਾਨ ਯਾਤਰਾ ਕੱਢੀ ਗਈ। ਇਸ ਤਰ੍ਹਾਂ ਦੇ ਨਿਸ਼ਾਨ ਦੀ ਯਾਤਰਾ ਵਿੱਚ ਹਲਕਾ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਯੋਜਨਾ ਬੋਰਡ ਚੇਅਰਮੈਨ ਜੱਸੀ ਸੋਹੀਆ ਵਾਲਾ, ਆਪ ਬਲਾਕ ਪ੍ਰਧਾਨ ਅਸ਼ੋਕ ਅਰੋੜਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਸਾਬਕਾ ਨਗਰ ਕੌਂਸਲ ਪ੍ਰਧਾਨ ਰਜਨੀਸ਼ ਮਿੱਤਲ ਸੈਂਟੀ, ਭਾਜਪਾ ਆਗੂ ਵਰਿੰਦਰ ਬਿੱਟੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀਆਂ ਦੇ ਅਹੁਦੇਦਾਰਾਂ ਨੇ ਹਾਜ਼ਰੀ ਲਗਵਾਈ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਸ਼ਿਆਮ ਪਰਿਵਾਰ ਸੰਘ ਦੇ ਸਮੂਹ ਮੈਂਬਰਾਂ ਵੱਲੋਂ ਕਰਵਾਏ ਗਏ ਧਾਰਮਿਕ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਜ਼ਰੂਰ ਕਰਵਾਉਣੇ ਚਾਹੀਦੇ ਹਨ, ਜਿਸ ਨਾਲ ਧਰਮ ਦਾ ਪ੍ਰਚਾਰ ਹੁੰਦਾ ਹੈ। ਇਸ ਮੌਕੇ ਸੁਮਿਤ ਗੋਇਲ ਸੈਂਟੀ, ਵਿਕਾਸ ਮਿੱਤਲ, ਅਸ਼ਵਨੀ ਸਚਦੇਵਾ ਤੇ ਸੰਸਥਾ ਦੇ ਮੈਂਬਰਾਂ ਵੱਲੋਂ ਹਲਕਾ ਵਿਧਾਇਕ ਦੇਵ ਮਾਨ, ਆਪ ਬਲਾਕ ਪ੍ਰਧਾਨ ਅਸ਼ੋਕ ਅਰੋੜਾ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਤੇ ਵੱਖ-ਵੱਖ ਆਈਆਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਹ ਯਾਤਰਾ ਬਾਅਦ ਦੁਪਹਿਰ 3 ਵਜੇ ਸ੍ਰੀ ਸ਼ਿਵ ਮੰਦਿਰ ਡੇਰਾ ਮੋਤੀਪੁਰਾ ਤੋਂ ਸ਼ੁਰੂ ਹੋ ਕੇ ਦੇਵੀ ਦੀਵਾਲਾ ਚੌਕ, ਸਦਰ ਬਜ਼ਾਰ, ਭੀਖੀ ਮੋੜ ਤੋਂ ਹੁੰਦਾ ਹੋਇਆ ਸ੍ਰੀ ਨੈਨਾ ਦੇਵੀ ਮੰਦਿਰ, ਕੋਰਟ ਰੋਡ ਵਿਖੇ ਸਮਾਪਤ ਹੋਈ, ਜਿਸ ਵਿੱਚ 3100 ਦੇ ਕਰੀਬ ਸ਼ਿਆਮ ਬਾਬਾ ਦੇ ਭਗਤਾਂ ਨੇ ਹਿੱਸਾ ਲਿਆ। ਇਸ ਯਾਤਰਾ 'ਚ ਵਿਸ਼ਵਨਾਥ ਗਿਰੀ ਮਹਾਰਾਜ ਅਰੁਣਯਾ ਧਾਮ ਤੋਂ ਅਤੇ ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ ਤੋਂ ਸੰਤ ਮਹਾਪੁਰਸ਼ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਸੁਮਿਤ ਗੋਇਲ ਸੈਂਟੀ, ਸੌਰਵ ਜਿੰਦਲ, ਮਯੰਕ ਗੁਪਤਾ, ਗੌਰਵ ਜਿੰਦਲ, ਤਰੁਣ ਗੁਪਤਾ, ਰੋਹਿਨ ਬਾਂਸਲ, ਅਖਿਲ ਬਾਂਸਲ, ਸੁਨੀਲ ਮਲੇਰੀ, ਵਿਕਾਸ ਮਿੱਤਲ, ਕਮਲ ਗੋਇਲ, ਗੌਰਵ ਕਾਂਸਲ, ਮੋਹਿਤ ਬਾਂਸਲ, ਅਸ਼ਵਨੀ ਸਚਦੇਵਾ, ਮੋਹਿਤ ਜਿੰਦਲ, ਰੋਬਿਨ ਅਰੋੜਾ, ਸੰਦੀਪ ਗਰਗ, ਰਜਨੀਸ਼ ਕੁਮਾਰ, ਅਮਿਤ ਮੰਗਲਾ, ਸਾਜਨ ਕੁਮਾਰ, ਅਮਨਦੀਪ ਭਾਟੀਆ ਆਦਿ ਮੈਂਬਰ ਤੇ ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ, ਸ਼ਿਆਮ ਭਗਤਾਂ ਨੇ ਹਾਜ਼ਰੀ ਲਗਵਾਈ।

# ਘਰ 'ਚੋਂ ਗਹਿਣੇ ਤੇ ਇੱਕ ਲੱਖ ਦੀ ਨਕਦੀ ਚੋਰੀ



ਖਿਲਰਿਆ ਪਿਆ ਘਰ ਦਾ ਸਾਮਾਨ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸਰਹਿੰਦ ਦੇ ਡਿਫੈਂਸ ਬੰਨ੍ਹ ਰੋਡ 'ਤੇ ਸਥਿਤ ਜੱਸੀ ਡੀ.ਜੇ. ਐਂਟਰਟੇਨਰਜ਼ ਦੇ ਮਾਲਕ ਜਸਵੀਰ ਸਿੰਘ ਦੇ ਘਰ ਵਿੱਚ ਬੀਤੀ ਰਾਤ ਚੋਰੀ ਹੋ ਜਾਣ ਦਾ ਸਮਾਚਾਰ ਹੈ। ਪੱਤਰਕਾਰਾਂ ਨੂੰ ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜਸਵੀਰ ਸਿੰਘ ਨੇ ਦੱਸਿਆ ਕਿ ਉਹ ਤੇ ਉਸ ਦੀ ਪਤਨੀ ਘਰ ਨੂੰ ਤਾਲਾ ਲਗਾ ਕੇ ਦਿੱਲੀ ਗਏ ਹੋਏ ਸਨ ਤੇ ਘਰ ਵਿੱਚ ਉਨ੍ਹਾਂ ਦਾ ਪਾਲਤੂ ਕੁੱਤਾ ਹੀ ਮੌਜੂਦ ਸੀ ਤੇ ਬੀਤੀ ਰਾਤ ਉਨ੍ਹਾਂ ਦੇ ਘਰ ਦੇ ਨਾਲ ਲੱਗੇ ਦਰੱਖਤ ਰਾਹੀਂ ਨਾਮਾਲੂਮ ਵਿਅਕਤੀ ਉੱਪਰੋਂ ਉਸ ਦੇ ਘਰ 'ਚ ਦਾਖਲ ਹੋ ਗਏ, ਜਿਨ੍ਹਾਂ ਨੇ ਉਸ ਦੇ ਪਾਲਤੂ ਕੁੱਤੇ ਨੂੰ ਬੇਹੋਸ਼ ਕਰਕੇ ਦਰਵਾਜ਼ਾ ਤੋੜਨ ਤੋਂ ਬਾਅਦ ਅੰਦਰ ਪਏ ਸਾਮਾਨ ਦੀ ਫਰੋਲਾ-ਫਰਾਲੀ ਕੀਤੀ ਤੇ ਘਰ 'ਚ ਪਏ ਕਰੀਬ 15 ਤੋਲੇ ਸੋਨੇ ਦੇ ਗਹਿਣੇ, ਇੱਕ ਲੱਖ ਰੁਪਏ ਦੇ ਕਰੀਬ ਨਕਦੀ ਤੇ ਨਵੇਂ ਕੱਪੜੇ ਚੋਰੀ ਕਰਕੇ ਫਰਾਰ ਹੋ ਗਏ। ਜਸਵੀਰ ਸਿੰਘ ਨੇ ਦੋਸ਼ ਲਗਾਇਆ ਕਿ ਉਸ ਦੇ ਘਰ ਦੇ ਨੇੜੇ, ਜੋ ਦਰਖਤ ਖੜ੍ਹਾ ਹੈ, ਉਸ ਰਾਹੀਂ ਹੀ ਚੋਰ ਉਸ ਦੇ ਮਕਾਨ 'ਚ ਦਾਖਲ ਹੋਏ, ਜਿਸ ਸਬੰਧੀ ਉਹ ਜੰਗਲਾਤ ਵਿਭਾਗ ਨੂੰ ਪਹਿਲਾਂ ਕਈ ਵਾਰ ਬੇਨਤੀ ਕਰ ਚੁੱਕੇ ਹਨ ਕਿ ਮਕਾਨ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਇਸ ਦਰੱਖਤ ਨੂੰ ਵੱਢਿਆ ਜਾਵੇ, ਪਰ ਵਿਭਾਗ ਵੱਲੋਂ ਉਨ੍ਹਾਂ ਦੀ ਬੇਨਤੀ 'ਤੇ ਕੋਈ ਗੌਰ ਨਹੀਂ ਕੀਤੀ ਗਈ। ਖਬਰ ਲਿਖੇ ਜਾਣ ਤੱਕ ਪੁਲਸ ਦੀਆਂ ਫੌਰੈਂਸਿਕ ਟੀਮਾਂ ਵੱਲੋਂ ਘਟਨਾ ਸਥਾਨ 'ਤੇ ਜਾਂਚ ਕੀਤੀ ਜਾ ਰਹੀ ਸੀ।

# ਬੀ ਕੇ ਯੂ (ਡਕੌਂਦਾ) ਵੱਲੋਂ 26 ਨੂੰ ਚੰਡੀਗੜ੍ਹ ਗਵਰਨਰ ਦੇ ਘਿਰਾਓ ਲਈ ਅਹਿਮ ਮੀਟਿੰਗ



**ਜਗਰਾਉਂ (ਨਛੱਤਰ ਸੰਧੂ)**-ਅੱਜ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26, 27, 28 ਨਵੰਬਰ ਨੂੰ ਗਵਰਨਰ ਦੇ ਘਿਰਾਓ ਲਈ ਚੰਡੀਗੜ੍ਹ ਕੂਚ ਕਰਨ ਲਈ ਰਾਏਕੋਟ ਦੇ ਇਤਿਹਾਸਕ ਗੁਰਦੁਆਰਾ ਟਾਹਲੀਆਣਾ ਸਾਹਿਬ ਵਿਖੇ ਵੱਡੀ ਤੇ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੇ ਪ੍ਰਧਾਨਗੀ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਨੇ ਕੀਤੀ। ਇਸ ਦੌਰਾਨ ਬਲਾਕ ਰਾਏਕੋਟ ਤੇ ਪੱਖੋਵਾਲ ਦੇ ਕਿਸਾਨਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆ ਜ਼ਿਲ੍ਹਾ ਪ੍ਰਧਾਨ ਕਮਾਲਪੁਰਾ ਨੇ ਆਖਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਆਪਣੇ ਕੀਤੇ ਵਾਅਦਿਆਂ ਤੋਂ ਮੁੱਕਰ ਚੁੱਕੇ ਹਨ, ਜਿਸ ਕਰਕੇ ਐਮ ਐਸ ਪੀ ਗਾਰੰਟੀ ਕਾਨੂੰਨ ਬਣਾਉਣ, ਯਕਮੁਸ਼ਤ ਕਰਜ਼ਾ ਮੁਆਫ਼ੀ, ਚਿੱਪ ਵਾਲੇ ਮੀਟਰਾਂ ਦੇ ਮਸਲੇ, ਪਰਾਲੀ ਸਾੜਨ ਦੇ ਕੀਤੇ ਚਲਾਨ ਰੱਦ ਕਰਵਾਉਣ ਵਰਗੇ ਹੋਰ ਬਹੁਤ ਸਾਰੇ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਮਸਲਿਆਂ ਨੂੰ ਲੈ ਕੇ ਪੰਜਾਬ ਦੇ ਗਵਰਨਰ ਦਾ 26,27,28 ਨਵੰਬਰ ਨੂੰ ਘਿਰਾਓ ਕਰਨ ਲਈ ਪੂਰੇ ਜ਼ਿਲ੍ਹੇ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਟਰੈਕਟਰ ਟਰਾਲੀਆ ਲੈ ਕੇ 25 ਨਵੰਬਰ ਨੂੰ ਚੰਡੀਗੜ੍ਹ ਕੂਚ ਕਰਨਗੇ। ਇਸ ਦੌਰਾਨ ਸਾਰੇ ਬਲਾਕ ਰਾਏਕੋਟ ਦੇ ਕਿਸਾਨ ਆਗੂਆਂ ਨੇ ਰਣਧੀਰ ਸਿੰਘ ਉੱਪਲ ਬੱਸੀਆ ਨੂੰ ਸਰਬਸੰਮਤੀ ਨਾਲ ਲਗਾਤਾਰ ਤੀਸਰੀ ਵਾਰ ਬਲਾਕ ਪ੍ਰਧਾਨ ਚੁਣਿਆ ਅਤੇ ਬਲਾਕ ਪੱਖੋਵਾਲ ਦੇ ਗੁਰਵਿੰਦਰ ਸਿੰਘ ਪੱਖੋਵਾਲ ਲਗਾਤਾਰ ਦੂਜੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਦਵਿੰਦਰ ਸਿੰਘ ਕਾਉਂਕੇ ਕਲਾਂ ਨੂੰ ਜ਼ਿਲ੍ਹਾ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਗਿਆ। ਇਸ ਸਮੇਂ ਸਤਿਬੀਰ ਸਿੰਘ ਬੋਪਾਰਾਏ ਖੁਰਦ, ਮਾ. ਭੁਪਿੰਦਰ ਸਿੰਘ, ਸਾਧੂ ਸਿੰਘ ਚੱਕ ਭਾਈ ਕਾ, ਅਜੈਬ ਸਿੰਘ ਬੁੱਟਰ, ਟੇਕ ਸਿੰਘ ਧੂਰਕੋਟ, ਹਰਦੀਪ ਸਿੰਘ ਸਰਾਭਾ, ਮਨਦੀਪ ਸਿੰਘ ਰਾਜਗੜ੍ਹ, ਬਲਦੇਵ ਸਿੰਘ ਅਕਾਲਗੜ੍ਹ ਖੁਰਦ, ਹਾਕਮ ਸਿੰਘ ਬਿੰਜਲ, ਚਮਕੌਰ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ ਬੱਸੀਆ, ਅੰਮ੍ਰਿਤਪਾਲ ਸਿੰਘ ਝੋਰੜਾਂ, ਜਸਵਿੰਦਰ ਸਿੰਘ ਮਾਨ, ਦਰਸ਼ਨ ਸਿੰਘ ਜਲਾਲਦੀਵਾਲ, ਕਰਮਜੀਤ ਸਿੰਘ ਭੋਲਾ, ਬਲਕਾਰ ਸਿੰਘ ਬੋਪਾਰਾਏ ਜਗਦੀਪ ਸਿੰਘ ਕਾਲਾ ਸਿਵੀਆ, ਅਮਨਦੀਪ ਸਿੰਘ ਸਿਵੀਆ ਆਦਿ ਹਾਜ਼ਰ ਸਨ।

# ਪੰਜਗਰਾਈਆਂ ਸਕੂਲ ਵਿਖੇ ਸਾਲਾਨਾ ਦੋ ਰੋਜ਼ਾ ਸਪੋਰਟਸ ਮੀਟ ਸੰਪੰਨ

- ਵਿਧਾਇਕ ਦਿਆਲਪੁਰਾ ਮੁੱਖ ਮਹਿਮਾਨ ਵਜੋਂ ਪੁੱਜੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਦੇ ਪ੍ਰਸਿੱਧ ਪਿੰਡ ਪੰਜਗਰਾਈਆਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਦੋ ਰੋਜ਼ਾ ਸਪੋਰਟਸ ਮੀਟ ਕਰਵਾਈ ਗਈ, ਜਿਸ ਦੀ ਸ਼ੁਰੂਆਤ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਮਸ਼ਾਲ ਜਗਾ ਕੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ.ਐੱਨ.ਓ. ਹਰਨੀਤ ਸਿੰਘ ਭਾਟੀਆ ਨੇ ਦੱਸਿਆ ਕਿ ਪਹਿਲੇ ਦਿਨ ਸਕੂਲ ਦੇ ਬਣੇ ਹਾਊਸ ਰੂਬੀ, ਐਮਰਾਲਡ, ਸੈਫਾਇਰ ਤੇ ਟੋਪਾਜ ਦੀਆਂ ਵਿਦਿਆਰਥਣਾਂ ਅਤੇ ਦੂਜੇ ਦਿਨ ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਜਿਵੇਂ 100, 200, 400, 800 ਮੀਟਰ ਤੇ ਰਿਲੇਅ ਦੌੜਾਂ, ਰੱਸਾਕਸੀ, ਸ਼ਾਟਪੁੱਟ, ਜੈਵਲਿਨ ਤੇ ਡਿਸਕਸ ਥਰੋ ਆਦਿ ਤੋਂ ਇਲਾਵਾ ਸੈਕ ਰੇਸ, ਸਪੂਨ ਲੈਮਨ ਰੇਸ ਆਦਿ ਮਨੋਰੰਜਕ ਖੇਡਾਂ ਵੀ ਕਰਵਾਈਆਂ ਗਈਆਂ। ਖੇਡਾਂ ਦੀ ਸਮਾਪਤੀ ਤੋਂ ਬਾਅਦ ਪ੍ਰਿੰਸੀਪਲ ਹਰਨੀਤ ਸਿੰਘ ਭਾਟੀਆ, ਪ੍ਰਿੰਸੀਪਲ ਅਮਨਦੀਪ ਸਿੰਘ, ਪ੍ਰਿੰਸੀਪਲ ਮਨਪ੍ਰੀਤ ਸਿੰਘ, ਪ੍ਰਿੰਸੀਪਲ ਕਰਮਜੀਤ ਕੌਰ, ਪ੍ਰਿੰਸੀਪਲ ਵੰਦਨਾ ਤੇ ਪ੍ਰਿੰਸੀਪਲ ਪਰਮਜੀਤ ਕੌਰ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਤਮਗੇ ਤੇ ਟਰਾਫ਼ੀਆਂ ਵੰਡੇ ਗਏ। ਉਨ੍ਹਾ ਦੱਸਿਆ ਕਿ ਜੇਤੂ ਵਿਦਿਆਰਥੀ ਅਗਲੇ ਸਾਲ ਹੋਣ ਵਾਲੀਆਂ ਸਕੂਲ ਗੇਮਜ਼ ਤੇ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਸਕੂਲ ਦੀ ਪ੍ਰਤੀਨਿਧਤਾ ਕਰਨਗੇ। ਬੈਸਟ ਹਾਊਸ ਦਾ ਖਿਤਾਬ ਰੂਬੀ ਹਾਊਸ ਨੇ ਜਿੱਤਿਆ। ਹਾਊਸ ਇੰਚਾਰਜ ਦਵਿੰਦਰ ਕੌਰ ਤੇ ਸਹਾਇਕ ਅਧਿਆਪਕਾਂ ਨੂੰ ਕੱਪ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਜਗਮੀਤ ਸਿੰਘ ਮੱਕੜ, ਨਵਜੀਤ ਓਟਾਲ, ਪ੍ਰਵੀਨ ਮੱਕੜ, ਚੇਅਰਮੈਨ ਅਮਨਦੀਪ ਸਿੰਘ, ਪ੍ਰਧਾਨ ਸੁਖਜੀਤ ਸਿੰਘ, ਦਰਸ਼ਨ ਸਿੰਘ ਯੂ ਕੇ, ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਸਰਪੰਚ ਸਿਮਰ ਚੰਦ, ਨੰਬਰਦਾਰ ਦਰਸ਼ਨ ਸਿੰਘ, ਕੁਲਵਿੰਦਰ ਚੰਦ, ਸਮੂਹ ਐੱਸ.ਐੱਮ.ਸੀ. ਕਮੇਟੀ ਮੈਂਬਰ, ਦਵਿੰਦਰ ਕੌਰ, ਦਲਜੀਤ ਕੌਰ, ਜਸਵੰਤ ਸਿੰਘ, ਗੁਰਦੀਪ ਸਿੰਘ, ਸੁਨੀਤਾ ਰਾਣੀ, ਵਿਸ਼ਵਦੀਪ, ਰਾਧਾ, ਦੀਪ ਰਾਜਾ, ਕੁਲਭੂਸ਼ਨ, ਜਗਦੀਪ ਸਿੰਘ, ਮਨਦੀਪ ਕੌਰ, ਰਜਨਦੀਪ ਕੌਰ, ਜਤਿੰਦਰ ਪਾਲ ਸਿੰਘ, ਸੁਖਦੇਵੀ, ਬਲਵੰਤ ਸਿੰਘ, ਭੁਪਿੰਦਰ ਰਾਣਾ ਤੇ ਸਟਾਫ ਮੈਂਬਰ ਅੰਮ੍ਰਿਤ ਪਾਲ, ਜਸਬੀਰ ਸਿੰਘ, ਹਰਮਨਪ੍ਰੀਤ ਕੌਰ ਤੇ ਸੁਰਿੰਦਰ ਪਾਲ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਸੁਨੀਤਾ ਰਾਣੀ ਤੇ ਰਾਧਾ ਗਰੋਵਰ ਵੱਲੋਂ ਨਿਭਾਈ ਗਈ।

# ਡੀ ਸੀ ਨੇ ਵੱਖ-ਵੱਖ ਵਿਭਾਗਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ



**ਮੋਗਾ (ਅਮਰਜੀਤ ਬੱਬਰੀ)**

ਦੇਸ਼ ਦੇ ਵਿਕਾਸ ਪੱਖੋਂ ਪਛੜੇ 112 ਜ਼ਿਲ੍ਹਿਆਂ ਵਿੱਚ ਚਲਾਏ ਗਏ ਐਸਪੀਰੇਸ਼ਨਲ ਡਿਸਟ੍ਰਿਕਟ ਪ੍ਰੋਗਰਾਮ ਦੀ ਸਫਲਤਾ ਤੋਂ ਬਾਅਦ ਨੀਤੀ ਆਯੋਗ ਨੇ ਦੇਸ਼ ਦੇ ਸਭ ਤੋਂ ਵੱਧ ਪੱਛੜੇ ਹੋਏ 500 ਬਲਾਕਾਂ ਵਿੱਚ ਐਸਪੀਰੇਸ਼ਨਲ ਬਲਾਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਸੀ।ਇਨ੍ਹਾਂ ਬਲਾਕਾਂ ਵਿੱਚ ਪੰਜਾਬ ਦੇ ਵੀ 10 ਬਲਾਕ ਸ਼ਾਮਲ ਕੀਤੇ ਗਏ ਸਨ।ਇਨ੍ਹਾਂ ਬਲਾਕਾਂ ਵਿੱਚ ਜ਼ਿਲ੍ਹਾ ਮੋਗਾ ਦਾ ਬਲਾਕ ਨਿਹਾਲ ਸਿੰਘ ਵਾਲਾ ਵੀ ਇੱਕ ਹੈ।ਇਸ ਪ੍ਰੋਗਰਾਮ ਨਾਲ ਬਲਾਕ ਵਿੱਚ ਵਿਕਾਸ ਤੇ ਬਦਲਾਅ ਦੇ ਉਤਸ਼ਾਹਜਨਕ ਨਤੀਜੇ ਸਾਹਮਣੇ ਆਉਣ ਲੱਗੇ ਹਨ।ਸਿਹਤ, ਬਾਲ ਵਿਕਾਸ, ਖੇਤੀਬਾੜੀ ਤੇ ਹੋਰ ਕਈ ਖੇਤਰਾਂ ਵਿੱਚ ਸੁਧਾਰ ਨਜ਼ਰ ਆਉਣ ਲੱਗਾ ਹੈ।ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਇਸ ਪ੍ਰੋਗਰਾਮ ਤਹਿਤ ਬਲਾਕ ਨਿਹਾਲ ਸਿੰਘ ਵਾਲਾ ਵਿੱਚ ਕੀਤੇ ਜਾ ਰਹੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਨ ਭਾਗੀਦਾਰੀ ਨਾਲ ਅਵਿਕਸਤ ਬਲਾਕ ਦੇ ਸਰਬਪੱਖੀ ਵਿਕਾਸ ਲਈ ਕੰਮ ਕੀਤਾ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਦੇ ਸ਼ੁਰੂ ਹੋਣ ਨਾਲ ਕਈ ਅਜਿਹੇ ਖੇਤਰ ਹਨ, ਜਿੱਥੇ ਅੰਕੜੇ ਰਾਜ ਪੱਧਰੀ ਅੰਕੜਿਆਂ ਤੋਂ ਵੀ ਵਧੀਆ ਦਰਜ ਕੀਤੇ ਗਏ ਹਨ।ਇਸ ਬਲਾਕ ਦੀਆਂ ਸਿਹਤ ਸੰਸਥਾਵਾਂ ਵਿੱਚ ਜਣੇਪਾ ਦਰ ਬਹੁਤ ਵਧੀਆ ਹੋ ਗਈ ਹੈ।ਹੁਣ ਸਾਰੇ ਜਣੇਪੇ ਕਿਸੇ ਨਾ ਕਿਸੇ ਸਿਹਤ ਸੰਸਥਾ ਵਿੱਚ ਹੀ ਹੁੰਦੇ ਹਨ।ਸਾਰੇ ਆਂਗਣਵਾੜੀ ਸੈਂਟਰਾਂ ਵਿੱਚ ਬੱਚਿਆਂ ਦੀ ਸਰੀਰਕ ਮਿਣਤੀ ਰੈਗੂਲਰ ਤਰੀਕੇ ਨਾਲ ਹੋਣ ਲੱਗੀ ਹੈ ਤੇ ਹਰੇਕ ਸੈਂਟਰ ਵਿੱਚ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਹੋ ਗਈ ਹੈ।ਜ਼ਿਲ੍ਹਾ ਮੋਗਾ ਬਲਾਕ ਵਿੱਚ ਫਾਰਮਰਜ਼ ਪ੍ਰੋਡਿਊਸਰਜ਼ ਆਰਗਨਾਈਜੇਸ਼ਨ ਦੀ ਸਥਾਪਨਾ ਕਰਨ ਵਿੱਚ ਮੋਹਰੀ ਰਿਹਾ ਹੈ।ਬਲਾਕ ਵਿੱਚ ਹਰੇਕ ਪੰਜ ਕਿਲੋਮੀਟਰ ਦੇ ਦਾਇਰੇ ਵਿੱਚ ਇੱਕ ਬੈਂਕ ਦੀ ਸਹੂਲਤ ਹੈ ਤਾਂ ਜੋ ਲੋਕਾਂ ਨੂੰ ਬੈਂਕਿੰਗ ਲੋੜਾਂ ਲਈ ਦੂਰ ਨਾ ਜਾਣਾ ਪਵੇ।ਜਲ ਸਪਲਾਈ ਵਿਭਾਗ ਵੱਲੋਂ ਹਰੇਕ ਘਰ ਨੂੰ ਸਰਕਾਰੀ ਟੂਟੀ ਦੀ ਸਹੂਲਤ ਦੇਣ ਦਾ ਟੀਚਾ ਪੂਰਾ ਕਰ ਲਿਆ ਗਿਆ ਹੈ।ਇਸੇ ਤਰ੍ਹਾਂ 92 ਫੀਸਦੀ ਲੋਕਾਂ ਦੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾਉਣ ਵਿੱਚ ਵੀ ਸਫਲਤਾ ਮਿਲੀ ਹੈ, ਜਦਕਿ ਰਹਿੰਦੇ ਲਾਭਪਾਤਰੀਆਂ ਨੂੰ ਘਰ ਦੀ ਸਹੂਲਤ ਦੇਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਇਹ ਕੁਝ ਅਜਿਹੇ ਅੰਕੜੇ ਹਨ, ਜੋ ਕਿ ਰਾਜ ਪੱਧਰੀ ਅੰਕੜਿਆਂ ਤੋਂ ਵੀ ਉੱਪਰ ਹਨ।ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਇਕ ਟੀਮ ਦੇ ਤੌਰ ਉੱਤੇ ਕੰਮ ਕਰਨ ਤਾਂ ਜੋ ਬਲਾਕ ਨਿਹਾਲ ਸਿੰਘ ਵਾਲਾ ਦਾ ਸਰਬਪੱਖੀ ਵਿਕਾਸ ਕਰਵਾ ਕੇ ਇਸ ਨੂੰ ਐਸਪੀਰੇਸ਼ਨਲ ਬਲਾਕ ਪ੍ਰੋਗਰਾਮ ਦੀ ਸੂਚੀ ਵਿੱਚੋਂ ਕਢਵਾਇਆ ਜਾ ਸਕੇ।ਉਨ੍ਹਾ ਕਿਹਾ ਕਿ ਬਲਾਕ ਵਿੱਚ ਜਿਹੜੇ ਇੰਡੀਕੇਟਰਾਂ ਉੱਤੇ ਜ਼ਿਆਦਾ ਜ਼ੋਰ ਦੇਣ ਦੀ ਲੋੜ ਹੈ, ਉਥੇ ਜ਼ਿਆਦਾ ਕੰਮ ਕੀਤਾ ਜਾਵੇ।

# ਲੋਕ ਸੇਵਾ ਸੁਸਾਇਟੀ ਨੇ ਵਿਦਿਆਰਥੀਆਂ ਨੂੰ ਗਰਮ ਜਰਸੀਆਂ ਦਿੱਤੀਆਂ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਾਜਪਤ ਰਾਏ ਕੰਨਿਆ ਵਿਦਿਆਲਿਆ ਸੀਨੀਅਰ ਸਕੂਲ ਜਗਰਾਉਂ ਦੇ 150 ਵਿਦਿਆਰਥੀਆਂ ਨੂੰ ਗਰਮ ਜਰਸੀਆਂ ਦਿੱਤੀਆਂ ਗਈਆਂ। ਇਸ ਮੌਕੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ, ਮਨਪ੍ਰੀਤ ਕੌਰ ਗੇਡਰ ਨਾਇਬ ਤਹਿਸੀਲਦਾਰ ਤੇ ਮਨਮੋਹਨ ਸੇਤੀਆ ਪਟਵਾਰੀ ਨੇ ਸਕੂਲ ਵਿਦਿਆਰਥਣਾਂ ਨੂੰ ਗਰਮ ਜਰਸੀਆਂ ਤਕਸੀਮ ਕਰਦਿਆਂ ਜਿੱਥੇ ਲੋਕ ਸੇਵਾ ਸੁਸਾਇਟੀ ਵੱਲੋਂ ਨਿਰਵਿਘਨ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਤਾਰੀਫ਼ ਕੀਤੀ, ਉੱਥੇ ਵਿਦਿਆਰਥਣਾਂ ਨੂੰ ਪੂਰੀ ਲਗਨ ਨਾਲ ਪੜ੍ਹਾਈ ਕਰ ਕੇ ਆਪਣੀ ਮੰਜ਼ਿਲ ਪ੍ਰਾਪਤੀ ਲਈ ਉਤਸ਼ਾਹਤ ਵੀ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਜ਼ਮਾਨੇ ਵਿੱਚ ਲੜਕੀਆਂ ਲੜਕਿਆਂ ਨਾਲੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ, ਬਲਕਿ ਕਈ ਖੇਤਰਾਂ ਵਿੱਚ ਲੜਕੀਆਂ ਨਾਲੋਂ ਅੱਗੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਅੱਜ ਜਿਸ ਤਰ੍ਹਾਂ ਲੋਕ ਸੇਵਾ ਸੁਸਾਇਟੀ ਨੇ ਉਨ੍ਹਾਂ ਦੀ ਮਦਦ ਕੀਤੀ ਹੈ, ਉਸੇ ਤਰ੍ਹਾਂ ਉਹ ਵੀ ਭਵਿੱਖ ਵਿੱਚ ਜਦ ਸੰਭਵ ਹੋਵੇ ਜ਼ਰੂਰਤਮੰਦਾਂ ਦੀ ਮਦਦ ਕਰਨ। ਇਸ ਮੌਕੇ ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਕੰਵਲ ਕੱਕੜ ਨੇ ਦੱਸਿਆ ਸੁਸਾਇਟੀ ਵੱਲੋਂ ਇਸ ਸਕੂਲ ਨੂੰ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀ ਡਿਮਾਂਡ 'ਤੇ ਲੋੜੀਂਦਾ ਸਾਮਾਨ ਮੁਹੱਈਆ ਦਿੱਤਾ ਗਿਆ ਹੈ ਤੇ ਅੱਜ ਸਰਦੀ ਦੇ ਮੌਸਮ ਨੂੰ ਦੇਖਦੇ ਹੋਏ ਸਕੂਲ ਦੀਆਂ 150 ਵਿਦਿਆਰਥਣਾਂ ਨੂੰ ਗਰਮ ਜਰਸੀਆਂ ਦਿੱਤੀਆਂ ਗਈਆਂ ਹਨ ਤਾਂ ਕਿ ਉਹ ਠੰਢ ਤੋਂ ਬਚ ਸਕਣ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸੋਨੂੰ ਢੰਡ, ਮੁਕੇਸ਼ ਗੁਪਤਾ, ਮਿੰਟੂ ਮਲਹੋਤਰਾ, ਵਿਕਾਸ ਮਲਹੋਤਰਾ, ਪ੍ਰਿੰਸੀਪਲ ਨੀਨਾ ਤੇ ਰਿਟਾਇਰ ਪ੍ਰਿੰਸੀਪਲ ਮੰਜੂ ਗਰੋਵਰ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਦ ਵੀ ਸਕੂਲ ਵੱਲੋਂ ਕੋਈ ਮੰਗ ਸੁਸਾਇਟੀ ਕੋਲ ਰੱਖੀ ਗਈ ਤਾਂ ਸੁਸਾਇਟੀ ਨੇ ਉਸ ਨੂੰ ਫ਼ੌਰੀ ਪੂਰਾ ਕੀਤਾ ਹੈ, ਜਿਸ ਦੇ ਲਈ ਸਕੂਲ ਹਮੇਸ਼ਾ ਸੁਸਾਇਟੀ ਦਾ ਰਿਣੀ ਰਹੇਗਾ। ਇਸ ਮੌਕੇ ਸ੍ਰੀ ਕ੍ਰਿਸ਼ਨਾ ਗਊਸ਼ਾਲਾ ਤੋਂ ਨਵੀਨ ਗੋਇਲ, ਧੀਰਜ ਵਰਮਾ, ਸੋਨੂੰ ਮਲਹੋਤਰਾ, ਗਰੀਨ ਪੰਜਾਬ ਮਿਸ਼ਨ ਟੀਮ ਦੇ ਸਤਪਾਲ ਸਿੰਘ ਦੇਹੜਕਾ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਵਿਨੋਦ ਬਾਂਸਲ, ਰਜਿੰਦਰ ਜੈਨ ਕਾਕਾ, ਗੋਪਾਲ ਗੁਪਤਾ, ਅਨਿਲ ਮਲਹੋਤਰਾ, ਆਰ ਕੇ ਗੋਇਲ, ਮੁਕੇਸ਼ ਗੁਪਤਾ, ਕੈਪਟਨ ਨਰੇਸ਼ ਵਰਮਾ, ਪ੍ਰੇਮ ਬਾਂਸਲ ਤੇ ਸਮੂਹ ਸਕੂਲ ਸਟਾਫ਼ ਹਾਜ਼ਰ ਸੀ।

ਸ਼ਨੀਵਾਰ, 25 ਨਵੰਬਰ, 2023

10 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080

ਜਿਲਦ/VOL. : 72

ਅੰਕ/NO. : 175

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • SATURDAY, 25 NOVEMBER, 2023 ਜਲੰਧਰ

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in


# ਮਾਨ ਤੇ ਕਿਸਾਨਾਂ ਵਿਚਾਲੇ ਗੱਲਬਾਤ ਸਫਲ, ਧਰਨਾ ਖ਼ਤਮ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੇ ਸਮੇਂ 'ਚ ਵੀ ਗੰਨਾ ਕਾਸ਼ਤਕਾਰਾਂ ਨੂੰ ਸਭ ਤੋਂ ਵੱਧ ਭਾਅ ਦੇਣਾ ਜਾਰੀ ਰੱਖੇਗੀ। ਇੱਥੇ ਪੰਜਾਬ ਭਵਨ 'ਚ ਕਿਸਾਨ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰੇ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਗੰਨਾ ਕਾਸ਼ਤਕਾਰਾਂ ਨੂੰ ਵੱਧ ਕੀਮਤ ਦੇਣ 'ਚ ਹਮੇਸ਼ਾ ਪਹਿਲੇ ਨੰਬਰ 'ਤੇ ਰਹੀ ਹੈ ਅਤੇ ਹੁਣ ਵੀ ਇਹੀ ਰੁਝਾਨ ਜਾਰੀ ਰਹੇਗਾ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਸਟੇਟ ਐਗਰੀਡ ਪ੍ਰਾਈਸ (ਐਸ ਏ ਪੀ) ਤਹਿਤ ਗੰਨੇ ਦਾ ਭਾਅ 380 ਰੁਪਏ ਪ੍ਰਤੀ ਕੁਇੰਟਲ ਦੇ ਰਹੀ ਸੀ, ਜਿਹੜਾ ਦੇਸ਼ 'ਚ ਹੁਣ ਤੱਕ ਸਭ ਤੋਂ ਵੱਧ ਸੀ ਪਰ ਹਰਿਆਣਾ ਨੇ ਹਾਲ ਹੀ 'ਚ ਇਹ ਭਾਅ ਵਧਾ ਕੇ 386 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਸ਼ੂਗਰ ਮਿੱਲ ਮਾਲਕਾਂ ਨਾਲ ਮੀਟਿੰਗ ਮਗਰੋਂ ਸੂਬਾ ਸਰਕਾਰ ਜਲਦੀ ਹੀ ਭਾਅ ਵਿੱਚ ਵਾਧਾ ਕਰ ਕੇ ਕਿਸਾਨਾਂ ਨੂੰ ਖ਼ੁਸ਼ਖ਼ਬਰੀ ਦੇਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ 'ਚ ਪਹਿਲੀ ਦਫ਼ਾ ਸਾਡੀ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਦੇ ਪਿਛਲੀਆਂ ਸਰਕਾਰਾਂ ਵੱਲੋਂ ਛੱਡੇ ਸਾਰੇ ਬਕਾਇਆ ਦਾ ਭੁਗਤਾਨ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਸੂਬੇ 'ਚ 16 ਖੰਡ ਮਿੱਲਾਂ ਹਨ, ਜਿਨ੍ਹਾਂ ਵਿੱਚੋਂ ਨੌਂ ਸਹਿਕਾਰੀ ਖ਼ੇਤਰ ਦੀਆਂ ਹਨ ਅਤੇ ਬਾਕੀ ਪ੍ਰਾਈਵੇਟ ਖ਼ੇਤਰ ਨਾਲ ਸੰਬੰਧਤ ਹਨ। ਮਾਨ ਨੇ ਕਿਹਾ ਕਿ ਸਿਰਫ਼ ਫਗਵਾੜਾ ਤੇ ਧੂਰੀ ਦੀਆਂ ਦੋ ਪ੍ਰਾਈਵੇਟ ਮਿੱਲਾਂ ਦੀ ਅਦਾਇਗੀ ਬਕਾਇਆ ਹੈ। ਇਨ੍ਹਾਂ ਮਿੱਲਾਂ ਤੋਂ ਪੈਸੇ ਦੀ ਰਿਕਵਰੀ ਲਈ ਕਾਰਵਾਈ ਚੱਲ ਰਹੀ ਹੈ ਅਤੇ ਇਨ੍ਹਾਂ ਮਿੱਲਾਂ ਦੀਆਂ ਜਾਇਦਾਦਾਂ ਵੇਚਣ ਤੋਂ ਬਾਅਦ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਸਮਾਜ ਦੇ ਕਿਸੇ ਵੀ ਵਰਗ ਨਾਲ ਗੱਲਬਾਤ ਲਈ ਸਾਡੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ ਪਰ ਪ੍ਰਦਰਸ਼ਨਾਂ ਦੇ ਨਾਂਅ 'ਤੇ ਆਮ ਆਦਮੀ ਦੀ ਖੱਜਲ-ਖੁਆਰੀ ਬਿਲਕੁੱਲ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾ ਕਿਹਾ ਕਿ ਇਸ ਰੁਝਾਨ ਨੂੰ ਠੱਲ੍ਹ ਪਾਉਣ ਦੀ ਲੋੜ ਹੈ ਤਾਂ ਜੋ ਪ੍ਰਦਰਸ਼ਨਾਂ ਕਾਰਨ ਆਮ ਜਨਤਾ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਕਿਸਾਨ ਜਥੇਬੰਦੀਆਂ ਨੇ ਇਸ ਦਾ ਹਾਂ-ਪੱਖੀ ਹੁੰਗਾਰਾ ਭਰਿਆ ਹੈ। ਮਾਨ ਨੇ ਕਿਹਾ ਕਿ ਸਰਕਾਰ ਸਮਾਜ ਦੇ ਵੱਖ-ਵੱਖ ਵਰਗਾਂ ਦੇ ਮਸਲਿਆਂ ਦਾ ਗੱਲਬਾਤ ਰਾਹੀਂ ਹੱਲ ਕਰਨ ਲਈ ਹਮੇਸ਼ਾ ਤਿਆਰ ਹੈ ਅਤੇ ਸੜਕਾਂ ਤੇ ਰੇਲਾਂ ਰੋਕ ਕੇ ਆਮ ਆਦਮੀ ਨੂੰ ਖੱਜਲ-ਖੁਆਰ ਕਰਨ ਦੇ ਰੁਝਾਨ ਨੂੰ ਜ਼ਰੂਰ ਤਿਆਗਿਆ ਜਾਵੇ। ਉਨ੍ਹਾ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਕਿਸਾਨਾਂ ਨੇ ਵਡੇਰੇ ਜਨਤਕ ਹਿੱਤ ਵਿੱਚ ਰੇਲ ਤੇ ਸੜਕੀ ਆਵਾਜਾਈ ਖੋਲ੍ਹਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਚਾਰ-ਵਟਾਂਦਰੇ ਦੀ ਪ੍ਰਕਿਰਿਆ 'ਚ ਕੋਈ ਵੀ ਜੇਤੂ ਜਾਂ ਹਾਰਿਆ ਹੋਇਆ ਨਹੀਂ ਹੁੰਦਾ ਕਿਉਂਕਿ ਹਰੇਕ ਫੈਸਲਾ ਸੂਬੇ ਦੀ ਭਲਾਈ ਯਕੀਨੀ ਬਣਾਉਣ ਦੇ ਉਦੇਸ਼ ਨਾਲ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ 'ਚ ਪਰਾਲੀ ਫੂਕਣ ਦੇ ਖ਼ਤਰੇ ਨੂੰ ਠੱਲ੍ਹ ਪਾਉਣ ਲਈ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ। ਉਨ੍ਹਾ ਕਿਹਾ ਕਿ ਇਹ ਕਿੰਨੀ ਅਜੀਬ ਗੱਲ ਹੈ ਕਿ ਏਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਦਿੱਲੀ 'ਚ ਹਵਾ ਦੀ ਗੁਣਵੱਤਾ ਖ਼ਰਾਬ ਹੋਣ ਲਈ ਪੰਜਾਬ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਮਾਨ ਨੇ ਕਿਹਾ ਕਿ ਇਹ ਕਿੰਨੀ ਨਾਵਾਜਬ ਗੱਲ ਹੈ ਕਿ ਪੰਜਾਬ ਨੇ ਉਹ ਸਭ ਕੁਝ ਕੀਤਾ, ਜਿਹੜਾ ਇਸ ਖ਼ਤਰੇ ਨੂੰ ਰੋਕਣ ਲਈ ਦੂਜੇ ਸੂਬਿਆਂ ਨੇ ਕੀਤਾ ਪਰ ਫਿਰ ਵੀ ਬਿਨਾਂ ਕਿਸੇ ਕਾਰਨ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਪਰਾਲੀ ਨਾ ਫੂਕਣ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਵਿੱਤੀ ਲਾਭ ਦੇਣ ਦੀ ਵਕਾਲਤ ਕੀਤੀ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਬਦਲਵੀਆਂ ਫ਼ਸਲਾਂ ਉਤੇ ਵੀ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦੀ ਆਮਦਨ 'ਚ ਵਾਧਾ ਹੋਵੇ। ਮਾਨ ਨੇ ਕਿਹਾ ਕਿ ਇਸ ਨਾਲ ਕਿਸਾਨ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲਣ ਲਈ ਉਤਸ਼ਾਹਤ ਹੋਣਗੇ ਅਤੇ ਉਨ੍ਹਾਂ ਦੀ ਆਮਦਨ ਵੀ ਵਧੇਗੀ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਸੁਚੇਤ ਕੀਤਾ ਕਿ ਉਹ ਝੋਨੇ ਉਤੇ ਐਮ ਐਸ ਪੀ ਖ਼ਤਮ ਕਰਨ ਬਾਰੇ ਕਿਸਾਨਾਂ ਨੂੰ ਧਮਕਾਉਣਾ ਛੱਡੇ। ਉਨ੍ਹਾ ਕਿਹਾ ਕਿ ਇਸ ਦੀ ਬਜਾਏ ਕੇਂਦਰ ਸਰਕਾਰ ਪਰਾਲੀ ਫੂਕਣ ਦੀ ਸਮੱਸਿਆ ਖ਼ਤਮ ਕਰਨ ਲਈ ਕੋਈ ਟਿਕਾਊ ਹੱਲ ਲੱਭਣ ਲਈ ਦਖ਼ਲ ਦੇਵੇ ਕਿਉਂਕਿ ਇਹ ਹੁਣ ਪੂਰੇ ਉੱਤਰ ਭਾਰਤ ਅਤੇ ਮੱਧ ਭਾਰਤ ਦੀ ਸਮੱਸਿਆ ਹੈ। ਮਾਨ ਨੇ ਟਿੱਪਣੀ ਕੀਤੀ ਕਿ ਜੇ ਪ੍ਰਧਾਨ ਮੰਤਰੀ ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੇ ਸੰਕਟ ਨੂੰ ਹੱਲ ਕਰਨ ਦੀ ਸ਼ੇਖ਼ੀ ਮਾਰ ਸਕਦੇ ਹਨ ਤਾਂ ਇਸ ਦੇ ਮੁਕਾਬਲੇ ਇਹ ਉਨ੍ਹਾਂ ਲਈ ਬਹੁਤ ਛੋਟਾ ਮਸਲਾ ਹੈ ਪਰ ਇਸ ਨਾਲ ਦੇਸ਼ ਦਾ ਵਾਤਾਵਰਣ ਬਚਾਉਣ 'ਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਸਪੱਸ਼ਟ ਆਖਿਆ ਕਿ ਪੰਜਾਬ ਨੇ ਅਨਾਜ ਉਤਪਾਦਨ 'ਚ ਮੁਲਕ ਨੂੰ ਆਤਮ ਨਿਰਭਰ ਬਣਾਇਆ ਅਤੇ ਕੇਂਦਰ ਸਰਕਾਰ ਨੂੰ ਇਸ ਮਸਲੇ ਉਤੇ ਸੂਬੇ ਦੇ ਮਿਹਨਤੀ ਕਿਸਾਨਾਂ ਨੂੰ ਆਪਣੇ ਰਹਿਮੋ-ਕਰਮ 'ਤੇ ਨਹੀਂ ਛੱਡਣਾ ਚਾਹੀਦਾ। ਉਨ੍ਹਾ ਕਿਹਾ ਕਿ ਕਿਸਾਨਾਂ ਤੇ ਖੇਤੀਬਾੜੀ ਖ਼ੇਤਰ ਨਾਲ ਮਤਰੇਈ ਮਾਂ ਵਾਲਾ ਵਿਵਹਾਰ ਕਰਨ ਦੀ ਬਜਾਏ ਕੇਂਦਰ ਸਰਕਾਰ ਨੂੰ ਖੇਤੀਬਾੜੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ।

ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਪੰਜਾਬ ਨਾਲ ਸੰਬੰਧਤ ਇਹ ਸਾਰੇ ਮਸਲੇ ਸੰਸਦ ਦੇ ਆਗਾਮੀ ਸੈਸ਼ਨ 'ਚ ਉਠਾਉਣਗੇ। ਮੁੱਖ ਮੰਤਰੀ ਨੇ ਇਹ ਵੀ ਉਮੀਦ ਜਤਾਈ ਕਿ ਪੰਜਾਬ ਦੇ ਰਾਜਪਾਲ ਸਾਰੇ ਬਕਾਇਆ ਬਿੱਲਾਂ ਨੂੰ ਛੇਤੀ ਮਨਜ਼ੂਰੀ ਦੇਣਗੇ। ਉਨ੍ਹਾ ਕਿਹਾ ਕਿ ਇਸ ਸੰਬੰਧੀ ਸੁਪਰੀਮ ਕੋਰਟ ਨੇ ਸਪੱਸ਼ਟ ਫੈਸਲਾ ਦਿੱਤਾ ਹੈ ਪਰ ਇਸ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲ ਰਾਜਪਾਲ ਕੋਲ ਲੰਬਿਤ ਪਏ ਹਨ। ਮਾਨ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਜਦੋਂ ਰਾਜਪਾਲ ਨੂੰ ਆਪਣੇ ਸੰਵਿਧਾਨਕ ਤੇ ਵਿਧਾਨਕ ਫ਼ਰਜ਼ ਨਿਭਾਉਣੇ ਚਾਹੀਦੇ ਹਨ ਤਾਂ ਕਿ ਸੂਬੇ 'ਚ ਚੁਣੀ ਹੋਈ ਸਰਕਾਰ ਸੁਚਾਰੂ ਤਰੀਕੇ ਨਾਲ ਕੰਮ ਕਰ ਸਕੇ।

## ਗੰਨੇ ਦਾ ਸਭ ਤੋਂ ਵੱਧ ਭਾਅ ਦੇਵਾਂਗੇ : ਮੁੱਖ ਮੰਤਰੀ



## ਮਾਨ ਨੇ ਬਕਾਇਆ ਬਿੱਲਾਂ ਲਈ ਰਾਜਪਾਲ ਨੂੰ ਫਿਰ ਪੱਤਰ ਲਿਖਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵਾਰ ਫਿਰ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਪੱਤਰ ਲਿਖਿਆ ਹੈ। ਇਸ ਵਾਰ ਉਨ੍ਹਾ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਰਾਜਪਾਲ ਤੋਂ ਬਕਾਇਆ ਬਿੱਲਾਂ 'ਤੇ ਦਸਤਖਤ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਪੰਜ ਬਿੱਲਾਂ ਵਿੱਚੋਂ 4 ਬਿੱਲ 19-20 ਜੂਨ ਨੂੰ ਹੋਏ ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ 'ਚ ਪਾਸ ਕੀਤੇ ਗਏ ਸਨ। ਮੁੱਖ ਮੰਤਰੀ ਮਾਨ ਨੇ ਪੱਤਰ ਵਿਚ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ 'ਚ ਸਪੱਸ਼ਟ ਸੰਵਿਧਾਨਕ ਜ਼ਿੰਮੇਵਾਰੀ ਅਤੇ ਲੋਕਤੰਤਰ ਦੀ ਭਾਵਨਾ ਨੂੰ ਮੁੱਖ ਰੱਖਦਿਆਂ 5 ਬਿੱਲਾਂ ਨੂੰ ਤੁਰੰਤ ਮਨਜ਼ੂਰੀ ਦੇਣ ਦੀ ਗੱਲ ਕਹੀ ਗਈ ਹੈ। ਰਾਜਪਾਲ ਕੋਲ ਫੈਸਲੇ ਲਈ ਪੈਂਡਿੰਗ ਬਿੱਲਾਂ 'ਚ ਸ਼ਾਮਲ ਹਨ : ਸਿੱਖ ਗੁਰਦੁਆਰਾ (ਸੋਧ) ਬਿੱਲ, 2023; ਪੰਜਾਬ ਪੁਲਸ (ਸੋਧ) ਬਿੱਲ, 2023; ਪੰਜਾਬ ਐਫੀਲੀਏਟਿਡ ਕਾਲਜ (ਸੇਵਾ ਦੀ ਸੁਰੱਖਿਆ) (ਸੋਧ) ਬਿੱਲ, 2023; ਪੰਜਾਬ ਯੂਨੀਵਰਸਿਟੀ ਕਾਨੂੰਨ (ਸੋਧ) ਬਿੱਲ, 2023; ਅਤੇ ਪੰਜਾਬ ਰਾਜ ਵਿਜੀਲੈਂਸ ਕਮਿਸਨ (ਰਿਪੀਲ) ਬਿੱਲ, 2022। ਇਸੇ ਦੌਰਾਨ ਰਾਜਪਾਲ ਨੇ ਮੁੱਖ ਮੰਤਰੀ ਨੂੰ ਜਵਾਬੀ ਪੱਤਰ ਵਿਚ ਕਿਹਾ ਹੈ ਕਿ ਇਹ ਮਾਮਲਾ ਉਨ੍ਹਾ ਦੇ ਸਰਗਰਮ ਵਿਚਾਰ ਅਧੀਨ ਹੈ ਅਤੇ ਸੁਪਰੀਮ ਕੋਰਟ ਦੇ 10 ਨਵੰਬਰ ਦੇ ਫੈਸਲੇ ਨੂੰ ਧਿਆਨ 'ਚ ਰੱਖਦੇ ਹੋਏ, ਕਾਨੂੰਨ ਦੇ ਅਨੁਸਾਰ ਢੁਕਵਾਂ ਫੈਸਲਾ ਜਲਦੀ ਲਿਆ ਜਾਵੇਗਾ।

# ਕੀਤੇ ਕੰਮ ਦੇ ਪੈਸੇ ਮੰਗਣ 'ਤੇ ਦਲਿਤ ਮਜ਼ਦੂਰ ਤੋਂ ਮੂੰਹ 'ਚ ਸੈਂਡਲ ਪੁਆ ਕੇ ਮੁਆਫੀ ਮੰਗਵਾਈ

**ਅਹਿਮਦਾਬਾਦ** : ਗੁਜਰਾਤ ਦੀ ਮੋਰਬੀ ਸਿਟੀ ਪੁਲਸ ਨੇ ਮਹਿਲਾ ਬਿਜ਼ਨਸਮੈਨ ਤੇ ਘੱਟੋ ਘੱਟ 6 ਹੋਰਨਾਂ ਖਿਲਾਫ ਕੇਸ ਦਰਜ ਕੀਤਾ ਹੈ ਜਿਨ੍ਹਾਂ ਨੇ ਬੁੱਧਵਾਰ 21 ਸਾਲਾ ਦਲਿਤ ਮਜ਼ਦੂਰ ਤੋਂ ਮੂੰਹ ਵਿਚ ਸੈਂਡਲ ਪੁਆ ਕੇ ਮੁਆਫੀ ਮੰਗਵਾਈ। ਮਜ਼ਦੂਰ ਦਾ ਕਸੂਰ ਇਹ ਸੀ ਕਿ ਉਸਨੇ ਕੀਤੇ ਕੰਮ ਦੇ ਪੈਸੇ ਮੰਗ ਲਏ ਸਨ।

ਪੁਲਸ ਨੇ ਨਿਲੇਸ਼ ਦਲਸਾਨੀਆ ਦੀ ਸ਼ਿਕਾਇਤ 'ਤੇ ਮਹਿਲਾ ਬਿਜ਼ਨਸਮੈਨ ਵਿਭੂਤੀ ਪਟੇਲ ਉਰਫ ਰਾਨੀਬਾ, ਉਸਦੇ ਭਰਾ ਓਮ ਪਟੇਲ ਤੇ ਮੈਨੇਜਰ ਪ੍ਰੀਕਸ਼ਤ ਪਟੇਲ ਅਤੇ ਹੋਰਨਾਂ ਖਿਲਾਫ ਐੱਫ ਆਈ ਆਰ ਦਰਜ ਕੀਤੀ ਹੈ। ਰਾਨੀਬਾ 'ਰਾਨੀਬਾ ਇੰਡਸਟ੍ਰੀਜ਼ ਪਾਈਵੇਟ ਲਿਮਟਿਡ' ਦੀ ਮਾਲਕ ਹੈ। ਅਕਤੂਬਰ ਦੇ ਸ਼ੁਰੂ ਵਿਚ ਉਸਨੇ ਟਾਈਲਜ਼ ਮਾਰਕੀਟਿੰਗ ਵਿਚ ਕੰਮ ਕਰਦੇ ਨਿਲੇਸ਼ ਨੂੰ 12 ਹਜ਼ਾਰ ਰੁਪਏ ਤਨਖਾਹ 'ਤੇ ਰੱਖਿਆ ਸੀ ਪਰ 18 ਅਕਤੂਬਰ ਨੂੰ ਕੱਢ ਦਿੱਤਾ। ਜਦੋਂ ਨਿਲੇਸ਼ ਨੇ 16 ਦਿਨਾਂ ਦੇ ਪੈਸੇ ਮੰਗੇ ਤਾਂ ਕੋਰਾ ਜਵਾਬ ਦੇ ਦਿੱਤਾ। ਨਿਲੇਸ਼ ਆਪਣੇ ਭਰਾ ਮੇਹੁਲ ਤੇ ਗਵਾਂਢੀ ਭਾਵੇਸ਼ ਨੂੰ ਲੈ ਕੇ ਬੁੱਧਵਾਰ ਸ਼ਾਮੀਂ ਰਾਨੀਬਾ ਦੇ ਦਫਤਰ ਗਿਆ ਤਾਂ ਓਮ ਪਟੇਲ ਆਪਣੇ ਸਾਥੀਆਂ ਨਾਲ ਉੱਥੇ ਪੁੱਜਾ ਤੇ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਰਾਨੀਬਾ ਨੇ ਵੀ ਨਿਲੇਸ਼ ਦੇ ਥੱਪੜ ਮਾਰਿਆ ਤੇ ਉਸਨੂੰ ਖਿੱਚ ਕੇ ਦਫਤਰ ਦੇ ਟੈਰੇਸ 'ਤੇ ਲੈ ਗਈ। ਪ੍ਰੀਕਸ਼ਤ ਪਟੇਲ, ਓਮ ਪਟੇਲ ਤੇ ਛੇ-ਸੱਤ ਹੋਰਨਾਂ ਨੇ ਉਸਨੂੰ ਬੈਲਟਾਂ ਨਾਲ ਕੁੱਟਿਆ ਤੇ ਠੁੱਡੇ ਮਾਰੇ। ਰਾਨੀਬਾ ਨੇ ਉਸਨੂੰ ਆਪਣਾ ਸੈਂਡਲ ਮੂੰਹ ਵਿਚ ਪੁਆ ਕੇ ਪੈਸੇ ਮੰਗਣ ਦੀ ਗੁਸਤਾਖੀ ਕਰਨ ਲਈ ਮੁਆਫੀ ਮੰਗਣ ਲਈ ਮਜਬੂਰ ਕੀਤਾ। ਉਸਨੇ ਇਹ ਵੀ ਕਿਹਾ ਕਿ ਜੇ ਉਹ ਰਾਵਾਪਾਰ ਕਰਾਸਰੋਡ ਇਲਾਕੇ ਵਿਚ ਦੁਬਾਰਾ ਨਜ਼ਰ ਆਇਆ ਤਾਂ ਉਸਨੂੰ ਖਤਮ ਕਰ ਦਿੱਤਾ ਜਾਵੇਗਾ। ਹਮਲਾਵਰਾਂ ਨੇ ਉਸਦੀ ਇਹ ਕਹਿੰਦਿਆਂ ਦੀ ਵੀਡੀਓ ਵੀ ਬਣਾ ਲਈ ਕਿ ਉਹ ਦਫਤਰ ਵਿਚ ਫਿਰੌਤੀ ਲੈਣ ਆਇਆ ਸੀ। ਵੀਡੀਓ ਵਿਚ ਮੁਲਜ਼ਮ ਉਸਨੂੰ ਤਨਖਾਹ ਮੰਗਣ ਦੀ ਗੁਸਤਾਖੀ ਕਰਨ ਦੀ ਮੁਆਫੀ ਮੰਗਣ ਲਈ ਮਜਬੂਰ ਕਰਦੇ ਨਜ਼ਰ ਆ ਰਹੇ ਹਨ। ਘਰ ਪਹੁੰਚਣ 'ਤੇ ਘਰਦਿਆਂ ਨੂੰ ਨਿਲੇਸ਼ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਾਇਆ। ਉਹ ਅਜੇ ਹਸਪਤਾਲ ਵਿਚ ਹੀ ਹੈ। ਪੁਲਸ ਨੇ ਕੇਸ ਤਾਂ ਦਰਜ ਕਰ ਲਿਆ ਪਰ ਗ੍ਰਿਫਤਾਰੀ ਕੋਈ ਨਹੀਂ ਹੋਈ ਸੀ।



ਹਸਪਤਾਲ ਦਾਖਲ ਨਿਲੇਸ਼।

# ਰਾਜਪਾਲ ਬਿੱਲ ਅਣਮਿੱਥੇ ਸਮੇਂ ਲਈ ਨਹੀਂ ਰੋਕ ਸਕਦਾ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਕਿਹਾ ਹੈ ਕਿ ਰਾਜਪਾਲ ਬਿਨਾਂ ਕਾਰਵਾਈ ਕੀਤੇ ਬਿੱਲਾਂ ਨੂੰ ਅਣਮਿੱਥੇ ਸਮੇਂ ਲਈ ਰੋਕ ਕੇ ਨਹੀਂ ਰੱਖ ਸਕਦੇ। ਅਦਾਲਤ ਨੇ ਇਹ ਵੀ ਕਿਹਾ ਕਿ ਰਾਜ ਦੇ ਅਣਚੁਣੇ ਮੁਖੀ ਹੋਣ ਦੇ ਨਾਤੇ ਰਾਜਪਾਲ ਨੂੰ ਸੰਵਿਧਾਨਕ ਸ਼ਕਤੀਆਂ ਪ੍ਰਾਪਤ ਹਨ, ਪਰ ਉਹ ਇਨ੍ਹਾਂ ਦੀ ਵਰਤੋਂ ਰਾਜ ਵਿਧਾਨ ਸਭਾਵਾਂ ਵੱਲੋਂ ਕਾਨੂੰਨ ਬਣਾਉਣ ਦੀ ਆਮ ਪ੍ਰਕਿਰਿਆ ਨੂੰ ਢਾਹ ਲਾਉਣ ਲਈ ਨਹੀਂ ਕਰ ਸਕਦੇ। ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਕਿਹਾ ਕਿ ਅਜਿਹੀ ਕਾਰਵਾਈ ਸੰਵਿਧਾਨਕ ਲੋਕਤੰਤਰ ਦੇ ਬੁਨਿਆਦੀ ਸਿਧਾਂਤਾਂ ਦੇ ਉਲਟ ਹੋਵੇਗੀ, ਜੋ ਸ਼ਾਸਨ ਦੇ ਸੰਸਦੀ ਰੂਪ 'ਤੇ ਆਧਾਰਤ ਹੈ। ਬੈਂਚ ਨੇ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ 10 ਨਵੰਬਰ ਦੇ ਆਪਣੇ ਹੁਕਮ 'ਚ ਕਿਹਾ ਕਿ ਜੇ ਰਾਜਪਾਲ ਕਿਸੇ ਬਿੱਲ ਦੀ ਮਨਜ਼ੂਰੀ ਨੂੰ ਰੋਕਣ ਦਾ ਫੈਸਲਾ ਕਰਦਾ ਹੈ ਤਾਂ ਉਸ ਨੂੰ ਬਿੱਲ ਨੂੰ ਮੁੜ ਵਿਚਾਰ ਲਈ ਵਿਧਾਨ ਸਭਾ ਨੂੰ ਵਾਪਸ ਭੇਜਣਾ ਪਵੇਗਾ।

## ਚੱਢਾ ਦਾ ਰਾਜਪਾਲ ਤੇ ਉਪ ਰਾਜਪਾਲ ਨੂੰ ਮਸ਼ਵਰਾ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸ਼ੁੱਕਰਵਾਰ ਕਿਹਾ ਕਿ ਪੰਜਾਬ ਦੇ ਰਾਜਪਾਲ ਅਤੇ ਦਿੱਲੀ ਦੇ ਉਪ ਰਾਜਪਾਲ ਨੂੰ ਰਾਜਪਾਲਾਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਅਧਿਐਨ ਕਰਨ ਦੀ ਲੋੜ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਰਾਜਪਾਲ ਬਿਨਾਂ ਕਾਰਵਾਈ ਕੀਤੇ ਬਿੱਲਾਂ ਨੂੰ ਅਣਮਿੱਥੇ ਸਮੇਂ ਲਈ ਰੋਕ ਨਹੀਂ ਸਕਦੇ।

## ਟਰਮੀਨਲ ਉਡਾਉਣ ਦੀ ਧਮਕੀ ਦੇਣ ਵਾਲਾ ਗ੍ਰਿਫ਼ਤਾਰ

**ਮੁੰਬਈ** : ਛਤਰਪਤੀ ਸ਼ਿਵਾਜੀ ਮਹਾਰਾਜ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ 2 ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ ਨੂੰ ਪੁਲਸ ਨੇ ਸ਼ੁੱਕਰਵਾਰ ਕੇਰਲਾ ਤੋਂ ਗ੍ਰਿਫ਼ਤਾਰ ਕਰ ਲਿਆ। ਵੀਰਵਾਰ ਈਮੇਲ ਭੇਜਣ ਵਾਲੇ ਨੇ ਅਜਿਹਾ ਨਾ ਕਰਨ ਦੇ ਬਦਲੇ ਵਿਚ ਬਿਟਕੁਆਇਨ ਵਿਚ 10 ਲੱਖ ਅਮਰੀਕੀ ਡਾਲਰ ਦੀ ਮੰਗ ਕੀਤੀ ਸੀ।

## ਅਫਗਾਨੀ ਦੂਤਘਰ ਬੰਦ

**ਨਵੀਂ ਦਿੱਲੀ** : ਭਾਰਤ ਵਿਚ ਅਫਗਾਨਿਸਤਾਨ ਦੇ ਦੂਤਘਰ ਨੇ 'ਭਾਰਤ ਸਰਕਾਰ ਵੱਲੋਂ ਪੇਸ਼ ਕੀਤੀਆਂ ਚੁਣੌਤੀਆਂ' ਦਾ ਹਵਾਲਾ ਦਿੰਦੇ ਹੋਏ ਆਪਣੇ ਕੰਮਕਾਜ ਨੂੰ ਪੱਕੇ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਹੈ। ਦੂਤਘਰ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਸਮਰਥਨ ਨਾ ਮਿਲਣ, ਅਫਗਾਨਿਸਤਾਨ ਦੇ ਹਿੱਤਾਂ ਨੂੰ ਪੂਰਾ ਨਾ ਕਰਨ ਅਤੇ ਕਰਮਚਾਰੀਆਂ ਤੇ ਸਾਧਨਾਂ ਦੀ ਕਮੀ ਕਾਰਨ ਇਹ ਕਦਮ ਚੁੱਕਿਆ ਗਿਆ ਹੈ। ਅਫਗਾਨਿਸਤਾਨ ਵਿਚ ਤਾਲਿਬਾਨ ਦੇ ਮੁੜ ਸੱਤਾ ਵਿਚ ਆਉਣ ਕਾਰਨ ਦੂਤਘਰ ਦਾ ਚੱਲਣਾ ਔਖਾ ਹੋ ਗਿਆ ਸੀ।

## ਕਤਰ ਦੀ ਕੋਰਟ ਵੱਲੋਂ ਅਪੀਲ ਸਵੀਕਾਰ

**ਨਵੀਂ ਦਿੱਲੀ** : ਕਤਰ ਦੀ ਅਦਾਲਤ ਨੇ ਭਾਰਤੀ ਜਲ ਸੈਨਾ ਦੇ 8 ਸਾਬਕਾ ਕਰਮਚਾਰੀਆਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਖਿਲਾਫ ਅਪੀਲ ਦਸਤਾਵੇਜ਼ ਨੂੰ ਸਵੀਕਾਰ ਕਰ ਲਿਆ ਹੈ। ਇਹ ਅਪੀਲ ਭਾਰਤ ਨੇ ਦਾਇਰ ਕੀਤੀ ਹੈ। ਇਨ੍ਹਾਂ ਭਾਰਤੀਆਂ ਨੂੰ ਜਾਸੂਸੀ ਦੇ ਦੋਸ਼ 'ਚ ਸਜ਼ਾ ਸੁਣਾਈ ਗਈ ਹੈ।

## ਡਬਲਿਨ 'ਚ ਬੱਚਿਆਂ 'ਤੇ ਹਮਲੇ ਤੋਂ ਬਾਅਦ ਹਿੰਸਾ

**ਲੰਡਨ** : ਆਇਰਲੈਂਡ ਦੀ ਰਾਜਧਾਨੀ ਡਬਲਿਨ 'ਚ ਵੀਰਵਾਰ ਸਕੂਲ ਦੇ ਬਾਹਰ ਚਾਕੂ ਨਾਲ ਕੀਤੇ ਹਮਲੇ 'ਚ ਤਿੰਨ ਬੱਚਿਆਂ ਅਤੇ ਇੱਕ ਔਰਤ ਦੇ ਜ਼ਖਮੀ ਹੋਣ ਤੋਂ ਬਾਅਦ ਹਿੰਸਕ ਝੜਪਾਂ ਹੋਈਆਂ, ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਦੰਗਾ ਪੁਲਸ ਉੱਤੇ ਹਮਲਾ ਕੀਤਾ ਗਿਆ। ਚਾਕੂ ਦੇ ਹਮਲੇ 'ਚ ਪੰਜ ਸਾਲਾ ਬੱਚੀ ਗੰਭੀਰ ਜ਼ਖਮੀ ਹੋ ਗਈ। ਹਮਲੇ ਦੀ ਖਬਰ ਮਿਲਦਿਆਂ ਹੀ ਘੱਟੋ-ਘੱਟ 100 ਲੋਕ ਸੜਕਾਂ 'ਤੇ ਆ ਗਏ ਤੇ ਹਿੰਸਾ ਸ਼ੁਰੂ ਹੋ ਗਈ।

## ਵਿਦੇਸ਼ੀ ਮੁਦਰਾ ਭੰਡਾਰ ਵਧਿਆ

**ਨਵੀਂ ਦਿੱਲੀ** : ਭਾਰਤੀ ਰਿਜ਼ਰਵ ਬੈਂਕ ਨੇ ਸ਼ੁੱਕਰਵਾਰ ਖੁਲਾਸਾ ਕੀਤਾ ਕਿ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 17 ਨਵੰਬਰ ਨੂੰ ਖਤਮ ਹੋਏ ਹਫਤੇ 'ਚ 5.08 ਅਰਬ ਡਾਲਰ ਵਧ ਕੇ 595.40 ਅਰਬ ਡਾਲਰ ਹੋ ਗਿਆ ਹੈ।

# ਸੜਕ ਸੁਰੱਖਿਆ ਫੋਰਸ ਮੈਪਲਸ ਐਪ ਦੀ ਸਹਾਇਤਾ ਲਏਗੀ





**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਹੱਤਵਪੂਰਨ ਪ੍ਰੋਜੈਕਟ 'ਸੜਕ ਸੁਰੱਖਿਆ ਫੋਰਸ' ਦੀ ਸ਼ੁਰੂਆਤ ਤੋਂ ਪਹਿਲਾਂ, ਪੰਜਾਬ ਪੁਲਸ ਮੈਪਮਾਈਇੰਡੀਆ ਦੀ ਮੈਪਲਸ ਐਪ, ਜਿਸ ਨੂੰ ਵਿਸ਼ੇਸ਼ ਤੌਰ 'ਤੇ ਭਾਰਤ ਲਈ 100 ਫ਼ੀਸਦ ਸਵਦੇਸੀ ਐਪ ਵਜੋਂ ਤਿਆਰ ਕੀਤਾ ਗਿਆ ਹੈ, ਦੀ ਸਹਾਇਤਾ ਲੈਣ ਲਈ ਪੂਰੀ ਤਰ੍ਹਾਂ ਤਿਆਰ ਹੈ, ਤਾਂ ਜੋ ਰੀਅਲ-ਟਾਈਮ ਟ੍ਰੈਫਿਕ ਅਪਡੇਟਸ ਅਤੇ ਸੁਰੱਖਿਆ ਚੇਤਾਵਨੀਆਂ ਨਾਲ ਯਾਤਰੀਆਂ ਦਾ ਮਾਰਗਦਰਸ਼ਨ ਕੀਤਾ ਜਾ ਸਕੇ। ਐਸ ਐਸ ਐਫ ਇੱਕ ਵਿਸ਼ੇਸ਼ ਪੁਲਸ ਟੀਮ ਹੈ ਜੋ ਸੜਕ ਸੁਰੱਖਿਆ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅਪਰਾਧੀਆਂ ਦਾ ਪਿੱਛਾ ਕਰਨ ਲਈ ਸਮਰਪਤ ਹੈ। ਏ ਡੀ ਜੀ ਪੀ ਟ੍ਰੈਫਿਕ ਅਮਰਦੀਪ ਸਿੰਘ ਰਾਏ ਨੇ ਕਿਹਾ ਕਿ ਮੈਪਮਾਈਇੰਡੀਆ ਦੇ ਸਹਿਯੋਗ ਨਾਲ ਸੂਬੇ ਭਰ 'ਚ ਟ੍ਰੈਫਿਕ ਪ੍ਰਬੰਧਨ ਨੂੰ ਸੁਚਾਰੂ ਬਣਾਉਣ ਦੇ ਨਾਲ-ਨਾਲ ਬਿਨਾਂ ਕਿਸੇ ਲਾਗਤ ਦੇ ਨਾਗਰਿਕਾਂ, ਯਾਤਰੀਆਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਲਈ ਸਾਡੇ ਯਤਨਾਂ ਵਿੱਚੋਂ ਇੱਕ ਵਿਸ਼ੇਸ਼ ਕਦਮ ਹੈ। ਉਨ੍ਹਾ ਅੱਗੇ ਕਿਹਾ-ਅਸੀਂ ਆਪਣੇ ਨਾਗਰਿਕਾਂ ਲਈ ਵਧੇਰੇ ਸੁਰੱਖਿਅਤ ਰੋਡਵੇਜ਼ ਬਣਾਉਣ ਲਈ ਰੀਅਲ-ਟਾਈਮ ਜਾਣਕਾਰੀ ਪ੍ਰਦਾਨ ਕਰਨ ਅਤੇ ਜਨਤਕ ਭਾਗੀਦਾਰੀ ਲਈ ਉਤਸ਼ਾਹਤ ਹਾਂ। ਮੈਪਮਾਈਇੰਡੀਆ ਦੀ ਮੈਪਲਸ ਟੀਮ ਵੱਲੋਂ ਪਹਿਲਾਂ ਹੀ ਕਪੂਰਥਲਾ ਵਿਖੇ ਸੜਕ ਸੁਰੱਖਿਆ ਫੋਰਸ ਦੇ ਕਰਮਚਾਰੀਆਂ ਲਈ ਇੱਕ ਮਹੱਤਵਪੂਰਨ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਜਾ ਚੁੱਕਾ ਹੈ ਤਾਂ ਜੋ ਸਰਕਾਰੀ ਪ੍ਰਣਾਲੀਆਂ ਨਾਲ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਕਰਕੇ ਟ੍ਰੈਫਿਕ ਪ੍ਰਬੰਧਨ ਅਤੇ ਸੁਰੱਖਿਆ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਜਾ ਸਕੇ।

ਜ਼ਿਕਰਯੋਗ ਹੈ ਕਿ ਮੈਪਮਾਈਇੰਡੀਆ ਦੀ ਮੈਪਲਸ ਐਪ ਪੰਜਾਬ ਟ੍ਰੈਫਿਕ ਪੁਲਸ ਵੱਲੋਂ ਡਿਜੀਟਲ ਨਕਸ਼ਿਆਂ, ਨੈਵੀਗੇਸ਼ਨ ਜਾਣਕਾਰੀ ਦੇ ਨਾਲ-ਨਾਲ ਸਲਾਹਾਂ ਅਤੇ ਯੋਜਨਾਵਾਂ ਨਾਲ ਜੁੜੀ ਆਪਣੀ ਵੈੱਬ ਅਤੇ ਮੋਬਾਈਲ-ਅਧਾਰਤ ਐਪ ਨਾਗਰਿਕਾਂ ਨੂੰ ਮੁਫਤ ਵਿੱਚ ਪ੍ਰਦਾਨ ਕਰੇਗੀ। ਮੈਪਲਸ ਐਪ ਰੋਜ਼ਾਨਾ ਟ੍ਰੈਫਿਕ ਬਾਰੇ ਯਾਤਰੀਆਂ ਨੂੰ ਅਪਡੇਟ ਕਰਨ ਤੋਂ ਇਲਾਵਾ, ਜਲੂਸ, ਵਿਰੋਧ ਪ੍ਰਦਰਸ਼ਨ, ਰੈਲੀਆਂ, ਵੀ ਆਈ ਪੀ ਅੰਦੋਲਨਾਂ ਅਤੇ ਸੜਕ ਬੰਦ ਹੋਣ ਵਰਗੀ ਜਾਣਕਾਰੀ ਮੁਹੱਈਆ ਕਰਵਾਏਗੀ। ਇਸ ਦੇ ਨਾਲ ਹੀ ਇਹ ਐਪ ਬਲੈਕ ਸਪਾਟ, ਖਤਰਨਾਕ ਮੋੜ, ਅਪਡੇਟਿਡ ਸਪੀਡ ਲਿਮਟ ਅਤੇ ਦੁਰਘਟਨਾ-

• ਬਾਕੀ ਸਫ਼ਾ 10 'ਤੇ

## ਮੇਰੀ ਨੁਮਾਇਸ਼ ਨਾ ਲਾਓ



**ਅਲੀਗੜ੍ਹ** : ਰਾਜੌਰੀ ਦੇ ਜੰਗਲ ਵਿਚ ਦਹਿਸ਼ਤਗਰਦਾਂ ਨਾਲ ਮੁਕਾਬਲੇ ਵਿਚ ਸ਼ਹੀਦ ਹੋਏ ਪਿੰਡ ਕੂਆਂਖੇੜਾ ਦੇ ਕੈਪਟਨ ਸ਼ੁਭਮ ਦੀ ਮਾਂ ਦੁਖੀ ਹੋ ਗਈ, ਜਦੋਂ ਯੂ ਪੀ ਦੇ ਮੰਤਰੀ ਯੋਗੇਂਦਰ ਉਪਾਧਿਆਇ 50 ਲੱਖ ਦਾ ਚੈੱਕ ਦੇ ਕੇ ਫੋਟੋ ਖਿਚਵਾਉਣ ਲੱਗੇ। ਵਿਲਕਦੀ ਮਾਂ ਬੋਲੀ-ਮੇਰੀ ਨੁਮਾਇਸ਼ ਨਾ ਲਾਓ, ਮੈਨੂੰ ਮੇਰਾ ਬੇਟਾ ਵਾਪਸ ਲਿਆ ਦਿਓ।

## ਕੋਬਰੇ ਤੋਂ ਪਤਨੀ ਤੇ ਧੀ ਮਰਵਾਉਣ ਵਾਲਾ ਕਾਬੂ

**ਬਹਿਰਾਮਪੁਰ** : ਓਡੀਸ਼ਾ ਦੇ ਗੰਜਮ ਜ਼ਿਲ੍ਹੇ 'ਚ 25 ਸਾਲਾ ਨੌਜਵਾਨ ਗਣੇਸ਼ ਪਾਤਰਾ ਨੂੰ ਕਥਿਤ ਤੌਰ 'ਤੇ ਕਮਰੇ 'ਚ ਜ਼ਹਿਰੀਲਾ ਸੱਪ ਛੱਡ ਕੇ ਪਤਨੀ ਅਤੇ ਦੋ ਸਾਲ ਦੀ ਧੀ ਨੂੰ ਮਾਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਪਾਤਰਾ ਦਾ ਪਤਨੀ ਬਸੰਤੀ ਪਾਤਰਾ (23) ਨਾਲ ਵਿਵਾਦ ਸੀ। ਉਨ੍ਹਾਂ ਦਾ ਵਿਆਹ 2020 'ਚ ਹੋਇਆ ਸੀ। ਮੁਲਜ਼ਮ ਨੇ ਸਪੇਰੇ ਤੋਂ ਸੱਪ ਖਰੀਦਿਆ ਸੀ ਅਤੇ ਪਤਨੀ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਉਹ ਸੱਪ ਦੀ ਵਰਤੋਂ ਧਾਰਮਿਕ ਕੰਮਾਂ ਲਈ ਕਰੇਗਾ। ਪਿਛਲੇ ਮਹੀਨੇ 6 ਅਕਤੂਬਰ ਨੂੰ ਉਹ ਪਲਾਸਟਿਕ ਦੇ ਜਾਰ ਵਿਚ ਕੋਬਰਾ ਲੈ ਕੇ ਆਇਆ ਅਤੇ ਉਸ ਕਮਰੇ ਵਿਚ ਛੱਡ ਦਿੱਤਾ, ਜਿੱਥੇ ਉਸ ਦੀ ਪਤਨੀ ਅਤੇ ਬੇਟੀ ਸੁੱਤੀਆਂ ਸਨ। ਅਗਲੀ ਸਵੇਰ ਦੋਵੇਂ ਸੱਪ ਦੇ ਡੰਗਣ ਕਾਰਨ ਮਰੀਆਂ ਮਿਲੀਆਂ, ਜਦੋਂ ਕਿ ਮੁਲਜ਼ਮ ਪਾਤਰਾ ਦੂਜੇ ਕਮਰੇ ਵਿੱਚ ਸੁੱਤਾ ਸੀ। ਮੁਲਜ਼ਮ ਨੇ ਗੁਨਾਹ ਕਬੂਲ ਲਿਆ ਹੈ।

## ਰਾਜ ਕੁਮਾਰ ਕੋਹਲੀ ਦਾ ਦੇਹਾਂਤ



### ਪੰਜਾਬੀ ਫ਼ਿਲਮਾਂ ਦੁੱਲਾ ਭੱਟੀ, ਮੈਂ ਜੱਟੀ ਪੰਜਾਬ ਦੀ ਤੇ ਸੱਪਣੀ ਵੀ ਬਣਾਈਆਂ ਸਨ

**ਮੁੰਬਈ** : ਮਸ਼ਹੂਰ ਫਿਲਮ ਨਿਰਮਾਤਾ-ਨਿਰਦੇਸ਼ਕ ਰਾਜ ਕੁਮਾਰ ਕੋਹਲੀ ਦਾ ਸ਼ੁੱਕਰਵਾਰ ਇਥੇ 95 ਸਾਲ ਦੀ ਉਮਰ 'ਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ ਅਭਿਨੇਤਾ ਅਰਮਾਨ ਕੋਹਲੀ ਦੇ ਪਿਤਾ ਤੇ ਪੰਜਾਬੀ ਫਿਲਮਾਂ ਦੀ ਅਦਾਕਾਰਾ ਨਿਸ਼ੀ ਦੇ ਪਤੀ ਸਨ।

ਉਹ ਲੁਟੇਰਾ, ਜਾਨੀ ਦੁਸ਼ਮਣ, ਨਾਗਿਨ, ਨੌਕਰ ਬੀਵੀ ਕਾ, ਬਦਲੇ ਕੀ ਆਗ, ਰਾਜ ਤਿਲਕ ਅਤੇ ਪਤੀ ਪਤਨੀ ਔਰ ਤਵਾਇਫ ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਸਨ। ਉਨ੍ਹਾ 1966 ਵਿਚ ਪੰਜਾਬੀ ਫਿਲਮ ਦੁੱਲਾ ਭੱਟੀ, 1964 ਵਿਚ ਮੈਂ ਜੱਟੀ ਪੰਜਾਬ ਦੀ, 1963 ਵਿਚ ਪਿੰਡ ਦੀ ਕੁੜੀ ਅਤੇ ਸੱਪਣੀ ਦਾ ਵੀ ਨਿਰਮਾਣ ਕੀਤਾ। ਕੋਹਲੀ ਸਵੇਰੇ ਨਹਾਉਣ ਗਏ ਗੁਸਲਖਾਨੇ ਵਿੱਚੋਂ ਨਹੀਂ ਨਿਕਲੇ ਤਾਂ ਅਰਮਾਨ ਨੇ ਦਰਵਾਜ਼ਾ ਤੋੜਿਆ। ਕੋਹਲੀ ਫਰਸ਼ 'ਤੇ ਡਿੱਗੇ ਪਏ ਸੀ।

## ਚੀਨ ਨੇ ਕਿਹਾ, ਚਿੰਤਾ ਵਾਲੀ ਗੱਲ ਨਹੀਂ

**ਜਨੇਵਾ** : ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਵੱਲੋਂ ਚੀਨ ਨੂੰ ਸਾਹ ਦੀਆਂ ਬਿਮਾਰੀਆਂ ਅਤੇ ਨਿਮੋਨੀਆ ਦੇ ਮਾਮਲਿਆਂ 'ਚ ਚਿੰਤਾਜਨਕ ਵਾਧੇ ਬਾਰੇ ਜਾਣਕਾਰੀ ਦੇਣ ਦੀ ਅਧਿਕਾਰਤ ਬੇਨਤੀ ਤੋਂ ਬਾਅਦ ਚੀਨੀ ਅਧਿਕਾਰੀਆਂ ਨੇ ਕਿਹਾ ਹੈ ਕਿ ਇੱਥੇ ਕੋਈ ਅਸਾਧਾਰਨ ਸਥਿਤੀ ਨਹੀਂ ਹੈ। ਦੇਸ਼ 'ਚ ਕੋਈ ਨਵੀਂ ਬਿਮਾਰੀ ਨਹੀਂ ਆਈ ਹੈ।

ਡਬਲਿਊ ਐੱਚ ਓ ਨੇ ਉੱਤਰੀ ਚੀਨ 'ਚ ਬੱਚਿਆਂ 'ਚ ਨਿਮੋਨੀਆ ਦੇ ਅਜੀਬ ਰੂਪ ਬਾਰੇ ਕੌਮਾਂਤਰੀ ਛੂਤ ਰੋਗ ਨਿਗਰਾਨੀ ਸੇਵਾ ਦੀਆਂ ਰਿਪੋਰਟਾਂ ਤੇ ਮੀਡੀਆ ਦਾ ਹਵਾਲਾ ਦੇ ਕੇ ਇਸ ਹਫਤੇ ਦੇ ਸ਼ੁਰੂ ਵਿਚ ਇਸ ਸੰਬੰਧ ਵਿਚ ਹੋਰ ਜਾਣਕਾਰੀ ਦੇਣ ਦੀ ਅਪੀਲ ਕੀਤੀ ਸੀ। ਵਿਗਿਆਨੀ ਕਹਿੰਦੇ ਹਨ ਕਿ ਸਥਿਤੀ ਦੀ ਨੇੜਿਓਂ ਨਿਗਰਾਨੀ ਦੀ ਲੋੜ ਹੈ, ਪਰ ਉਹ ਪੱਕਾ ਨਹੀਂ ਕਹਿ ਸਕਦੇ ਕਿ ਚੀਨ 'ਚ ਸਾਹ ਦੀਆਂ ਬਿਮਾਰੀਆਂ 'ਚ ਹਾਲ ਹੀ 'ਚ ਵਾਧਾ ਨਵੀਂ ਕੌਮਾਂਤਰੀ ਲਾਗ ਦੀ ਸ਼ੁਰੂਆਤ ਦਾ ਸੰਕੇਤ ਦਿੰਦਾ ਹੈ।

## ਆਪਣੀ ਰਾਈਫਲ ਦੀ ਗੋਲੀ ਨਾਲ ਸਿਪਾਹੀ ਜ਼ਖਮੀ

**ਬਠਿੰਡਾ** : ਇਥੋਂ ਦੀ ਪੁਲਸ ਲਾਈਨ 'ਚ ਗੋਲ਼ੀ ਚੱਲਣ ਕਾਰਨ ਸਿਪਾਹੀ ਜ਼ਖਮੀ ਹੋ ਗਿਆ, ਜਿਸ ਨੂੰ ਬਠਿੰਡਾ ਦੇ ਏਮਜ਼ 'ਚ ਦਾਖਲ ਕਰਵਾਇਆ ਗਿਆ ਹੈ। ਮੁਲਾਜ਼ਮ ਦੀ ਸ਼ਨਾਖ਼ਤ ਅਮਨਪ੍ਰੀਤ ਸਿੰਘ ਵਜੋਂ ਹੋਈ ਹੈ। ਪਤਾ ਲੱਗਾ ਹੈ ਕਿ ਉਹ ਆਪਣੀ ਰਾਈਫਲ ਸਾਫ਼ ਕਰ ਰਿਹਾ ਸੀ ਤਾਂ ਅਚਾਨਕ ਗੋਲੀ ਚੱਲ ਗਈ। ਉਸ ਨੂੰ ਪਹਿਲਾਂ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਐੱਸ ਪੀ ਗੁਰਵਿੰਦਰ ਸਿੰਘ ਸੰਘਾ ਨੇ ਘਟਨਾ ਦੀ ਪੁਸ਼ਟੀ ਕੀਤੀ।

## ਅੱਜ-ਨਾਮਾ

ਗੋਲੀ ਇਸਰਾਈਲ ਹਮਾਸ ਦੀ ਹੋਈ ਢਿੱਲੀ,
ਕਹਿੰਦੇ ਨੇ ਲੱਗਾ ਕੁਝ ਹੋਣ ਟਿਕਾਅ ਬੇਲੀ।
ਧੜਿਆਂ ਦੋਵਾਂ ਦਾ ਮੂਡ ਸੀ ਇਸ ਤਰ੍ਹਾਂ ਦਾ,
ਹੋ ਗਿਆ ਜਿਸ ਤਰ੍ਹਾਂ ਕੋਈ ਸ਼ੁਦਾਅ ਬੇਲੀ।
ਵੱਡੀਆਂ ਧਿਰਾਂ ਤਮਾਸ਼ਾ ਸਨ ਵੇਖ ਰਹੀਆਂ,
ਕਿਸੇ ਵੀ ਕੀਤਾ ਨਹੀਂ ਕੁਝ ਬਚਾਅ ਬੇਲੀ।
ਦੋਵਾਂ ਈ ਕੌਮਾਂ ਨੇ ਰਹਿਣਾ ਜਦ ਫੇਰ ਓਥੇ,
ਕਰਨਾ ਤੇ ਪਊ ਫਿਰ ਅੰਤ ਨਿਭਾਅ ਬੇਲੀ।
ਮੁੜ-ਮੁੜ ਭਿੜਨ ਦੀ ਖੇਡ ਜਦ ਰਹੂ ਜਾਰੀ,
ਮੁੜ-ਮੁੜ ਹੋਊ ਫਿਰ ਹੋਰ ਨੁਕਸਾਨ ਬੇਲੀ।
ਕਿਸੇ ਦੇ ਘੱਟ ਮਰਨੇ, ਕਿਸੇ ਦੇ ਵੱਧ ਬੇਲੀ,
ਰਹਿਣਗੇ ਮਰਦੇ ਤਾਂ ਨਿੱਤ ਇਨਸਾਨ ਬੇਲੀ।

-ਤੀਸ ਮਾਰ ਖਾਂ

# ਏਟਕ ਦੇ ਸਰਕਾਰ 'ਤੇ ਦਬਾਅ ਨਾਲ ਹਾਂ-ਪੱਖੀ ਸਿੱਟਿਆਂ ਦੇ ਆਸਾਰ ਬਣੇ : ਬਰਾੜ, ਧਾਲੀਵਾਲ

**ਪਟਿਆਲਾ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਸ਼ੁੱਕਰਵਾਰ ਕਿਹਾ ਕਿ ਪੰਜਾਬ ਏਟਕ ਨੇ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਵਧਾਉਣ, ਉਸਾਰੀ ਕਿਰਤੀਆਂ ਦੇ ਮਸਲੇ ਹੱਲ ਕਰਨ, ਖੱਜਲ ਖੁਆਰੀ ਰੋਕਣ ਅਤੇ 12 ਘੰਟੇ ਦੀ ਕੰਮ ਦਿਹਾੜੀ ਦੇ ਨਾਦਰਸ਼ਾਹੀ ਹੁਕਮਾਂ ਸੰਬੰਧੀ ਲਗਾਤਾਰ ਰੈਲੀਆਂ ਮੁਜ਼ਾਹਰੇ ਅਤੇ ਸਰਕਾਰ ਨਾਲ ਮੀਟਿੰਗਾਂ ਆਦਿ ਤਰੀਕਿਆਂ ਨਾਲ ਲਗਾਤਾਰ ਦਬਾਅ ਬਣਾਇਆ ਹੋਇਆ ਹੈ। ਇਨ੍ਹਾਂ ਸਰਗਰਮੀਆਂ ਦੇ ਕੁਝ ਹਾਂ-ਪੱਖੀ ਸਿੱਟੇ ਨਿਕਲਣ ਦੀ ਕਾਫੀ ਸੰਭਾਵਨਾ ਬਣ ਗਈ ਹੈ। ਕੁਝ ਕੰਮ ਅਮਲ 'ਚ ਹੋਣੇ ਸ਼ੁਰੂ ਵੀ ਹੋ ਚੁੱਕੇ ਹਨ। ਤਿੰਨ ਨਵੰਬਰ ਦੀ ਮੋਹਾਲੀ ਵਿਖੇ ਕਿਰਤ ਭਵਨ ਦੇ ਸਾਹਮਣੇ ਕੀਤੀ ਗਈ ਸਾਂਝੀ ਰੈਲੀ 'ਚ ਏਟਕ ਵੱਲੋਂ ਪੂਰੀ ਤਨਦੇਹੀ ਨਾਲ ਸ਼ਮੂਲੀਅਤ ਕਰਕੇ ਸਰਕਾਰ ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ ਗਿਆ, ਜਿਸ ਦਾ ਸਿੱਟਾ ਹੈ ਕਿ ਪੰਜਾਬ ਸਰਕਾਰ ਦੇ ਕਿਰਤ ਮੰਤਰੀ ਅਨਮੋਲ ਗਗਨ ਮਾਨ, ਸਕੱਤਰ ਕਿਰਤ ਵਿਭਾਗ ਅਤੇ ਲੇਬਰ ਕਮਿਸ਼ਨਰ ਦੀ ਮੌਜੂਦਗੀ 'ਚ ਪੰਜਾਬ ਮਿਨੀਮਮ ਵੇਜ ਬੋਰਡ ਦੀ ਮੀਟਿੰਗ 7 ਨਵੰਬਰ ਨੂੰ ਸੱਦੀ ਗਈ ਸੀ, ਜਿਸ ਵਿੱਚ ਕਿਰਤੀਆਂ ਦੇ ਨੁਮਾਇੰਦੇ ਵਜੋਂ ਏਟਕ ਦੇ ਨਿਰਮਲ ਸਿੰਘ ਧਾਲੀਵਾਲ ਅਤੇ ਇੰਟਕ ਵੱਲੋਂ ਸੁਖਦੇਵ ਰੋਪੜ ਵੱਲੋਂ ਅਧਿਕਾਰਤ ਤੌਰ 'ਤੇ ਸ਼ਿਰਕਤ ਕੀਤੀ ਗਈ ਸੀ। ਮਾਲਕਾਂ ਦੇ ਪੱਖ ਰੱਖਣ ਵਾਲੇ ਨੁਮਾਇੰਦੇ ਵੀ ਇਸ ਮੀਟਿੰਗ ਲਈ ਨਿਮੰਤਰਤ ਸਨ। ਜਿਨ੍ਹਾਂ ਨੇ ਉਜਰਤਾਂ ਵਧਾਉਣ ਦਾ ਫਰੇਬੀ ਅਤੇ ਹਾਸੋਹੀਣੇ ਤਰਕ ਦੇ ਕੇ ਵਿਰੋਧ ਕੀਤਾ। ਪਰ ਏਟਕ ਵੱਲੋਂ ਘੱਟੋ-ਘੱਟ ਉਜਰਤਾਂ 26000 ਪ੍ਰਤੀ ਮਹੀਨਾ ਤੈਅ ਕਰਨ 'ਤੇ ਜ਼ੋਰ ਦਿੱਤਾ ਗਿਆ ਅਤੇ ਉਜਰਤਾਂ ਤੈਅ ਕਰਨ ਲਈ ਜ਼ਰੂਰੀ ਕਾਨੂੰਨੀ ਮਾਪਦੰਡਾਂ ਦਾ ਲੇਖਾ ਜੋਖਾ ਕਰਕੇ ਮਾਲਕਾਂ ਦੇ ਨੁਮਾਇੰਦਿਆਂ ਦੇ ਵਿਰੋਧ ਨੂੰ ਤਰਕਹੀਣ ਸਾਬਤ ਕੀਤਾ। ਪੰਜਾਬ ਸਰਕਾਰ ਨੇ ਪਿਛਲੇ 11 ਸਾਲ ਦੇ ਅਰਸੇ ਦੌਰਾਨ ਕਦੇ ਵੀ ਘੱਟੋ-ਘੱਟ ਉਜਰਤਾਂ ਨਹੀਂ ਵਧਾਈਆਂ ਜਿਹੜੀਆਂ ਕਿ ਹਰ 5 ਸਾਲ ਬਾਅਦ ਵਧਣੀਆਂ ਚਾਹੀਦੀਆਂ ਹਨ। ਸਰਕਾਰ ਨੇ ਦੱਬੀ ਜ਼ਬਾਨ 'ਚ ਅਤੇ ਇਸ਼ਾਰਾ ਮਾਤਰ ਤਰੀਕੇ ਨਾਲ ਹੁੰਗਾਰਾ ਭਰਿਆ ਕਿ ਉਜਰਤਾਂ 'ਚ ਤੱਥਾਂ ਨੂੰ ਧਿਆਨ 'ਚ ਰੱਖ ਕੇ ਜਲਦੀ ਵਾਧਾ ਕਰ ਦਿੱਤਾ ਜਾਵੇਗਾ। ਇਸ ਸਬੰਧੀ 15 ਦਿਨਾਂ ਦਾ ਸਮਾਂਬੱਧ ਕਰਕੇ ਤਿੰਨ ਮੈਂਬਰੀ ਕਮੇਟੀ ਗਠਿਤ ਕਰ ਦਿੱਤੀ ਗਈ ਸੀ। ਸੋ ਜਲਦੀ ਚੰਗੇ ਸਿੱਟੇ ਨਿਕਲਣ ਦੀ ਕਾਫੀ ਸੰਭਾਵਨਾ ਬਣ ਗਈ ਹੈ। ਬਰਾੜ ਅਤੇ ਧਾਲੀਵਾਲ ਨੇ 12 ਘੰਟੇ ਕੰਮ ਦਿਹਾੜੀ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਮੋਦੀ ਮਾਰਕਾ ਫੈਸਲੇ ਦੀ ਨਕਲ ਕਰਦਿਆਂ ਲਏ ਇਸ ਘਿਨੌਣੇ ਫੈਸਲੇ ਦਾ ਜ਼ਬਰਦਸਤ ਵਿਰੋਧ ਕੀਤਾ ਜਾ ਰਿਹਾ ਹੈ। ਜਿਸ ਦਾ ਪ੍ਰਭਾਵ ਪੈ ਰਿਹਾ ਸੀ ਕਿ ਹੁਣ ਕੰਮ ਦਿਹਾੜੀ ਕਾਨੂੰਨੀ ਤੌਰ 'ਤੇ 8 ਦੀ ਬਜਾਏ 12 ਘੰਟੇ ਹੀ ਹੋ ਗਈ ਹੈ। ਸਰਕਾਰ ਇਸ ਦਾਅ 'ਤੇ ਸੀ ਕਿ ਜੇਕਰ ਕੋਈ ਮਜ਼ਦੂਰਾਂ ਵੱਲੋਂ ਤਿੱਖਾ ਪ੍ਰਤੀਕਰਮ ਨਾ ਹੋਇਆ ਤਾਂ 12 ਘੰਟੇ ਦੀ ਦਿਹਾੜੀ ਕਾਨੂੰਨੀ ਤੌਰ 'ਤੇ ਕਰ ਦਿੱਤੀ ਜਾਵੇਗੀ। ਪਰ ਸਾਡੇ ਸੁਚੇਤ ਜਤਨਾਂ ਨਾਲ ਅਤੇ ਲਗਾਤਾਰ ਵਿਰੋਧ ਕਾਰਨ ਅਤੇ ਪੰਜਾਬ ਏਟਕ ਵੱਲੋਂ 21 ਨਵੰਬਰ ਨੂੰ ਸਕੱਤਰ, ਕਿਰਤ ਵਿਭਾਗ ਨੂੰ ਮਿਲ ਕੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਘੱਟੋ-ਘੱਟ ਇਹ ਤਾਂ ਸਪਸ਼ਟ ਕਰ ਦਿੱਤਾ ਗਿਆ ਕਿ ਜੇਕਰ ਕੋਈ ਸਨਅਤ 12 ਘੰਟੇ ਤੱਕ ਮਜ਼ਦੂਰ ਤੋਂ ਕੰਮ ਲੈਂਦੀ ਹੈ ਤਾਂ ਉਸ ਨੂੰ ਫੈਕਟਰੀਜ਼ ਐਕਟ ਦੇ ਸੈਕਸ਼ਨ 59 ਅਨੁਸਾਰ ਆਮ ਤਨਖਾਹ ਤੋਂ ਦੋ ਗੁਣਾ ਓਵਰ ਟਾਈਮ ਦੇਣਾ ਲਾਜ਼ਮੀ ਹੈ ਅਤੇ ਤਿੰਨ ਮਹੀਨਿਆਂ ਵਿੱਚ 115 ਘੰਟਿਆਂ ਤੋਂ ਵੱਧ ਓਵਰ ਟਾਈਮ ਨਹੀਂ ਲਿਆ ਜਾਵੇਗਾ। ਭਾਵੇਂ ਸਾਡਾ ਬੇਰੁਜ਼ਗਾਰੀ ਅਤੇ ਮਨੁੱਖੀ ਸਿਹਤ ਨੂੰ ਸਾਹਮਣੇ ਰੱਖ ਕੇ ਅਸੂਲੀ ਵਿਰੋਧ ਕਾਇਮ ਰਹੇਗਾ ਅਤੇ ਨੋਟੀਫਿਕੇਸ਼ਨ ਵਾਪਸ ਲੈਣ ਦੀ ਲੜਾਈ ਜਾਰੀ ਰਹੇਗੀ, ਪਰ ਸਾਡੀ ਦਖਲ-ਅੰਦਾਜ਼ੀ ਨਾਲ ਸਰਕਾਰ ਵੱਲੋਂ ਅਖਬਾਰ 'ਚ ਸਪਸ਼ਟੀਕਰਨ ਦੇ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪੰਜਾਬ ਏਟਕ ਵੱਲੋਂ ਉਸਾਰੀ ਕਿਰਤੀਆਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਨੂੰ ਲੈ ਕੇ ਸਕੱਤਰ, ਕਿਰਤ ਵਿਭਾਗ ਤੋਂ ਮੀਟਿੰਗ ਲਈ ਸਮਾਂ ਮੰਗਿਆ ਗਿਆ ਸੀ, ਜੋ ਕਿ ਮੀਟਿੰਗ ਲਈ ਉਨ੍ਹਾਂ ਵੱਲੋਂ 21 ਨਵੰਬਰ ਨੂੰ ਸੱਦਿਆ ਗਿਆ ਸੀ। ਇਸ ਮੀਟਿੰਗ 'ਚ ਜਨਰਲ ਸਕੱਤਰ ਧਾਲੀਵਾਲ ਤੋਂ ਬਿਨਾਂ ਅਮਰਜੀਤ ਸਿੰਘ ਆਸਲ, ਸੁਖਦੇਵ ਸ਼ਰਮਾ ਤੇ ਬੀਬੀ ਦਸਵਿੰਦਰ ਕੌਰ ਅੰਮ੍ਰਿਤਸਰ, ਉਸਾਰੀ ਕਿਰਤੀਆਂ ਦੇ ਮਸਲਿਆਂ 'ਤੇ ਮੁਹਾਰਤ ਰੱਖਣ ਵਾਲੇ ਆਗੂ ਸ਼ਾਮਲ ਹੋਏ। ਇੱਕ ਘੰਟੇ ਤੋਂ ਵੱਧ ਸਮਾਂ ਚੱਲੀ ਇਸ ਮੀਟਿੰਗ 'ਚ ਕਈ ਮਸਲੇ ਹੱਲ ਕਰ ਲਏ ਗਏ ਜਿਵੇਂ ਕਿ ਬੜਾ ਮਹੱਤਵਪੂਰਨ ਫੈਸਲਾ ਹੋਇਆ ਕਿ ਲਾਭਪਾਤਰੀ ਨੂੰ 60 ਸਾਲ ਦੀ ਉਮਰ ਹੋਣ ਉਪਰੰਤ ਪੈਨਸ਼ਨ ਆਪਣੇ ਆਪ ਹੀ ਲਾ ਦਿੱਤੀ ਜਾਇਆ ਕਰੇਗੀ, ਉਸ ਤੋਂ ਕੋਈ ਕਾਗਜ਼ਾਤ ਨਹੀਂ ਮੰਗਿਆ ਜਾਵੇਗਾ, ਇਸੇ ਤਰ੍ਹਾਂ ਵਿਭਾਗ 'ਚ ਲਾਭਪਾਤਰੀਆਂ ਦੇ ਕੰਮਾਂ ਨੂੰ ਲਟਕਾਉਣ ਵਾਲੇ ਤੇ ਭ੍ਰਿਸ਼ਟਾਚਾਰੀ ਕਰਮਚਾਰੀਆਂ ਬਾਰੇ ਵੀ ਚਰਚਾ ਹੋਈ। ਜਿਸ 'ਚ ਵਿਸ਼ੇਸ਼ ਚਰਚਾ ਅੰਮ੍ਰਿਤਸਰ ਦੇ ਇੰਸਪੈਕਟਰ ਨੂੰ ਲੈ ਕੇ ਹੋਈ, ਜਿਸ 'ਤੇ ਜਲਦੀ ਐਕਸ਼ਨ ਲੈਣ ਦਾ ਭਰੋਸਾ ਦਿੱਤਾ ਗਿਆ। ਜਿਥੇ ਸਟਾਫ ਦੀ ਘਾਟ ਹੈ ਅਤੇ ਕਿਤੇ ਜ਼ਿਆਦਾ ਹੈ, ਇਸ ਸੰਬੰਧੀ ਤੁਰੰਤ ਲੁਧਿਆਣਾ ਤੋਂ ਵਿਭਾਗ ਦੇ ਦੋ ਕਰਮਚਾਰੀ ਘਾਟ ਵਾਲੀ ਥਾਂ 'ਤੇ ਬਦਲ ਦਿੱਤੇ ਗਏ ਹਨ। ਪੈਂਡਿੰਗ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕਰਨ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ। ਇਸੇ ਤਰ੍ਹਾਂ ਪੈਂਡਿੰਗ ਪਈਆਂ ਡੀ ਬੀ ਟੀਜ਼ ਦਾ 40 ਫੀਸਦੀ ਇਹ ਕੰਮ ਕਰ ਦਿੱਤਾ ਗਿਆ। ਬਾਕੀ ਰਹਿੰਦਾ ਬਿਨਾਂ ਦੇਰੀ ਨਿਪਟਾ ਦਿੱਤਾ ਜਾਵੇਗਾ। ਵਿਭਾਗ ਵੱਲੋਂ ਆਪਣੀ ਮੁਸ਼ਕਲ ਵੀ ਦੱਸੀ ਗਈ ਕਿ ਉਨ੍ਹਾਂ ਕੋਲ 92 ਇੰਸਪੈਕਟਰਾਂ ਦੀ ਥਾਂ ਸਿਰਫ 32 ਇੰਸਪੈਕਟਰ ਹਨ। ਜਿਸ ਕਰਕੇ ਕੰਮਾਂ 'ਚ ਕੁਝ ਦੇਰੀ ਵੀ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਦਾ ਵੀ ਜਲਦੀ ਹੱਲ ਕੀਤਾ ਜਾਵੇਗਾ।ਏਟਕ ਵੱਲੋਂ ਧਾਲੀਵਾਲ ਵੱਲੋਂ ਉਸਾਰੀ ਕਿਰਤੀ ਬੋਰਡ ਦੀ ਜਲਦੀ ਹੋਣ ਵਾਲੀ ਮੀਟਿੰਗ ਵਿੱਚ ਇਹ ਮਸਲਾ ਅਤੇ ਕੁਝ ਹੋਰ ਮਸਲੇ ਜ਼ੋਰਦਾਰ ਤਰੀਕੇ ਨਾਲ ਚੁੱਕੇ ਜਾਣਗੇ। ਅੰਤ 'ਚ ਪੰਜਾਬ ਏਟਕ ਵੱਲੋਂ ਮੁਲਾਜ਼ਮ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੂੰ ਜ਼ੋਰਦਾਰ ਅਪੀਲ ਕੀਤੀ ਗਈ ਕਿ 26, 27, 28 ਨਵੰਬਰ ਦੇ ਮੋਹਾਲੀ ਵਿਖੇ ਕਿਸਾਨਾਂ ਅਤੇ ਟਰੇਡ ਯੂਨੀਅਨਾਂ ਦੇ ਸਾਂਝੇ ਮਹਾਂ ਪੜਾਅ ਧਰਨੇ 'ਚ ਹੁੰਮ-ਹੁਮਾ ਕੇ ਲੱਗੇ ਕੋਟਿਆਂ ਅਨੁਸਾਰ ਪੁੱਜਿਆ ਜਾਵੇ।

CMYK

25-Nov-PAGE-4.qxd 11/24/2023 9:22 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 25 ਨਵੰਬਰ 2023

# ਕਿਸਾਨ ਮੁੜ ਅੰਦੋਲਨ ਦੇ ਰਾਹ

ਸੰਯੁਕਤ ਕਿਸਾਨ ਮੋਰਚੇ ਨੇ ਇੱਕ ਵਾਰ ਫਿਰ ਦੇਸ਼ ਪੱਧਰੀ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਤੈਅ ਪ੍ਰੋਗਰਾਮ ਮੁਤਾਬਕ ਪਹਿਲੇ ਪੜਾਅ ਅਧੀਨ ਸਭ ਰਾਜਾਂ ਦੀਆਂ ਰਾਜਧਾਨੀਆਂ ਵਿੱਚ 26 ਨਵੰਬਰ ਯਾਨੀ ਕੱਲ੍ਹ ਤੋਂ ਤਿੰਨ ਦਿਨਾ ਧਰਨੇ ਸ਼ੁਰੂ ਹੋ ਜਾਣਗੇ। ਇਸ ਸੰਘਰਸ਼ ਦਾ ਮੁੱਖ ਮੁੱਦਾ ਸਭ ਜਿਨਸਾਂ ਦੇ ਸਵਾਮੀਨਾਥਨ ਫਾਰਮੂਲੇ ਤਹਿਤ ਸਮਰਥਨ ਮੁੱਲ ਦੀ ਗਰੰਟੀ ਦੀ ਮੰਗ ਹੈ। ਇਸ ਤੋਂ ਇਲਾਵਾ ਦਿੱਲੀ ਅੰਦੋਲਨ ਸਮੇਂ 2021 ਵਿੱਚ ਸੰਯੁਕਤ ਕਿਸਾਨ ਮੋਰਚੇ ਤੇ ਸਰਕਾਰ ਦੌਰਾਨ ਹੋਏ ਸਮਝੌਤੇ ਮੁਤਾਬਕ ਰਹਿੰਦੀਆਂ ਮੰਗਾਂ ਦੀ ਪ੍ਰਵਾਨਗੀ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਮੋਦੀ ਸਰਕਾਰ ਦੇਸੀ ਤੇ ਬਦੇਸ਼ੀ ਕਾਰਪੋਰੇਟਾਂ ਵੱਲੋਂ ਖੇਤੀ ਉਤੇ ਕਬਜ਼ਾ ਕਰਨ, ਖੇਤੀ ਲਾਗਤ ਲਈ ਲੋੜੀਂਦੀਆਂ ਵਸਤਾਂ ਮਹਿੰਗੇ ਭਾਅ ਵੇਚਣ, ਮਨਮਰਜ਼ੀ ਦੇ ਭਾਅ ਦੇਣ ਤੇ ਖਾਧ ਬਜ਼ਾਰ 'ਤੇ ਕਬਜ਼ਾ ਕਰਨ ਦੀਆਂ ਨੀਤੀਆਂ ਅਪਣਾ ਰਹੀ ਹੈ। ਇੱਕ ਪਾਸੇ ਸਰਕਾਰ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਤੇ ਤੇਲੰਗਾਨਾ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਲਾਗੂ ਕਰਨ ਦੀ ਗਰੰਟੀ ਦੇ ਵਾਅਦੇ ਕਰ ਰਹੀ ਹੈ, ਪਰ 10 ਸਾਲ ਦੇ ਆਪਣੇ ਰਾਜ ਦੌਰਾਨ ਰਵੱਈਆ ਉਸ ਦਾ ਇਸ ਦੇ ਉਲਟ ਰਿਹਾ ਹੈ।

ਇਨ੍ਹਾਂ ਚੋਣਾਂ ਵਿੱਚ ਦੋਵੇਂ ਵੱਡੀਆਂ ਪਾਰਟੀਆਂ, ਭਾਜਪਾ ਤੇ ਕਾਂਗਰਸ ਨੇ ਕਿਸਾਨਾਂ ਦੀਆਂ ਜਿਨਸਾਂ ਦੇ ਭਾਵਾਂ ਲਈ ਜੋ ਐਲਾਨ ਕੀਤੇ ਹਨ, ਉਹ ਸਾਬਤ ਕਰਦੇ ਹਨ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਮੰਗਾਂ ਜਾਇਜ਼ ਹਨ। ਭਾਜਪਾ ਨੇ ਮੱਧ ਪ੍ਰਦੇਸ਼ ਵਿੱਚ ਕਣਕ ਲਈ 2700 ਰੁਪਏ ਕੁਇੰਟਲ ਤੇ ਰਾਜਸਥਾਨ ਵਿੱਚ ਇਸ ਤੋਂ ਵੱਖਰਾ ਬੋਨਸ ਦੇਣ ਦਾ ਵਾਅਦਾ ਕੀਤਾ ਹੈ। ਇਸੇ ਤਰ੍ਹਾਂ ਕਾਂਗਰਸ ਨੇ 2600 ਰੁਪਏ ਕੁਇੰਟਲ ਭਾਅ ਅਤੇ ਇਸ ਨੂੰ ਕਾਨੂੰਨ ਬਣਾ ਕੇ ਮਹਿੰਗਾਈ ਦੀ ਦਰ ਨਾਲ ਜੋੜਨ ਦਾ ਵਾਅਦਾ ਕੀਤਾ ਹੈ। ਇਸ ਸਮੇਂ ਕਣਕ ਦਾ ਸਮਰਥਨ ਮੁੱਲ 2275 ਰੁਪਏ ਹੈ, ਜਦੋਂ ਕਿ ਸੰਯੁਕਤ ਕਿਸਾਨ ਮੋਰਚੇ ਦੀ ਮੰਗ 2800 ਰੁਪਏ ਪ੍ਰਤੀ ਕੁਇੰਟਲ ਹੈ। ਇਸੇ ਤਰ੍ਹਾਂ ਭਾਜਪਾ ਨੇ ਝੋਨੇ ਦਾ ਭਾਅ 3100 ਰੁਪਏ ਪ੍ਰਤੀ ਕੁਇੰਟਲ ਤੇ ਕਾਂਗਰਸ ਨੇ ਤੇਲੰਗਾਨਾ ਵਿੱਚ ਇਸ 'ਤੇ 500 ਰੁਪਏ ਕੁਇੰਟਲ ਬੋਨਸ ਦੇਣ ਦਾ ਐਲਾਨ ਕੀਤਾ ਹੈ, ਜਦੋਂ ਕਿ ਮੌਜੂਦਾ ਭਾਅ 2183 ਰੁਪਏ ਪ੍ਰਤੀ ਕੁਇੰਟਲ ਹੈ।

ਇਹੋ ਨਹੀਂ, ਤੇਲੰਗਾਨਾ ਵਿੱਚ ਕਾਂਗਰਸ ਨੇ ਕਿਸਾਨਾਂ ਨੂੰ ਪ੍ਰਤੀ ਏਕੜ 15 ਹਜ਼ਾਰ ਤੇ ਬਟਾਈਦਾਰਾਂ ਨੂੰ 12 ਹਜ਼ਾਰ ਰੁਪਏ ਪ੍ਰਤੀ ਸਾਲ ਦੇਣ ਦਾ ਵਾਅਦਾ ਕੀਤਾ ਹੈ। ਭਾਰਤ ਰਾਸ਼ਟਰੀ ਸੰਮਤੀ ਨੇ ਇਹ ਰਕਮ 16 ਹਜ਼ਾਰ ਰੁਪਏ ਪ੍ਰਤੀ ਏਕੜ ਐਲਾਨੀ ਹੈ। ਕਿਸਾਨਾਂ ਲਈ ਇਹ ਰਾਹਤ ਦੇ ਐਲਾਨ ਦੱਸਦੇ ਹਨ ਕਿ ਉਸ ਸੂਬੇ ਵਿੱਚ ਕਿਸਾਨਾਂ ਦੀ ਹਾਲਤ ਕਿੰਨੀ ਤਰਸਯੋਗ ਹੋਵੇਗੀ।

ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਹੈ ਕਿ ਬਿਜਲੀ ਬਿੱਲ 2022 ਤੁਰੰਤ ਵਾਪਸ ਲਿਆ ਜਾਵੇ। ਪ੍ਰੀਪੇਡ ਮੀਟਰ ਲਾਉਣ ਲਈ ਮਜਬੂਰ ਨਾ ਕੀਤਾ ਜਾਵੇ, ਸਾਰੇ ਪੇਂਡੂ ਪਰਵਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਤੇ ਖੇਤੀ ਟਿਊਬਵੈੱਲਾਂ ਲਈ ਪੂਰੀ ਬਿਜਲੀ ਮੁਫ਼ਤ ਦਿੱਤੀ ਜਾਵੇ।

ਕਿਸਾਨ ਮੋਰਚੇ ਨੇ ਆਪਣੀਆਂ ਮੰਗਾਂ ਦੇ ਨਾਲ-ਨਾਲ ਹਰ ਵਿਅਕਤੀ ਲਈ ਭੋਜਨ ਦੀ ਗਰੰਟੀ ਦੀ ਵੀ ਮੰਗ ਕੀਤੀ ਹੈ। ਉਸ ਨੇ ਕਿਹਾ ਹੈ ਕਿ ਹਰ ਵਿਅਕਤੀ ਨੂੰ ਦਾਲ ਸਮੇਤ 14.5 ਕਿਲੋ ਅਨਾਜ ਪ੍ਰਤੀ ਮਹੀਨਾ ਮੁਫ਼ਤ ਦਿੱਤਾ ਜਾਵੇ। ਇਸ ਦੇ ਨਾਲ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਮੋਦੀ ਸਰਕਾਰ ਲਖੀਮਪੁਰ ਵਿੱਚ ਸ਼ਹੀਦ ਕੀਤੇ ਗਏ 4 ਕਿਸਾਨਾਂ ਦੇ ਮੁੱਦੇ ਨੂੰ ਹੱਲ ਕਰਨ ਵਿੱਚ ਨਾਕਾਮ ਰਹੀ ਹੈ ਤੇ ਕਾਨੂੰਨੀ ਪ੍ਰੀਕਿਰਿਆ ਵੀ ਨਿਆਂ ਦੇਣ ਵਿੱਚ ਫੇਲ੍ਹ ਹੋਈ ਹੈ। ਹੱਤਿਆ ਦਾ ਦੋਸ਼ੀ ਕੇਂਦਰੀ ਰਾਜ ਗ੍ਰਹਿ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੈ। ਕਿਸਾਨਾਂ 'ਤੇ ਦਰਜ ਕੀਤੇ ਝੂਠੇ ਮੁਕੱਦਮੇ ਵੀ ਵਾਪਸ ਨਹੀਂ ਲਏ ਗਏ।

ਸੰਯੁਕਤ ਕਿਸਾਨ ਮੋਰਚੇ ਨੇ ਸਭ ਕਿਸਾਨਾਂ ਤੇ ਜਮਹੂਰੀ ਤਾਕਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸਾਨਾਂ ਦੇ ਉਪਰੋਕਤ ਮੁੱਦਿਆਂ ਨੂੰ ਹੱਲ ਕਰਾਉਣ ਲਈ ਰਾਜਧਾਨੀਆਂ ਵਿੱਚ ਮਾਰੇ ਜਾ ਰਹੇ ਧਰਨਿਆਂ ਵਿੱਚ ਸ਼ਾਮਲ ਹੋ ਕੇ ਮੁੜ ਅੰਦੋਲਨ ਖੜ੍ਹਾ ਕਰਨ ਲਈ ਯੋਗਦਾਨ ਪਾਉਣ।

# ਕਿੱਤਾਕਾਰੀ ਸੁਰੱਖਿਆ ਤੇ ਸਿਹਤ ਦੀ ਅਸਰਦਾਰ ਢੰਗ ਨਾਲ ਸੰਭਾਲ ਕੀਤੀ ਜਾਏ



ਡਾ. ਅਰੁਣ ਮਿੱਤਰਾ

ਸਿਲਕਿਆਰਾ ਸੁਰੰਗ 'ਤੇ ਵਾਪਰੇ ਹਾਦਸੇ ਨੇ, ਜਿੱਥੇ 41 ਮਜ਼ਦੂਰ ਫਸ ਗਏ ਹਨ, ਨੇ ਨਾ ਸਿਰਫ ਅਜਿਹੀਆਂ ਘਟਨਾਵਾਂ ਦੇ ਹੋਣ ਦੇ ਖਤਰੇ, ਸਗੋਂ ਅਜਿਹੇ ਹਾਦਸਿਆਂ ਨਾਲ ਨਜਿੱਠਣ ਲਈ ਐਮਰਜੈਂਸੀ ਤਿਆਰੀ ਦੀ ਮਾੜੀ ਸਥਿਤੀ ਨੂੰ ਵੀ ਉਜਾਗਰ ਕੀਤਾ ਹੈ। ਅਜਿਹੀਆਂ ਸਥਿਤੀਆਂ ਵਿੱਚ ਆਮ ਤੌਰ 'ਤੇ ਗਰੀਬ ਮਜ਼ਦੂਰ ਹੀ ਪ੍ਰਭਾਵਿਤ ਹੁੰਦੇ ਹਨ। ਸਿਰਫ ਵੱਡੇ ਪੱਧਰ 'ਤੇ ਰੌਲਾ-ਰੱਪਾ ਪੈਣ 'ਤੇ ਜਾਂ ਜਦੋਂ ਦਬਾਅ ਬਹੁਤ ਜ਼ਿਆਦਾ ਹੁੰਦਾ ਹੈ ਤਾਂ ਅਜਿਹੇ ਹਾਦਸਿਆਂ ਬਾਰੇ ਚਰਚਾ ਹੁੰਦੀ ਹੈ, ਨਹੀਂ ਤਾਂ ਜਾਂ ਤਾਂ ਇਹ ਹਾਦਸੇ ਰਿਪੋਰਟ ਹੀ ਨਹੀਂ ਕੀਤੇ ਜਾਂਦੇ ਹਨ ਜਾਂ ਅੰਤ ਵਿੱਚ ਮਜ਼ਦੂਰਾਂ ਦੇ ਪਰਵਾਰਾਂ ਨੂੰ ਜੇਕਰ ਸੰਬੰਧਤ ਵਿਅਕਤੀ ਬਚ ਜਾਂਦਾ ਹੈ ਤਾਂ ਇਲਾਜ ਲਈ ਦਰ ਬਦਰ ਧੱਕੇ ਖਾਣੇ ਪੈਂਦੇ ਹਨ ਤੇ ਜੇਕਰ ਮਜ਼ਦੂਰ ਦੀ ਮੌਤ ਹੋ ਜਾਂਦੀ ਹੈ ਤਾਂ ਮੁਆਵਜ਼ੇ ਲਈ। .

ਕੇਂਦਰੀ ਟਰੇਡ ਯੂਨੀਅਨਾਂ ਨੇ ਦੋਸ਼ ਲਾਇਆ ਹੈ ਕਿ ਸਰਕਾਰ ਦਾ ਕਿੱਤਾਮੁਖੀ ਸੁਰੱਖਿਆ ਉਪਾਵਾਂ ਪ੍ਰਤੀ ਬੇਰੁਖੀ ਵਾਲਾ ਰਵੱਈਆ ਹੈ, ਜਿਸ ਕਾਰਨ ਅਜਿਹੇ ਹਾਦਸੇ ਵਾਪਰਦੇ ਹਨ। ਕੰਮ ਵਾਲੇ ਸਥਾਨਾਂ 'ਤੇ ਦੁਰਘਟਨਾਵਾਂ ਕਾਮਿਆਂ ਦੀ ਕੰਮ ਵਾਲੀ ਥਾਂ ਦੀ ਸੁਰੱਖਿਆ ਦੇ ਸੰਬੰਧ ਵਿਚ ਕਾਨੂੰਨਾਂ ਦੀਆਂ ਕਮਜ਼ੋਰੀਆਂ ਅਤੇ ਮੌਜੂਦਾ ਨਿਯਮਾਂ ਦੀ ਢਿੱਲ ਅਤੇ ਉਲੰਘਣਾ ਕਾਰਨ ਵਾਪਰਦੀਆਂ ਹਨ।

ਇਸ ਵਿਸ਼ੇਸ਼ ਮਾਮਲੇ ਵਿੱਚ ਵੀ ਬਚਾਅ ਕਾਰਜ ਦੀ ਨਿਗਰਾਨੀ ਲਈ ਕੇਂਦਰ ਤੋਂ ਟੀਮ ਬਹੁਤ ਦੇਰ ਨਾਲ ਭੇਜੀ ਗਈ। ਬਾਕੀ ਕਾਮੇ ਜੋ ਬਾਹਰ ਹਨ, ਦੱਸ ਰਹੇ ਹਨ ਕਿ ਲੰਬੀਆਂ ਸੁਰੰਗਾਂ ਦੇ ਨਿਰਮਾਣ ਦੌਰਾਨ ਅਜਿਹੀਆਂ ਐਮਰਜੈਂਸੀ ਸਥਿਤੀਆਂ ਨੂੰ ਪੂਰਾ ਕਰਨ ਲਈ ਬਚਣ ਦੇ ਰਸਤੇ/ਸੁਰੰਗਾਂ ਦੀ ਯੋਜਨਾ ਵੀ ਨਹੀਂ ਸੀ! ਭੂ-ਵਿਗਿਆਨੀ ਅਤੇ ਮਾਹਰ ਇਹ ਆਖਦੇ ਹਨ ਕਿ ਭਾਰਤ ਵਿੱਚ ਸੁਰੰਗ ਦੇ ਨਿਰਮਾਣ ਵਿੱਚ ਸ਼ਾਮਲ ਕੰਪਨੀਆਂ ਅਤੇ ਏਜੰਸੀਆਂ ਲਾਗਤਾਂ ਵਿੱਚ ਕਟੌਤੀ ਅਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਸੁਰੱਖਿਆ ਚਿੰਤਾਵਾਂ ਅਤੇ ਉਹਨਾਂ ਦੁਆਰਾ ਸੁਝਾਏ ਗਏ ਉਪਾਵਾਂ ਨੂੰ ਨਜ਼ਰ-ਅੰਦਾਜ਼ ਕਰਦੀਆਂ ਹਨ। ਨਿਊ ਆਸਟ੍ਰੀਅਨ ਟਨਲਿੰਗ ਵਿਧੀ ਦੇ ਸਿਧਾਂਤ, ਜੋ ਕਿ ਇੱਕ ਨਿਰਮਾਣ ਵਿਧੀ ਅਤੇ ਇੱਕ ਡਿਜ਼ਾਈਨ ਫਲਸਫਾ ਹੈ, ਦਾ ਵੀ ਸਹੀ ਅਰਥਾਂ ਵਿੱਚ ਪਾਲਣ ਨਹੀਂ ਕੀਤਾ ਜਾਂਦਾ ਹੈ। ਮਾਹਰਾਂ ਦੁਆਰਾ ਗੰਭੀਰ ਚਿੰਤਾਵਾਂ ਉਠਾਈਆਂ ਗਈਆਂ ਹਨ ਕਿ ਸੁਰੰਗ ਦੇ ਅੰਦਰ ਪੈਦਾ ਹੋਣ ਵਾਲੀਆਂ ਜ਼ਹਿਰੀਲੀਆਂ ਗੈਸਾਂ ਨੂੰ ਬਾਹਰ ਨਹੀਂ ਕੱਢਿਆ ਜਾ ਰਿਹਾ। ਮਜ਼ਦੂਰਾਂ ਨੇ ਸ਼ਿਕਾਇਤ ਕੀਤੀ ਕਿ ਪਿਛਲੇ ਕਈ ਹਾਦਸਿਆਂ ਤੋਂ ਬਾਅਦ ਜੋ ਹਿਊਮ ਪਾਈਪਾਂ ਪਾਈਆਂ ਗਈਆਂ ਸਨ, ਉਹ ਵੀ ਸੁਰੰਗ ਦਾ ਕੰਮ ਪੂਰਾ ਹੋਣ ਤੋਂ ਪਹਿਲਾਂ ਹੀ ਹਟਾ ਦਿੱਤੀਆਂ ਗਈਆਂ ਸਨ।

ਕਿੱਤਾਕਾਰੀ ਸਿਹਤ ਤੇ ਸੁਰੱਖਿਆ ਬਾਰੇ ਸਿਹਤ ਕਰਮੀ ਅਤੇ ਮਜ਼ਦੂਰ ਜੱਥੇਬੰਦੀਆਂ ਸਦਾ ਹੀ ਚਿੰਤਤ ਰਹੀਆਂ ਹਨ। ਵਿਸ਼ਵ ਸਿਹਤ ਸੰਗਠਨ ਵੱਲੋਂ 2007 ਵਿੱਚ ਜੇਨੇਵਾ ਵਿਖੇ ਹੋਏ ਵਿਸ਼ਵ ਸਿਹਤ ਮਹਾਂਸੰਮੇਲਨ ਵਿੱਚ ਇਸ ਗੱਲ ਬਾਰੇ ਡੂੰਘੀਆਂ ਵਿਚਾਰਾਂ ਕਰਨ ਉਪਰੰਤ ਕਾਮਿਆਂ ਦੀ ਸਿਹਤ ਸੰਭਾਲ ਬਾਰੇ ਕਾਰਵਾਈ ਲਈ ਵਿਸ਼ਵ ਵਿਆਪੀ ਯੋਜਨਾ ਤਿਆਰ ਕੀਤੀ ਗਈ। ਇਸ ਵਿੱਚ ਕਿਹਾ ਗਿਆ ਕਿ ਮਜ਼ਦੂਰ ਦੁਨੀਆ ਦੀ ਲੱਗਭੱਗ ਅੱਧੀ ਅਬਾਦੀ ਹਨ ਅਤੇ ਵਿਸ਼ਵ ਦੇ ਆਰਥਿਕ ਅਤੇ ਸਮਾਜੀ ਵਿਕਾਸ ਵਿੱਚ ਭਰਪੂਰ ਯੋਗਦਾਨ ਪਾਉਂਦੇ ਹਨ, ਪਰ ਉਹਨਾਂ ਦੀਆਂ ਪੇਸ਼ੇ ਦੇ ਨਾਲ ਜੁੜੀਆਂ ਬਿਮਾਰੀਆਂ ਤੋਂ ਬਚਾਓ ਤੇ ਸਿਹਤ ਸੰਭਾਲ ਬਾਰੇ ਬਹੁਤੇ ਦੇਸ਼ਾਂ ਵਿੱਚ ਆਮ ਕਰਕੇ ਮੰਦੀ ਹਾਲਤ ਹੈ। ਬਹੁਤ ਹੀ ਥੋੜ੍ਹੇ ਕਾਮਿਆਂ ਨੂੰ ਕਿੱਤਾਕਾਰੀ ਸੁਰੱਖਿਆ ਸਹੀ ਢੰਗ ਨਾਲ ਪ੍ਰਾਪਤ ਹੁੰਦੀ ਹੈ।

ਕੌਮਾਂਤਰੀ ਮਜ਼ਦੂਰ ਸੰਗਠਨ ਦੇ ਮੁਤਾਬਕ ਦੁਨੀਆ ਵਿੱਚ ਹਰ ਸਾਲ 31.7 ਕਰੋੜ ਲੋਕ ਕੰਮ ਦੇ ਨਾਲ ਜੁੜੀਆਂ ਬਿਮਾਰੀਆਂ ਦਾ ਤੇ 33.7 ਕਰੋੜ ਲੋਕ ਕੰਮ ਦੇ ਨਾਲ ਜੁੜੀਆਂ ਦੁਰਘਟਨਾਵਾਂ ਦਾ ਸ਼ਿਕਾਰ ਹੁੰਦੇ ਹਨ। ਹਰ ਸਾਲ ਦੁਨੀਆ ਵਿੱਚ 5.5 ਕਰੋੜ ਮੌਤਾਂ ਹੁੰਦੀਆਂ ਹਨ, ਜਿਹਨਾਂ ਵਿੱਚੋਂ 20



ਲੱਖ ਯਾਨੀ ਕਿ 3.6 ਪ੍ਰਤੀਸ਼ਤ ਕੰਮ ਦੇ ਨਾਲ ਜੁੜੀਆਂ ਬਿਮਾਰੀਆਂ ਜਾਂ ਦੁਰਘਟਨਾਵਾਂ ਕਰਕੇ ਹੁੰਦੀਆਂ ਹਨ। ਇਹਨਾਂ ਮੌਤਾਂ ਦੇ ਕਾਰਨ ਪਰਵਾਰਾਂ ਨੂੰ ਹੋਏ ਨੁਕਸਾਨ ਦਾ ਤਾਂ ਕੋਈ ਹਿਸਾਬ ਹੀ ਨਹੀਂ ਲਗਾਇਆ ਜਾ ਸਕਦਾ। ਆਰਥਿਕ ਪੱਖੋਂ ਇਹਨਾਂ ਮੌਤਾਂ ਦੇ ਕਾਰਨ ਦੁਨੀਆ ਦੇ ਕੁਲ ਉਤਪਾਦ ਵਿੱਚ 4 ਪ੍ਰਤੀਸ਼ਤ ਨੁਕਸਾਨ ਹੁੰਦਾ ਹੈ। ਸਾਡੇ ਦੇਸ਼ ਵਿੱਚ ਹਰ ਸਾਲ ਹੋਣ ਵਾਲੀਆਂ 97 ਲੱਖ ਮੌਤਾਂ ਵਿੱਚੋਂ 48000 ਯਾਨੀ 4.8 ਪ੍ਰਤੀਸ਼ਤ ਕੰਮ ਦੇ ਨਾਲ ਜੁੜੀਆਂ ਬਿਮਾਰੀਆਂ ਜਾਂ ਦੁਰਘਟਨਾਵਾਂ ਕਰਕੇ ਹੁੰਦੀਆਂ ਹਨ। ਇਹਨਾਂ ਵਿੱਚੋਂ 24.20 ਪ੍ਰਤੀਸ਼ਤ ਉਸਾਰੀ ਦੇ ਕੰਮਾਂ ਦੇ ਨਾਲ ਜੁੜੇ ਮਜ਼ਦੂਰਾਂ ਦੀਆਂ ਹਨ।

ਇਹਨਾਂ ਵਿੱਚੋਂ ਬਹੁਤ ਸਾਰੀਆਂ ਮੌਤਾਂ ਨੂੰ ਬਚਾਓ ਦੇ ਸਹੀ ਪ੍ਰਬੰਧਾਂ ਦੇ ਨਾਲ ਬਚਾਇਆ ਜਾ ਸਕਦਾ ਹੈ।

ਭਾਰਤ ਵਿੱਚ ਲੱਗਭੱਗ 54 ਕਰੋੜ ਕਾਮੇ ਹਨ। ਬਾਵਜੂਦ ਇਸ ਦੇ ਕਿ ਉਹ ਦੇਸ਼ ਦੇ ਵਿਕਾਸ ਵਿੱਚ ਲੱਗੇ ਹੋਏ ਹਨ, ਉਹ ਸਿਹਤ ਸੇਵਾਵਾਂ ਪੱਖੋਂ ਪੂਰੀ ਤਰ੍ਹਾਂ ਵਾਂਝੇ ਹਨ। ਕੁੱਲ ਕਾਮਿਆਂ ਵਿੱਚੋਂ 93 ਪ੍ਰਤੀਸ਼ਤ ਗੈਰ ਜੱਥੇਬੰਦ ਖੇਤਰ ਵਿੱਚ ਹਨ। ਕੇਵਲ 3 ਪ੍ਰਤੀਸ਼ਤ ਕਰਮੀ ਸਰਕਾਰੀ ਜਾਂ ਜਨਤਕ ਖੇਤਰ ਵਿੱਚ ਕੰਮ ਕਰਦੇ ਹਨ ਤੇ ਉਹਨਾਂ ਨੂੰ ਇਹ ਲਾਭ ਮੁਹੱਈਆ ਹਨ। ਇਹਨਾਂ ਤੋਂ ਇਲਾਵਾ ਕੇਵਲ 11 ਪ੍ਰਤੀਸ਼ਤ ਕਾਮਿਆਂ ਨੂੰ ਹੀ ਇਹ ਲਾਭ ਪ੍ਰਾਪਤ ਹਨ, ਬਾਕੀ ਦੇ ਗੈਰ ਜੱਥੇਬੰਦ ਖੇਤਰ ਵਿੱਚ ਕੰਮ ਵਿੱਚ ਲੱਗੇ ਕਰਮੀ ਇਹਨਾਂ ਸਹੂਲਤਾਂ ਤੋਂ ਵਾਂਝੇ ਹਨ।

ਵਿਸ਼ਵ ਸਿਹਤ ਜੱਥੇਬੰਦੀ ਨੇ ਸਲਾਹ ਦਿੱਤੀ ਹੈ ਕਿ ਸਰਕਾਰਾਂ ਨੂੰ ਕਾਮਿਆਂ ਦੀ ਸਿਹਤ ਸੰਭਾਲ ਦੇ ਲਈ ਕੌਮਾਂਤਰੀ ਸੰਧੀਆਂ ਮੁਤਾਬਕ ਕਾਨੂੰਨ ਬਣਾਉਣੇ ਚਾਹੀਦੇ ਹਨ। ਇਸ ਲਈ ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਰੱਖ ਕੇ ਕੰਮ ਕਰਨ ਨੂੰ ਪਹਿਲ ਦਿੱਤੀ ਜਾਏ। ਇਹ ਜ਼ਰੂਰੀ ਤਾਂ ਹੈ ਕਿਉਂਕਿ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਸਿਹਤ 'ਤੇ ਵੱਖ-ਵੱਖ ਕਿਸਮ ਦੇ ਪ੍ਰਭਾਵ ਪੈਂਦੇ ਹਨ, ਜੋ ਖਾਨਾਂ ਵਿੱਚ ਕੰਮ ਕਰਦੇ ਹਨ। ਉਹਨਾਂ 'ਤੇ ਉਸ ਖਾਨ ਵਿੱਚ ਮੌਜੂਦ ਤੱਤਾਂ ਦੇ ਪ੍ਰਭਾਵ ਪੈਂਦੇ ਹਨ, ਜਿਹੜੇ ਕਾਮੇ ਪਰਮਾਣੂ ਖੇਤਰ ਵਿੱਚ ਕੰਮ ਕਰਦੇ ਹਨ, ਉਹਨਾ ਉੱਪਰ ਕਿਰਨਾਂ ਦੇ ਪ੍ਰਭਾਵ ਪੈਂਦੇ ਹਨ। ਕਾਰਖਾਨਿਆਂ ਵਿੱਚ ਕੰਮ ਕਰਨ ਵਾਲਿਆਂ ਦੀਆਂ ਸਿਹਤ ਸਮੱਸਿਆਵਾਂ ਵੱਖ ਹਨ। ਮੈਡੀਕਲ ਕਰਮੀਆਂ ਨੂੰ ਕੀਟਾਣੂਆਂ ਤੋਂ ਹੋਣ ਵਾਲੀਆਂ ਬੀਮਾਰੀਆਂ ਦਾ ਖਤਰਾ ਰਹਿੰਦਾ ਹੈ। ਸੀਵਰ ਵਿੱਚ ਕੰਮ ਕਰਨ ਵਾਲੇ ਕਾਮੇ ਸਦਾ ਹੀ ਗੰਦਗੀ ਤੇ ਜ਼ਹਿਰੀਲੀਆਂ ਗੈਸਾਂ ਦੇ ਪ੍ਰਭਾਵ ਹੇਠ ਹੁੰਦੇ ਹਨ। ਮਤਲਬ ਇਹ ਕਿ ਇਹਨਾਂ ਸਭ ਦੀਆਂ ਸਿਹਤ ਸਮੱਸਿਆਵਾਂ ਵੱਖ-ਵੱਖ ਹਨ ਤੇ ਇਹਨਾਂ ਦੀ ਸੰਭਾਲ ਤੇ ਮੁਆਵਜ਼ੇ ਵੀ ਅਲੱਗ-ਅਲੱਗ ਹਨ। ਇਸ ਤੋਂ ਇਲਾਵਾ ਗਰਭਵਤੀ ਔਰਤਾਂ, ਘੱਟ ਉਮਰ ਦੇ ਕਾਮਿਆਂ, ਵੱਡੀ ਉਮਰ ਦੇ ਕਰਮਚਾਰੀਆਂ, ਵਿਕਲਾਂਗਾਂ ਅਤੇ ਪਰਵਾਸੀ ਮਜਦੂਰਾਂ ਵੱਲ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੈ।

ਕਾਮਿਆਂ ਦੀ ਸਿਹਤ ਸੰਭਾਲ ਸਮਾਜ ਤੇ ਸਰਕਾਰ ਦੋਵਾਂ ਦੇ ਤਾਲਮੇਲ ਨਾਲ ਕੀਤੀ ਜਾ ਸਕਦੀ ਹੈ। ਇਸ ਲਈ ਸਰਕਾਰ ਵੱਲੋਂ ਅਗਵਾਈ ਲੈ ਕੇ ਕੌਮੀ ਨੀਤੀਆਂ ਵੱਲ ਧਿਆਨ ਦੇਣ ਦੀ ਲੋੜ ਹੈ।

ਏਟਕ ਸਮੇਤ ਸਮੂਹ ਕੇਂਦਰੀ ਟ੍ਰੇਡ ਯੂਨੀਅਨਾਂ ਨੇ ਬਿਆਨ ਵਿੱਚ ਅਫਸੋਸ ਜਤਾਇਆ ਹੈ ਕਿ ਸਰਕਾਰ ਵੱਲੋਂ ਕਾਮਿਆਂ ਦੀ ਸਿਹਤ ਸੰਭਾਲ ਲਈ ਲਿਆਂਦਾ ਗਿਆ ਕਿੱਤਾ ਕੋਡ ਇਹਨਾਂ ਮਸਲਿਆਂ ਨੂੰ ਹੱਲ ਕਰਨ ਲਈ ਉਚੇਚੇ ਕਦਮ ਨਹੀਂ ਪੁੱਟਦਾ ਦਿਖਦਾ। ਇਸ ਵਿੱਚ ਕਾਨੂੰਨ ਦੀ ਪਾਲਣਾ ਕਰਵਾਉਣ ਦੇ ਲਈ ਢੁਕਵੇਂ ਨਿਯਮ ਨਹੀਂ ਹਨ। ਨਾ ਹੀ ਇਸ ਵਿੱਚ ਦੇਸ਼ ਅੰਦਰ ਗੈਰ ਜੱਥੇਬੰਦ ਕਾਮਿਆਂ ਲਈ, ਜੋ ਬਹੁਤ ਵੱਡਾ ਹਿੱਸਾ ਹਨ, ਕੋਈ ਉਪਾਅ ਹਨ। ਇਸ ਵਿੱਚ ਸਭ ਕਾਮਿਆਂ ਲਈ ਸਿਹਤ ਸੰਭਾਲ ਦਾ ਕੋਈ ਕਾਨੂੰਨ ਨਹੀਂ ਹੈ। ਜਰੂਰੀ ਹੈ ਕਿ ਕੋਡ ਵਿੱਚ ਸਭ ਨੂੰ ਸਿਹਤ ਸੰਭਾਲ ਤੇ ਸੁਰੱਖਿਆ ਦੇ ਲਾਭ ਦਿੱਤੇ ਜਾਣ। ਇਸ ਵਿੱਚ ਟ੍ਰੇਨਿੰਗ ਲੈਣ ਵਾਲੇ ਨਵੇਂ ਮੁਲਾਜ਼ਮ ਵੀ ਖਾਸ ਤੌਰ 'ਤੇ ਦਰਜ ਕੀਤੇ ਜਾਣੇ ਚਾਹੀਦੇ ਹਨ, ਕਿਉਂਕਿ ਕੱਚਘੜ ਹੋਣ ਦੇ ਕਾਰਨ ਉਹਨਾਂ ਨੂੰ ਖਤਰਾ ਜ਼ਿਆਦਾ ਹੁੰਦਾ ਹੈ।

ਮੋਟੇ ਤੌਰ 'ਤੇ ਇਹ ਕੋਡ ਗੈਰ ਰਜਿਸਟਰਡ ਜੱਥੇਬੰਦੀਆਂ ਦੀ ਅਣਦੇਖੀ ਕਰਦਾ ਹੈ ਜਦੋਂ ਕਿ ਇਹਨਾਂ ਦੀ ਗਿਣਤੀ 93 ਪ੍ਰਤੀਸ਼ਤ ਹੈ, ਹਰ ਕਾਮੇ ਨੂੰ ਇਹਨਾਂ ਕਾਨੂੰਨਾਂ ਦੇ ਦਾਇਰੇ ਵਿੱਚ ਲਿਆਉਣ ਦੀ ਲੋੜ ਹੈ, ਭਾਵੇਂ ਉਹ ਸੁਪਰਵਾਈਜ਼ਰ ਹੋਣ ਜਾਂ ਮੈਨੇਜਰ ਹੋਣ।

ਕਈ ਹੋਰ ਕੈਟੇਗਰੀਆਂ ਦੇ ਕਾਮੇ ਜਿਵੇਂ ਕਿ ਖੇਤੀਬਾੜੀ ਵਿੱਚ ਲੱਗੇ ਕਾਮੇ, ਸੀਵਰ ਕਾਮੇ, ਘਰੇਲੂ ਕਾਮੇ, ਸੁਰੱਖਿਆ ਵਿੱਚ ਲੱਗੇ ਕਰਮੀ, ਲੂਣ ਦੇ ਉਦਯੋਗ ਵਿੱਚ ਲੱਗੇ ਕਾਮੇ, ਜੰਗਲਾਤ ਕਾਮੇ, ਸੂਚਨਾ ਤੇ ਤਕਨਾਲੋਜੀ ਕਾਮੇ, ਕੋਰੀਅਰ ਕਾਮੇ ਅਤੇ ਆਂਗਨਵਾੜੀ ਕਾਮੇ ਇਸ ਦੇ ਦਾਇਰੇ ਵਿੱਚ ਆਉਣੇ ਚਾਹੀਦੇ ਹਨ। ਇਸਤਰੀ ਕਾਮਿਆਂ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਜੇਕਰ ਕਾਮਿਆਂ ਨੂੰ ਪੀਣ ਦਾ ਸਾਫ ਪਾਣੀ, ਕੰਮ ਕਰਨ ਦੀ ਚੰਗੀ ਥਾਂ ਆਦਿ ਵਰਗੀਆਂ ਸਹੂਲਤਾਂ ਨਾ ਦਿੱਤੀਆਂ ਜਾਣ ਤਾਂ ਇਹ ਉਮੀਦ ਰੱਖਣਾ ਕਿ ਉਹ ਚੰਗੀ ਤਰ੍ਹਾਂ ਕੰਮ ਕਰਨਗੇ, ਠੀਕ ਨਹੀਂ ਹੈ। ਇਹ ਆਮ ਗੱਲ ਹੈ ਕਿ ਬਹੁਤ ਸਾਰੀਆਂ ਥਾਵਾਂ 'ਤੇ ਕਾਮਿਆਂ ਦੇ ਨਾਂਅ ਦਰਜ ਹੀ ਨਹੀਂ ਕੀਤੇ ਜਾਂਦੇ। ਕਿਸੇ ਵੀ ਉਦਯੋਗਿਕ ਕੇਂਦਰ ਵਿੱਚ ਜਾਣ 'ਤੇ ਇਸ ਗੱਲ ਦਾ ਸਾਫ ਪਤਾ ਲਗਦਾ ਹੈ, ਸਰਕਾਰਾਂ ਨੂੰ ਸੋਚਣਾ ਪਏਗਾ ਕਿ ਜੇ ਕਾਮਿਆਂ ਦੀਆਂ ਸਿਹਤ ਲੋੜਾਂ ਪੂਰੀਆਂ ਨਾ ਕੀਤੀਆਂ ਜਾਣ ਤਾਂ ਪੈਦਾਵਾਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਇਸ ਦਾ ਦੇਸ਼, ਸਮਾਜ ਅਤੇ ਖੁਦ ਉੱਦਮੀਆਂ ਨੂੰ ਵੀ ਨੁਕਸਾਨ ਹੁੰਦਾ ਹੈ।

# ਸੰਪਰਕ : 94170-00360

## 35ਵੀਂ ਬਰਸੀ 'ਤੇ

# ਕਾਮਰੇਡ ਅਜੀਤ ਸਿੰਘ ਗਦਰੇ ਨੂੰ ਯਾਦ ਕਰਦਿਆਂ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ



ਮੈਂ ਉਸ ਕਮਿਊਨਿਸਟ ਕਿਸਾਨ ਯੋਧੇ ਦੀ ਬਾਤ ਪਾਉਣ ਜਾ ਰਿਹਾ ਹਾਂ, ਜੋ ਲੰਮ-ਸਲੰਮਾ ਇਕਹਿਰੇ ਸਰੀਰ ਦਾ ਫੁਰਤੀਲਾ ਅਤੇ ਨਿੱਡਰ ਯੋਧਾ ਸੀ, ਜਿਸ ਨੂੰ ਮੈਂ 1967 ਵਿੱਚ ਪਾਰਟੀ ਮੈਂਬਰ ਬਣਨ ਤੋਂ ਕਾਮਰੇਡ ਕੁਲਵੰਤ ਸਿੰਘ ਐੱਮ ਐੱਲ ਏ ਅਤੇ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਸੰਗਤ ਵਿੱਚ ਆਮ ਦੇਖਿਆ ਕਰਦਾ ਸੀ। ਉਹ ਵੀ ਬਾਕੀਆਂ ਵਾਂਗ ਹਸਮੁਖ ਅਤੇ ਮਖੌਲੀਏ ਸੁਭਾਅ ਦਾ ਪਾਰਟੀ ਦਾ ਸਿਪਾਹੀ ਸੀ। ਉਹ ਆਦਮਪੁਰ ਹਲਕੇ ਤੋਂ ਆਣ ਕੇ ਪੱਕੇ ਤੌਰ 'ਤੇ ਪਿੰਡ ਗਦਰਾ ਵਿਖੇ ਪੱਕੇ ਰਿਹਾਇਸ਼ੀ ਬਣ ਗਏ।

ਪਿੰਡ ਫਿਲੌਰ ਤਹਿਸੀਲ ਵਿੱਚ ਆਉਣ ਕਰਕੇ ਉਹ ਇਸ ਤਹਿਸੀਲ ਦੇ ਪਾਰਟੀ ਸੈਕਟਰੀ ਰਹਿ ਕੇ ਕੰਮ ਕਰਦੇ ਰਹੇ, ਪਰ ਕੰਮ ਕਰਨ ਦੀ ਪਹਿਲ ਉਨ੍ਹਾਂ ਕਿਸਾਨੀ ਮਸਲਿਆਂ ਨੂੰ ਦਿੱਤੀ। ਜਲੰਧਰ ਜ਼ਿਲ੍ਹੇ ਵਿੱਚ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਤਾਂ ਉਹ ਪਹਿਲ ਦੇ ਅਧਾਰ 'ਤੇ ਉਥੇ ਪਹੁੰਚਦੇ, ਇਹ ਉਨ੍ਹਾ ਦੀ ਲਗਾਤਾਰ ਸਰਗਰਮੀ ਦਾ ਹਿੱਸਾ ਹੀ ਸੀ ਕਿ ਉਹ ਸ਼ਹਾਦਤ ਪਾਉਣ ਤੋਂ ਪਹਿਲਾਂ ਕਰਤਾਰਪੁਰ ਦੇ ਹਲਕੇ ਦੇ ਨੁੱਸੀ ਪਿੰਡ ਵਿੱਚ ਨੌਜਵਾਨਾਂ ਦੇ ਟੂਰਨਾਮੈਂਟ ਦਾ ਉਦਘਾਟਨ ਕਰਕੇ ਪਿੰਡ ਵਾਪਸੀ ਸਮੇਂ ਜਦ ਤਲਵਣ ਤੇ ਆਪਣੇ ਪਿੰਡ ਵਿਚਕਾਰ ਜਾ ਰਹੇ ਸਨ ਤਾਂ ਕੁਝ ਸਿਰਫਿਰੇ ਅੱਤਵਾਦੀਆਂ ਨੇ ਕਿਸਾਨਾਂ ਦੇ ਲੋਕ ਨਾਇਕ ਨੂੰ ਗੋਲੀਆਂ ਮਾਰ ਕੇ ਢੇਰ ਕਰ ਦਿੱਤਾ।

ਇਹ ਮਰਹੂਮ ਅਜੀਤ ਸਿੰਘ ਗਦਰਾ ਅਤੇ ਮਰਹੂਮ ਕਾਮਰੇਡ ਰਤਨ ਸਿੰਘ ਦੌਲੀਕੇ ਦੀ ਨੇੜਤਾ ਹੀ ਸੀ, ਜਿਸ ਕਰਕੇ ਅਜੀਤ ਸਿੰਘ ਗਦਰੇ ਦੀ ਸਪੁੱਤਰੀ ਅਤੇ ਰਤਨ ਸਿੰਘ ਦੌਲੀਕੇ ਦੇ ਸਪੁੱਤਰ ਵਿਆਹ ਬੰਧਨ 'ਚ ਬੱਝੇ। ਮੈਂ ਜਾਣਕਾਰੀ ਲਈ ਆਪਣੇ ਸਾਥੀਆਂ ਨੂੰ ਦੱਸਣਾ ਚਾਹਾਂਗਾ ਕਿ ਮੈਂ 1981 ਵਿੱਚ ਨੌਕਰੀ 'ਚੋਂ ਉਦੋਂ ਅਸਤੀਫ਼ਾ ਦਿੱਤਾ ਸੀ, ਜਦ ਰਤਨ ਜੀ ਦੇ ਲੜਕੇ ਦੀ ਮੇਰੀ ਜਗ੍ਹਾ ਨੌਕਰੀ ਦੀ ਅਡਜਸਟਮੈਂਟ ਹੋ ਗਈ ਸੀ। ਜੇ ਮੈਂ ਗਲਤ ਨਾ ਹੋਵਾਂ ਤਾਂ ਇਹ ਕੰਮ ਰਤਨ ਜੀ ਦੇ ਇੱਕ ਕਾਂਗਰਸੀ ਨੇੜੂ ਚੌਧਰੀ ਦਰਸ਼ਨ ਸਿੰਘ ਨੇ ਕਰਵਾਇਆ ਸੀ। ਮੈਂ ਆਪਣੀ ਨੌਕਰੀ ਸਰਕਾਰੀ ਹਾਈ ਸਕੂਲ ਰਹੀਮਪੁਰ ਤੋਂ ਛੱਡੀ ਸੀ।

ਅਜੀਤ ਸਿੰਘ ਗਦਰਾ ਜੀ ਨੇ ਕਾਮਰੇਡ ਕੁਲਵੰਤ ਸਿੰਘ ਦਾ ਸਾਥ ਕਰਕੇ ਅਥਾਹ ਕੰਮ ਭੋਗਪੁਰ ਮਿਲ ਵਿੱਚ ਕੀਤਾ। ਫਿਰ ਇਹੀ ਕੰਮ ਉਨ੍ਹਾ ਨਕੋਦਰ ਦੀ ਗੰਨਾ ਮਿਲ ਲਈ ਕਿਸਾਨ ਆਗੂਆਂ ਨਾਲ ਰਲ ਕੇ ਕੀਤਾ। ਲੇਖਕ ਨੂੰ ਵੀ ਗਦਰਾ ਜੀ ਦੇ ਜਿਊਂਦੇ ਜੀ ਇੱਕ-ਦੋ ਵਾਰ ਉਨ੍ਹਾ ਦੇ ਪਿੰਡ ਜਾਣ ਦਾ ਮੌਕਾ ਮਿਲਿਆ। ਇਸ ਸ਼ਹਾਦਤ ਨੇ ਤਲਵਣ ਇਲਾਕੇ ਵਿੱਚ ਹਾਹਾਕਾਰ ਮਚਾ ਦਿੱਤੀ। ਸਮੇਂ ਨੇ ਇਸ ਗੱਲ 'ਤੇ ਸਹੀ ਪਾਈ ਹੈ ਕਿ ਖੱਬੀ ਸੋਚ ਨੂੰ ਖ਼ਤਮ ਕਰਨ ਵਾਲੇ ਆਪ ਖ਼ਤਮ ਹੋ ਚੁੱਕੇ ਹਨ, ਪਰ ਖੱਬੀ ਸੋਚ ਨੂੰ ਨਾ ਖ਼ਤਮ ਅਤੇ ਨਾ ਹੀ ਦਬਾਅ ਸਕੇ ਹਨ।

ਇਹ ਪਰਵਾਰਕ ਸਿਰੜ ਹੀ ਹੈ ਕਿ ਪਰਵਾਰ ਨੇ ਨਵੰਬਰ 1988 ਤੋਂ ਲੈ ਕੇ ਅੱਜ ਤੱਕ ਨਿਰਵਿਘਨ ਬਰਸੀ ਮਨਾ ਕੇ ਗਦਰਾ ਜੀ ਦੇ ਕੰਮਾਂ ਅਤੇ ਸ਼ਹਾਦਤ ਨੂੰ ਤਾਜ਼ਾ ਰੱਖਿਆ ਹੈ। ਲੇਖਕ ਨੂੰ ਅੱਜ ਵੀ ਯਾਦ ਹੈ ਕਿ ਉਸ ਵੇਲੇ ਦੀ ਹਰ ਅੱਤਵਾਦ ਵਿਰੋਧੀ ਸਿਆਸੀ ਪਾਰਟੀ ਨੇ ਗਦਰਾ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਸੀ ਅਤੇ ਅੱਤਵਾਦੀਆਂ ਦੇ ਅਜਿਹੇ ਘਿਨਾਉਣੇ ਵਰਤਾਰੇ ਦੀ ਨਿਖੇਧੀ ਕੀਤੀ ਸੀ। ਅਖੀਰ ਮੈਂ ਅੱਜ ਉਨ੍ਹਾ ਦੀ 35ਵੀਂ ਬਰਸੀ ਮੌਕੇ ਉਨ੍ਹਾ ਦੀ ਸ਼ਹਾਦਤ ਅੱਗੇ ਸਿਰ ਝੁਕਾਉਂਦਾ ਹਾਂ ਅਤੇ ਪਰਵਾਰ ਦੇ ਅਜਿਹੇ ਸਿਰੜ ਨੂੰ ਪ੍ਰਣਾਮ ਕਰਦਾ ਹਾਂ।

#ਸੰਪਰਕ : 98721-65741

# ਹੜ੍ਹਾਂ ਦੀ ਦੂਹਰੀ ਮਾਰ

ਐਡਵੋਕੇਟ ਰਵਿੰਦਰ ਧਾਲੀਵਾਲ

ਭਗਵਾਨ ਸਿਓਂ ਗੁਰੂ ਨਾਨਕ ਦੇ ਉਪਦੇਸ਼ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੰਪੂਰਨ ਧਾਰਨੀ ਸੀ। ਇਹ ਗੱਲ ਪਿੰਡ ਦੇ ਲੋਕ ਹੀ ਨਹੀਂ, ਸਗੋਂ ਗੁਆਂਢੀ ਪਿੰਡ ਦੇ ਖੇਤਾਂ ਵਾਲੇ ਵੀ ਜਾਣਦੇ ਸਨ। ਪੂਰਾ ਦਿਨ ਮਿੱਟੀ ਨਾਲ ਮਿੱਟੀ ਹੋ ਕੇ ਸਖਤ ਮਸ਼ੱਕਤ ਕਰ ਆਥਣ ਦਾ ਸਮਾਂ ਆਪਣੇ ਪਰਵਾਰ ਨਾਲ ਬਿਤਾਉਂਦਾ। ਹਰ ਫਸਲ ਦਾ ਪਹਿਲਾ ਪੂਰ ਦਾਨ ਲਈ ਕੱਢਦਾ। ਚਾਰੇ ਭਰਾਵਾਂ ਨੇ ਲੜਾਈ-ਝਗੜੇ ਤੋਂ ਬਚਦਿਆਂ ਵੰਡ ਕਰਦੇ ਸਮੇਂ ਸੜਕ ਨਾਲ ਲਗਦੀ ਜ਼ਮੀਨ ਨੂੰ ਵੀ ਸੂਝ-ਬੂਝ ਨਾਲ ਵੰਡਿਆ। ਜਿਵੇਂ ਹੀ ਜ਼ਮੀਨ ਦੇ ਭਾਅ ਅਸਮਾਨੀਂ ਚੜ੍ਹੇ, ਤਿੰਨ ਭਰਾ ਤਾਂ ਜ਼ਮੀਨ ਨੂੰ ਵੇਚ ਕੇ ਸਹਿਰ ਚਲੇ ਗਏ। ਭਗਵਾਨ ਸਿਓ ਇੰਚ ਵੀ ਜ਼ਮੀਨ ਵੇਚਣ ਲਈ ਰਾਜ਼ੀ ਨਾ ਹੋਇਆ ਜਦੋਂ ਕਿ ਡੀਲਰ ਮੂੰਹ ਮੰਗਿਆ ਪੈਸਾ ਦੇ ਰਹੇ ਸਨ।

ਭਗਵਾਨ ਸਿਓਂ ਦੇ ਦੋ ਕੁੜੀਆਂ ਤੇ ਇਕ ਮੁੰਡਾ ਸੀ। ਕੁੜੀਆਂ ਪੜ੍ਹਨ ਵਿੱਚ ਹੁਸ਼ਿਆਰ ਸਨ। ਬੇਰੁਜ਼ਗਾਰੀ ਕਾਰਨ ਬੀ.ਐਡ ਕਰਨ ਮਗਰੋਂ ਵੀ ਸਰਕਾਰੀ ਨੌਕਰੀ ਨਾ ਮਿਲੀ। ਉਂਜ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਕੇ ਪਿਤਾ ਦੀ ਪੂਰੀ ਮਦਦ ਕਰਦੀਆਂ ਸਨ। ਜਦੋਂ ਕਿ ਭਗਵਾਨ ਸਿਓਂ ਨੇ ਮੁੰਡੇ ਨੂੰ ਵਿਤੋਂ ਬਾਹਰ ਜਾ ਕੇ ਤਕਨੀਕੀ ਸਿੱਖਿਆ ਦਾ ਕੋਰਸ ਕਰਵਾਇਆ ਪਰ ਕੈਨੇਡਾ ਦੇ ਸੁਪਨਿਆਂ ਨੇ ਨੌਕਰੀ ਵੱਲ ਧਿਆਨ ਨਾ ਦੇਣ ਦਿੱਤਾ। ਪਿਤਾ ਨੂੰ ਗੱਲੀਂਬਾਤੀਂ ਜ਼ਮੀਨ ਵੇਚ ਕੇ ਵਿਦੇਸ਼ ਭੇਜਣ ਦੀ ਸੁਲ੍ਹਾ ਜ਼ਰੂਰ ਮਾਰਦਾ। ਘਰ ਵਾਲੇ ਪਹਿਲਾਂ ਕੁੜੀਆਂ ਦੇ ਵਿਆਹ ਕਰਨਾ ਜ਼ਰੂਰੀ ਸਮਝਦੇ ਸਨ। ਆਪਣੀ ਵੱਡੀ ਭੈਣ ਦੁਆਰਾ ਦੱਸੇ ਮੁੰਡਿਆਂ ਬਾਬਤ ਗੱਲ ਵੀ ਚੱਲ ਰਹੀ ਸੀ। ਖਾਨਦਾਨੀ ਬੰਦੇ ਹੋਣ ਕਰਕੇ ਭਗਵਾਨ ਸਿਓਂ ਨੇ ਵਿਆਹ ਲੱਗਭੱਗ ਤੈਅ ਕਰ ਦਿੱਤੇ ਸਨ। ਥੋੜ੍ਹੀ ਪੁੱਛ-ਪੜਤਾਲ ਕਰਨ ਮਗਰੋਂ ਤਰੀਕ ਵੀ ਪੱਕੀ ਕਰ ਲਈ ਸੀ। ਮੁੰਡੇ ਵਾਲੇ ਬਿਨਾਂ ਦਾਜ-ਦਹੇਜ ਦੇ ਵਿਆਹ ਕਰਨ ਲਈ ਰਾਜ਼ੀ ਹੋ ਗਏ। ਭਗਵਾਨ ਸਿਓਂ ਨੇ ਦਰਮਿਆਨੇ ਤਰੀਕੇ ਨਾਲ ਵਿਆਹ ਕਰਨ ਦੀ ਸਲਾਹ ਦਿੱਤੀ। ਚਾਰ ਸਾਲਾਂ ਤੋਂ ਘਰ ਬੈਠੇ ਮੁੰਡੇ ਦੇ ਦੋਸਤ ਬਾਹਰਲੇ ਮੁਲਕਾਂ ਦੀਆਂ ਉਡਾਰੀਆਂ ਲਾ ਰਹੇ ਸਨ। ਮੁੰਡੇ ਨੇ ਵੀ ਘੱਟ ਖਰਚ ਕਰਨ ਦੀ ਹਾਮੀ ਭਰੀ। ਪਰ ਬਚਾਏ ਪੈਸਿਆਂ ਦੇ ਨਾਲ ਵਿਦੇਸ਼ ਭੇਜਣ ਦੀ ਗੱਲ ਦਾ ਸਾਰੇ ਪਰਵਾਰ ਨੇ ਬੁਰਾ ਮਨਾਇਆ। ਪਤਨੀ ਦੇ ਕਹਿਣ 'ਤੇ ਭਗਵਾਨ ਸਿਓਂ ਨੇ ਚੁੱਪ ਵੱਟ ਲਈ। ਸਾਰਾ ਹਿਸਾਬ ਕਰਨ ਮਗਰੋਂ ਪੈਸੇ ਘਟਦੇ ਜਾਪੇ ਤਾਂ ਅਗਲੀ ਫਸਲ ਦੇ ਪੈਸੇ ਵੀ ਆੜ੍ਹਤੀਏ ਤੋਂ ਪਹਿਲਾਂ ਹੀ ਫੜ ਲਏ। ਜਿਸ ਦੀ ਘਰੇ ਗੱਲ ਕਰਨ ਤੋਂ ਵੀ ਸੰਕੋਚ ਕੀਤਾ। ਪਰ ਹਾੜ੍ਹੀ ਦੀ ਫਸਲ ਘੱਟ ਨਿਕਲਣ ਕਰਕੇ ਪੂਰੇ ਨਾ ਹੋਏ। ਜਿਸ ਦਾ ਪਤੀ-ਪਤਨੀ ਨੂੰ ਡਾਢਾ ਦੁੱਖ ਹੋਇਆ। ਹਮੇਸ਼ਾ ਔਕੜਾਂ ਨਾਲ ਖਹਿ ਕੇ ਲੰਘਣ ਵਾਲੇ ਭਗਵਾਨ ਸਿਓਂ ਨੂੰ ਆਪਣੀ ਮਿਹਨਤ ਅਤੇ ਜ਼ਮੀਨ ਉੱਪਰ ਪੂਰਾ ਮਾਣ ਸੀ। ਪਤਨੀ ਨੂੰ ਹੱਸਦਿਆਂ ਹੀ ਕਹਿ ਦਿੱਤਾ, "ਕੋਈ ਗੱਲ ਨਹੀਂ ਭਾਗਵਾਨੇ ਹਾੜ੍ਹੀ ਗਈ, ਆਹ ਚਹੁੰ ਮਹੀਨਿਆਂ ਨੂੰ ਸਾਉਣੀ ਦੀ ਫਸਲ ਆ ਖੜ੍ਹੀ, ਫਿਕਰ ਨਾ ਕਰ ਨੀਲੀ ਛੱਤ ਵਾਲਾ ਸਭ ਪੂਰਾ ਕਰ ਦੇਗਾ।" ਭਾਵੇਂ ਇਸ ਘਾਟੇ ਦੀ ਅਪੂਰਤੀ ਤੋਂ ਚੰਗੀ ਤਰ੍ਹਾਂ ਵਾਕਫ ਸੀ। ਪਰ ਪਰਵਾਰ ਦੀਆਂ ਖੁਸ਼ੀਆਂ ਨੂੰ ਘਟਾਉਣਾ ਨਹੀਂ ਸੀ ਚਾਹੁੰਦਾ। ਅੰਤ ਚਾਰ ਮਹੀਨਿਆਂ ਦਾ ਸਮਾਂ ਲੰਘ ਕੇ ਵਿਆਹ ਦੇ ਦਿਨ ਵੀ ਨੇੜੇ ਆ ਗਏ। ਉੱਪਰੋਂ ਮੀਂਹ ਦੀਆਂ ਚੜ੍ਹੀਆਂ ਘਟਾਵਾਂ ਨੇ ਚਿੰਤਾਵਾਂ ਹੋਰ ਵਧਾ ਦਿੱਤੀਆਂ। ਕੁੜੀਆਂ ਦੇ ਦਾਜ ਅਤੇ ਹਲਵਾਈ ਦੇ ਸਾਮਾਨ ਨਾਲ ਘਰ ਭਰਿਆ ਪਿਆ ਸੀ। ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਪਰਵਾਰ ਦੀਆਂ ਖੁਸ਼ੀਆਂ 'ਤੇ ਮੀਂਹ ਕਹਿਰ ਬਣ ਬਹੁੜਿਆ। ਤੀਲਾ ਤੀਲਾ ਜੋੜ ਕੇ ਇਕੱਠਾ ਕੀਤਾ ਸਮਾਨ ਪਾਣੀ ਵਿੱਚ ਰੁੜ੍ਹਦਿਆਂ ਦੇਖ ਭਗਵਾਨ ਸਿਓਂ ਦੇ ਹੰਝੂ ਮੀਂਹ ਦੇ ਪਾਣੀ ਵਿੱਚ ਰਲਗੱਡ ਹੋ ਗਏ। ਪਤਾ ਹੀ ਨਹੀਂ ਲੱਗਾ ਕਦੋਂ ਖੁਸ਼ੀਆਂ ਗਮੀਆਂ ਨਾਲ ਧੋਤੀਆਂ ਗਈਆਂ। ਅਜਿਹੇ ਮਾੜੇ ਵਕਤ ਵਿੱਚ ਪੂਰਾ ਪਿੰਡ ਉਸ ਦੇ ਨਾਲ ਖੜ੍ਹਾ ਸੀ ਤਾਂ ਜੋ ਕੁੜੀਆਂ ਦੀ ਡੋਲੀ ਪੂਰੇ ਮਾਣ-ਸਨਮਾਨ ਨਾਲ ਤੋਰੀ ਜਾਵੇ। ਮੁੰਡੇ ਵਾਲਿਆਂ ਨੇ ਵੀ ਪੂਰਾ ਸਾਥ ਦਿੱਤਾ। ਦੋਵੇਂ ਜੀਅ ਪਿੰਡ ਵਾਲਿਆਂ ਦੀ ਕੀਤੀ ਮਦਦ ਸਦਕਾ ਰੱਬ ਦਾ ਸ਼ੁਕਰਾਨਾ ਕਰਦੇ ਨਹੀ ਥੱਕੇ।

ਰਹਿਰਾਸ ਦੀ ਅਰਦਾਸ ਮਗਰੋਂ ਜੁੜ ਕੇ ਬੈਠਾ ਪਰਵਾਰ ਦੁੱਖ ਸੁੱਖ ਫੋਲਦੇ ਹੋਏ ਲੋਕਾਂ ਦੇ ਪੈਸੇ ਵਾਪਸ ਕਰਨ ਦੀ ਵਿਉਂਤਬੰਦੀ ਉਲੀਕਣ ਲੱਗਾ। ਭਗਵਾਨ ਸਿਓਂ ਬੜੇ ਮਾਣ ਨਾਲ ਕਿਹਾ, ਮੈਂ ਪਿੰਡ ਵਾਲਿਆਂ ਦੇ ਇਸ ਕਾਰਜ ਦਾ ਤਾਉਮਰ ਅਹਿਸਾਨਮੰਦ ਰਹਾਂਗਾ, ਜਿਨ੍ਹਾਂ ਨੇ ਹੜ੍ਹ ਦੀ ਕਲਹਿਣੀ ਮਾਰ ਵਿੱਚ ਸਾਡੀ ਇੱਜ਼ਤ ਡੁੱਬਣ ਨਹੀਂ ਦਿੱਤੀ। ਪਰੰਤੂ ਮੁੰਡੇ ਦੇ ਮੂੰਹੋਂ ਨਿਕਲੇ ਕੁਰੱਖਤ ਸ਼ਬਦ "ਕਿ ਭਾਵੇਂ ਫਸਲ ਤਾਂ ਪੂਰੀ ਰੁੜ੍ਹ ਗਈ ਪਰ ਜ਼ਮੀਨ ਦਾ ਮੁੱਲ ਅੱਜ ਵੀ ਅਸਮਾਨ ਨੂੰ ਛੂਹ ਰਿਹਾ ਹੈ। ਜੇ ਪੰਜਵਾਂ ਹਿੱਸਾ ਵੀ ਵੇਚੇਗਾ ਤਾਂ ਸਭ ਦੇ ਅਹਿਸਾਨਾਂ ਤੋਂ ਸੁਰਖਰੂ ਹੋ ਜਾਵੇਂਗਾ ਤੇ ਮੇਰੇ ਵਿਦੇਸ਼ ਜਾਣ ਦਾ ਜੁਗਾੜ ਵੀ ਹੋ ਜਾਵੇਗਾ," ਮੁੰਡੇ ਵੱਲੋਂ ਪੈਸੇ ਦੀ ਧੌਂਸ ਨਾਲ ਕੀਤੇ ਸਨਮਾਨ ਦਾ ਅਪਮਾਨ ਕਰਨਾ ਬਹੁਤ ਬੁਰਾ ਲੱਗਿਆ। ਇਹ ਸੁਣਦਿਆਂ ਹੀ ਭਗਵਾਨ ਸਿਓਂ ਭੈਭੀਤ ਹੋ ਕੇ ਮੰਜੇ ਤੋਂ ਉਠਿਆ। ਰੱਬ ਨੂੰ ਧਿਆਉਂਦਿਆਂ ਹੀ ਬੋਲਿਆ "ਇਕ ਹੱਥੋਂ ਖੋਹ ਕੇ ਰੱਬ ਨੇ ਦੂਜੇ ਹੱਥ ਲੋਕਾਂ ਨੂੰ ਮਦਦ ਲਈ ਭੇਜ ਦਿੱਤਾ ਸੀ ਤੇ ਕੁਦਰਤ ਦੀ ਮਾਰ ਤੋਂ ਬਚ ਗਏ।" ਪਰ ਮੁੰਡੇ ਦੇ ਬੋਲੇ ਸ਼ਬਦ ਅਤੇ ਜ਼ਮੀਨ ਵੇਚਣ ਦੀ ਬਦਨੀਅਤ ਨਾਲ ਹੜ੍ਹਾਂ ਦੀ ਪਈ ਦੂਹਰੀ ਮਾਰ ਵਿੱਚ ਦਮ ਘੁੱਟਣ ਲੱਗਾ, ਅੱਜ ਪਹਿਲੀ ਵਾਰ ਭਗਵਾਨ ਸਿਓਂ ਮੂੰਹ ਹਨੇਰੇ ਆਪਣੀ ਮੋਟਰ 'ਤੇ ਗੇੜਾ ਮਾਰਨ ਦੇ ਬਹਾਨੇ ਖੇਤਾਂ ਦੀ ਖੁਸ਼ਬੂ ਅਤੇ ਰੁਮਕਦੀਆਂ ਪੌਣਾਂ ਵਿਚੋ ਜ਼ਿੰਦਗੀ ਜਿਊਣ ਲਈ ਨਵੇਂ ਰਾਹ ਲੱਭਣ ਲੱਗਾ।

# ਸੰਪਰਕ : 78374- 90309

**ਮਾਮਲਾ ਰੇਤਾ ਮਾਈਨਿੰਗ ਚੋਰਾਂ ਵੱਲੋਂ ਬੇਲਦਾਰ ਦਰਸ਼ਨ ਸਿੰਘ ਦੇ ਕਤਲ ਦਾ**

# ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਦੀ ਸੁਰੱਖਿਆ ਕਰਨ 'ਚ ਹੋਈ ਫੇਲ੍ਹ : ਲੁਬਾਣਾ, ਰਾਣਵਾਂ

**ਲੁਧਿਆਣਾ (ਐੱਮ ਐੱਸ ਭਾਟੀਆ)**

ਰੇਤਾ-ਬਜਰੀ ਦੀ ਨਜਾਇਜ਼ ਮਾਇਨਿੰਗ ਬੰਦ ਕਰਨ ਦੇ ਦਾਅਵੇ ਕਰਨ ਵਾਲੀ ਭਗਵੰਤ ਮਾਨ ਸਰਕਾਰ ਅਪਣੇ ਮੁਲਾਜ਼ਮਾਂ ਦੀ ਸੁਰੱਖਿਆ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਦੀ ਕਲਾਸ ਫੋਰ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਤੇ ਗੁਰਦਾਸਪੁਰ ਜ਼ਿਲ੍ਹੇ ਦੇ ਪ੍ਰਧਾਨ ਹਰਜਿੰਦਰ ਸਿੰਘ ਜਨਰਲ ਸਕੱਤਰ ਅਜੀਤ ਸਿੰਘ ਨੇ ਬੀਤੇ ਦਿਨੀਂ ਗੁਰਦਾਸਪੁਰ ਜ਼ਿਲ੍ਹੇ ਵਿੱਚ ਬਟਾਲਾ ਦੇ ਨਜ਼ਦੀਕ ਪੰਗਰਾਈਆਂ-ਸੰਗਰਾਮਾਂ ਨਹਿਰ ਵਿੱਚੋਂ ਰਾਤ ਪੌਣੇ ਦੋ ਵਜੇ ਕਰੀਬ ਨਜਾਇਜ਼ ਰੇਤ ਮਾਇਨਿੰਗ ਦੌਰਾਨ ਦਰਸ਼ਨ ਸਿੰਘ ਬੇਲਦਾਰ ਦਾ ਬੇਰਹਿਮੀ ਨਾਲ ਕੀਤੇ ਕਤਲ ਦੀ ਸਖਤ ਨਿੰਦਾ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਤੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਮ੍ਰਿਤਕ ਦਰਸ਼ਨ ਸਿੰਘ ਬੇਲਦਾਰ ਦੇ ਕਾਤਲਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਅਤੇ ਨਜਾਇਜ਼ ਮਾਇਨਿੰਗ ਰੋਕਣ ਲਈ ਮੁਲਾਜ਼ਮਾਂ ਨੂੰ ਢੁੱਕਵੀਂ ਸੁਰੱਖਿਆ ਨਾ ਦੇਣ 'ਤੇ ਭਗਵੰਤ ਮਾਨ ਸਰਕਾਰ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਡਿਊਟੀ ਦੌਰਾਨ ਸ਼ਹੀਦ ਕੀਤੇ ਦਰਸ਼ਨ ਸਿੰਘ ਬੇਲਦਾਰ ਦੇ ਵਾਰਸਾਂ ਨੂੰ 50 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਯੋਗਤਾ ਅਨੁਸਾਰ ਨੌਕਰੀ ਦਿੱਤੀ ਜਾਵੇ। ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਤੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਚੇਅਰਮੈਨ ਸੁਖਦੇਵ ਸਿੰਘ ਸੁਰਤਾਪੁਰੀ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਪਾਲ ਉੱਘੀ, ਮੀਤ ਪ੍ਰਧਾਨ ਵੇਦ ਪ੍ਰਕਾਸ਼, ਮੇਲਾ ਸਿੰਘ ਪੁੰਨਾਂਵਾਲ, ਜਨਰਲ ਸਕੱਤਰ ਅਵਤਾਰ ਸਿੰਘ ਚੀਮਾਂ, ਬਲਜਿੰਦਰ ਸਿੰਘ ਪਟਿਆਲਾ, ਵਿੱਤ ਸਕੱਤਰ ਚੰਦਨ ਸਿੰਘ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਹਰਜਿੰਦਰ ਸਿੰਘ ਜਨਰਲ ਸਕੱਤਰ ਅਜੀਤ ਸਿੰਘ, ਲੁਧਿਆਣਾ ਦੇ ਪ੍ਰਧਾਨ ਵਿਨੋਧ ਕੁਮਾਰ, ਜਨਰਲ ਸਕੱਤਰ ਸੁਰਿੰਦਰ ਬੈਂਸ, ਹੁਸ਼ਿਆਰਪੁਰ ਦੇ ਪ੍ਰਧਾਨ ਜੀਵਨ ਰਾਮ, ਅਮ੍ਰਿਤਸਰ ਦੇ ਪ੍ਰਧਾਨ ਭਵਾਨੀਫੇਰ ਮਾਨਸਾ ਦੇ ਪ੍ਰਧਾਨ ਰਾਜ ਕੁਮਾਰ ਰੰਗਾ, ਬਠਿੰਡਾ ਦੇ ਪ੍ਰਧਾਨ ਮਨਜੀਤ ਸਿੰਘ, ਮੁਕਤਸਰ ਦੇ ਪ੍ਰਧਾਨ ਹਰਭਗਵਾਨ, ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ, ਫਿਰੋਜ਼ਪੁਰ ਦੇ ਪ੍ਰਧਾਨ ਰਾਮ ਪ੍ਰਸਾਦ ਤੇ ਫਾਜ਼ਿਲਕਾ ਦੇ ਪ੍ਰਧਾਨ ਓਮ ਪ੍ਰਕਾਸ਼ ਨੇ ਕਿਹਾ ਕਿ ਰੇਤਾ-ਬਜਰੀ ਦੀ ਨਜਾਇਜ਼ ਮਾਇਨਿੰਗ ਵੱਡੇ ਘਰਾਣੇ ਕਰ ਰਹੇ ਹਨ ਅਧਿਕਾਰੀਆਂ ਵੱਲੋਂ ਬਿਨਾਂ ਪੁਲਸ ਫੋਰਸ ਤੋਂ ਮਾਇਨਿੰਗ ਚੋਰਾਂ ਨੂੰ ਫੜਨ ਲਈ ਨਿਹੱਥੇ ਮੁਲਾਜ਼ਮਾਂ ਨੂੰ ਭੇਜਣਾ ਬਹੁਤ ਵੱਡੀ ਗਲਤੀ ਹੈ। ਆਗੂਆਂ ਨੇ ਐਲਾਨ ਕੀਤਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਸੁਰੱਖਿਆ ਨਾ ਕਰਨ ਦੇ ਰੋਸ ਵਜੋਂ ਡਿਊਟੀ ਦੌਰਾਨ ਸ਼ਹੀਦ ਕੀਤੇ ਦਰਸ਼ਨ ਸਿੰਘ ਬੇਲਦਾਰ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦੇਣ ਤੇ 50 ਲੱਖ ਰੁਪਏ ਮ੍ਰਿਤਕ ਦੇ ਪਰਿਵਾਰ ਨੂੰ ਮੁਆਵਜ਼ਾ ਦੇਣ ਦੀ ਮੰਗ ਨੂੰ ਲੈ ਕੇ 28 ਨਵੰਬਰ ਨੂੰ ਰਾਜ ਭਰ ਵਿੱਚ ਸਿੰਚਾਈ ਵਿਭਾਗ ਦੇ ਦਫਤਰਾਂ ਅੱਗੇ ਰੋਸ ਵਜੋਂ ਗੇਟ ਰੈਲੀਆਂ ਕੀਤੀਆਂ ਜਾਣਗੀਆਂ। ਆਗੂਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਜਲਦੀ ਇਨਸਾਫ ਨਾ ਦਿੱਤਾ ਤਾਂ ਜਥੇਬੰਦਕ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਦੋਸ਼ੀਆਂ ਦੀ ਗ੍ਰਿਫਤਾਰੀ ਤੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਥਾਣੇ ਅੱਗੇ ਨਾਅਰੇਬਾਜ਼ੀ




**ਜਗਰਾਓਂ (ਅਮਿਤ ਖੰਨਾ)**-ਸੰਘਰਸ਼ ਕਮੇਟੀ ਦੇ ਕਨਵੀਨਰ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਦੀ ਅਗਵਾਈ ਵਿੱਚ ਪੇਂਡੂ ਮਜ਼ਦੂਰ ਯੂਨੀਅਨ, ਦਸਮੇਸ ਕਿਸਾਨ ਮਜ਼ਦੂਰ ਯੂਨੀਅਨ, 'ਸੀਟੂ' ਭਵਨ ਨਿਰਮਾਣ, ਯੂਥ ਵਿੰਗ ਕੇਕੇਯੂ ਆਦਿ ਧਰਨਾਕਾਰੀਆਂ ਵਰਕਰਾਂ ਤੇ ਪੀੜਤ ਪਰਿਵਾਰਕ ਮੈਂਬਰਾਂ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਮੁਆਵਜ਼ੇ ਪ੍ਰਤੀ ਅਧਿਕਾਰੀਆਂ ਦੀ ਬੇਰੁਖੀ ਵਿਰੁੱਧ ਥਾਣੇ ਮੂਹਰੇ ਨਾਹਰੇਬਾਜ਼ੀ ਕੀਤੀ। ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਤਰਲੋਚਨ ਸਿੰਘ ਝੋਰੜਾਂ, ਨਿਰਮਲ ਸਿੰਘ ਧਾਲੀਵਾਲ, ਗੁਰਦਿਆਲ ਸਿੰਘ ਤਲਵੰਡੀ, ਦਰਸ਼ਨ ਸਿੰਘ ਚਕਰ, ਸਾਧੂ ਸਿੰਘ ਅੱਚਰਵਾਲ, ਜਸਪ੍ਰੀਤ ਸਿੰਘ ਢੋਲਣ ਨੇ ਦੋਸ਼ ਲਗਾਇਆ ਕਿ ਅਧਿਕਾਰੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਮੁਕੱਦਮਾ ਨੰਬਰ 274/2021 ਦੇ ਦੋਸ਼ੀਆਂ ਦੀ ਗ੍ਰਿਫਤਾਰੀ ਤੇ ਪੀੜਤਾਂ ਨੂੰ ਮੁਆਵਜ਼ਾ ਜਾਰੀ ਕਰਨ ਵਿੱਚ ਜਾਣਬੁੱਝ ਕੇ ਨਾਰਾਤਮਕ ਵਤੀਰਾ ਅਪਣਾ ਰਹੇ ਹਨ। ਉਨ੍ਹਾਂ ਕਿਹਾ ਕਿ ਕਮਿਸ਼ਨ ਦੇ ਹੁਕਮ ਮੁਤਾਬਕ ਪੀੜਤ ਮਾਤਾ ਨੂੰ ਪੈਨਸ਼ਨ ਵੀ ਜਾਰੀ ਨਹੀਂ ਕਰ ਰਹੇ। ਦੱਸਣਯੋਗ ਹੈ ਕਿ ਜਨਤਕ ਜਥੇਬੰਦੀਆਂ ਨੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਰੀਬ 19 ਮਹੀਨਿਆਂ ਤੋਂ ਥਾਣੇ ਮੂਹਰੇ ਅਣਮਿੱਥੇ ਸਮੇਂ ਦਾ ਪੱਕਾ ਧਰਨਾ ਲਗਾਇਆ ਹੋਇਆ ਹੈ। ਇਸ ਸਮੇਂ ਮੁਦਈ ਇਕਬਾਲ ਸਿੰਘ ਰਸੂਲਪੁਰ, ਦਰਸ਼ਨ ਸਿੰਘ ਧਾਲੀਵਾਲ, ਨਿਰਮਲ ਸਿੰਘ ਧਾਲੀਵਾਲ, ਸੁਖਦੇਵ ਸਿੰਘ, ਬਲਦੇਵ ਸਿੰਘ, ਹਰੀ ਸਿੰਘ ਚਚਰਾੜੀ, ਸੁਰੈਣ ਸਿੰਘ ਧੂਰਕੋਟ, ਪ੍ਰਧਾਨ ਜਸਪ੍ਰੀਤ ਸਿੰਘ, ਜਗਰੂਪ ਸਿੰਘ ਝੋਰੜਾਂ, ਅਵਤਾਰ ਸਿੰਘ ਜਗਰਾਉਂ, ਗੁਰਚਰਨ ਸਿੰਘ ਬਾਬੇਕਾ ਆਦਿ ਹਾਜ਼ਰ ਸਨ।

# ਆਸ਼ਾ ਵਰਕਰਾਂ ਵੱਲੋਂ ਸੁਜਾਤਾ ਐਪ ਨਾਲ ਸੰਬੰਧਤ ਆਨਲਾਈਨ ਕੰਮਾਂ ਦੇ ਬਾਈਕਾਟ ਦਾ ਫੈਸਲਾ

**■ 28 ਨੂੰ ਸਿਵਲ ਸਰਜਨਾਂ ਰਾਹੀਂ ਪੰਜਾਬ ਸਰਕਾਰ ਨੂੰ ਭੇਜੇ ਜਾਣਗੇ ਮੰਗ ਪੱਤਰ**



ਸੂਬਾਈ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਮੌਕੇ ਹਾਜ਼ਰ ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸੀਲੇਟਰ ਯੂਨੀਅਨ ਦੇ ਆਗੂ।

**ਮੋਗਾ (ਅਮਰਜੀਤ ਬੱਬਰੀ)**-ਆਲ ਇੰਡੀਆ ਆਸ਼ਾ ਵਰਕਰਜ਼ ਤੇ ਆਸ਼ਾ ਫੈਸੀਲੇਟਰ ਯੂਨੀਅਨ ਪੰਜਾਬ ਸੰਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ,1680 ਸੈਕਟਰ 22ਬੀ ਚੰਡੀਗੜ੍ਹ ਦੀ ਸੂਬਾਈ ਕਾਰਜਕਾਰਨੀ ਕਮੇਟੀ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਆਸ਼ਾ ਵਰਕਰਾਂ ਦੇ ਆਗੂ ਬਲਵੀਰ ਕੌਰ ਗਿੱਲ ਸੂਬਾ ਜਨਰਲ ਸਕੱਤਰ, ਦੁਰਹੋ ਬਾਈ ਫਾਜ਼ਿਲਕਾ ਮੀਤ ਪ੍ਰਧਾਨ ਪੰਜਾਬ, ਮਨਜਿੰਦਰ ਕੌਰ ਹਰੀਕੇ ਤਰਨਤਾਰਨ ਤੇ ਸੁਖਵਿੰਦਰ ਕੌਰ ਸੁੱਖੀ ਮਾਨਸਾ ਨੇ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੁਕਮਰਾਨ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ 7 ਲੱਖ ਤੋਂ ਜ਼ਿਆਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਗਿਣੀ-ਮਿਥੀ ਸਾਜ਼ਿਸ਼ ਤਹਿਤ ਨਿਰਾਸ਼ ਕੀਤਾ ਜਾ ਰਿਹਾ ਹੈ।ਆਸ਼ਾ ਵਰਕਰਾਂ ਨੂੰ ਸੁਜਾਤਾ ਐਪ ਦਾ ਆਨਲਾਈਨ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਦਕਿ ਇਸ ਦੇ ਇਵਜ਼ ਵਿੱਚ ਦਿੱਤੇ ਜਾਣ ਵਾਲੇ ਮਿਹਨਤਾਨੇ ਬਾਰੇ ਕਿਸੇ ਵੀ ਅਧਿਕਾਰੀ ਵੱਲੋਂ ਕੋਈ ਵੀ ਸਪੱਸ਼ਟ ਜਵਾਬ ਨਹੀਂ ਦਿੱਤਾ ਜਾ ਰਿਹਾ।ਇਸ ਕਰਕੇ ਮੀਟਿੰਗ 'ਚ ਫੈਸਲਾ ਕੀਤਾ ਕਿ ਜਿੰਨੀ ਦੇਰ ਤੱਕ ਸਿਹਤ ਵਿਭਾਗ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਮੀਟਿੰਗ ਕਰਕੇ ਇਸ ਕੰਮ ਬਦਲੇ ਦਿੱਤੇ ਜਾਣ ਵਾਲੇ ਮਿਹਨਤਾਨੇ ਬਾਰੇ ਸਪੱਸ਼ਟ ਨਹੀਂ ਕੀਤਾ ਜਾਂਦਾ, ਉਨੀ ਦੇਰ ਤੱਕ ਇਸ ਆਨਲਾਈਨ ਕੰਮ ਦਾ ਬਾਈਕਾਟ ਜਾਰੀ ਰਹੇਗਾ ਉਨ੍ਹਾ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਆਸ਼ਾ ਵਰਕਰਾਂ ਨਾਲ ਅਖਤਿਆਰ ਕੀਤਾ ਜਾ ਰਿਹਾ, ਅਜਿਹਾ ਵਤੀਰਾ ਪੰਜਾਬ ਸਰਕਾਰ ਨੂੰ ਮਹਿੰਗਾ ਪਵੇਗਾ।ਆਗੂਆਂ ਨੇ ਮੰਗ ਕੀਤੀ ਕਿ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕੱਚੇ, ਠੇਕਾ ਅਧਾਰਤ ਤੇ ਆਊਟ ਸੋਰਸ ਮੁਲਾਜ਼ਮ ਤੇ ਸਕੀਮ ਵਰਕਰਜ਼ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਕੀਤੇ ਗਏ ਸਾਰੇ ਚੋਣ ਵਾਅਦੇ ਪੂਰੇ ਕੀਤੇ ਜਾਣ।ਆਗੂਆਂ ਨੇ ਆਪਣੇ ਸੰਬੋਧਨ ਵਿੱਚ ਅਫਸੋਸ ਪ੍ਰਗਟ ਕੀਤਾ ਕਿ ਭਗਵੰਤ ਮਾਨ ਸਰਕਾਰ ਨੇ ਅਜੇ ਤੱਕ ਆਸ਼ਾ ਵਰਕਰਾਂ ਤੇ ਆਸ਼ਾ ਫੈਸੀਲੀਟੇਟਰਾਂ ਤੇ ਹੋਰ ਸਕੀਮ ਵਰਕਰਾਂ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤਾ ਇੱਕ ਵੀ ਚੋਣ ਵਾਅਦਾ ਪੂਰਾ ਨਾ ਕਰਨ ਕਰਕੇ ਲੋਕਾਂ ਦਾ ਇਸ ਸਰਕਾਰ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ ਹੈ।ਕਨੂੰਨ ਅਨੁਸਾਰ ਬਰਬਾਰ ਕੰਮ ਬਰਾਬਰ ਉਜ਼ਰਤ ਤੋਂ ਬਿਨਾਂ ਕੰਮ ਲੈਣਾ ਕਾਨੂੰਨੀ ਜੁਰਮ ਹੈ। ਜ਼ਿਕਰਯੋਗ ਹੈ ਕਿ ਹੁਣ ਆਨਲਾਈਨ ਕੰਮ ਵਿੱਚ ਬੀਮਾ ਯੋਜਨਾ ਕਾਰਡ ਬਣਾਉਣਾ, ਆਬਾ ਕਾਰਡ ਬਣਾਉਣਾ, ਸੁਜਾਤਾ ਐਪ ਰਾਹੀਂ ਸਾਰਾ ਡਾਟਾ ਆਨਲਾਈਨ ਇਕੱਠਾ ਕਰਨਾ, ਇਸ ਦਾ ਪੰਜਾਬ ਭਰ ਦੀਆਂ ਆਸ਼ਾ ਤੇ ਆਸ਼ਾ ਫੈਸੀਲੀਟੇਟਰਜ਼ ਵਿਰੋਧ ਕਰ ਰਹੀਆਂ ਹਨ ਅਤੇ ਇਸ ਖਿਲਾਫ 28 ਨਵੰਬਰ ਨੂੰ ਪੰਜਾਬ ਭਰ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਿਵਲ ਸਰਜਨਾਂ ਰਾਹੀਂ ਸਿਹਤ ਮੰਤਰੀ ਪੰਜਾਬ ਨੂੰ ਮੰਗ ਪੱਤਰ ਸੌਂਪੇ ਜਾਣਗੇ।ਆਨਲਾਈਨ ਕੰਮ ਦੀਆਂ ਮੰਗਾਂ ਦਾ ਹੱਲ ਹੋਣ ਤੱਕ ਸਿਰਫ ਆਨਲਾਈਨ ਕੰਮ ਦਾ ਅੱਜ ਤੋਂ ਸਾਰੇ ਪੰਜਾਬ ਵਿੱਚ ਬਾਈਕਾਟ ਕੀਤਾ ਜਾਂਦਾ ਹੈ, ਜੇਕਰ ਪੰਜਾਬ ਸਰਕਾਰ ਜਾਂ ਸਿਹਤ ਮਹਿਕਮੇ ਦੇ ਉੱਚ ਅਧਿਕਾਰੀਆਂ ਦਾ ਵਤੀਰਾ ਆਸ਼ਾ ਵਰਕਰਾਂ ਪ੍ਰਤੀ ਬੇਰੁਖੀ ਵਾਲਾ ਜਾਂ ਧੱਕੇ ਨਾਲ ਕੰਮ ਲੈਣ ਦਾ ਹੋਇਆ ਤਾਂ ਪੰਜਾਬ ਭਰ ਵਿੱਚ ਜਥੇਬੰਦੀ ਵੱਲੋਂ ਆਰ-ਪਾਰ ਦੇ ਸੰਘਰਸ਼ ਦੀਆਂ ਤਿਆਰੀਆਂ ਕੀਤੀਆਂ ਜਾਣਗੀਆਂ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਆਸ਼ਾ ਵਰਕਰ ਆਗੂ ਸੀਮਾ ਸੋਹਲ ਤਰਨਤਾਰਨ, ਜ਼ਿਲ੍ਹਾ ਮੀਤ ਪ੍ਰਧਾਨ ਨਿੰਦਰ ਕੌਰ ਮੋਗਾ, ਸੁਖਵਿੰਦਰ ਕੌਰ ਸੁੱਖੀ ਮਾਨਸਾ, ਸਾਬਕਾ ਵਿੱਤ ਸਕੱਤਰ ਸਵਰਨਜੀਤ ਕੌਰ ਹਰਾਜ, ਜ਼ਿਲ੍ਹਾ ਪ੍ਰਧਾਨ ਸੁਰਜੀਤ ਕੌਰ ਪਿੰਕੀ ਸ੍ਰੀ ਮੁਕਤਸਰ ਸਾਹਿਬ, ਜ਼ਿਲ੍ਹਾ ਪ੍ਰਧਾਨ ਸੰਦੀਪ ਕੌਰ ਤਪਾ ਬਰਨਾਲਾ, ਜ਼ਿਲ੍ਹਾ ਪ੍ਰਧਾਨ ਜਸਵੀਰ ਕੌਰ ਸਿਰੀਏਵਾਲਾ ਬਠਿੰਡਾ, ਅਮਨਦੀਪ ਕੌਰ, ਅਮਨਦੀਪ ਕੌਰ ਮੋਗਾ, ਸਵਰਨ ਕੌਰ, ਪ੍ਰਕਾਸ਼ ਕੌਰ, ਗੁਰਮੀਤ ਕੌਰ, ਮਨਦੀਪ ਕੌਰ, ਕਲਵੰਤ ਕੌਰ ਬਲਾਕ ਪ੍ਰਧਾਨ, ਰਾਜਵਿੰਦਰ ਕੌਰ, ਸਰਬਜੀਤ ਕੌਰ ਆਦਿ ਹਾਜ਼ਰ ਸਨ।

## ਕਾਤਰਾਂ

### ਮਾਘੀ ਮੇਲੇ 'ਤੇ ਸਪੈਸ਼ਲ ਰੇਲ ਗੱਡੀਆਂ ਚਲਾਈਆਂ ਜਾਣ : ਗੋਇਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਾਰਦਰਨ ਰੇਲਵੇ ਪੈਸੰਜਰ ਸੰਮਤੀ ਫਾਜ਼ਿਲਕਾ ਦੇ ਜਨਰਲ ਸਕੱਤਰ ਸ਼ਾਮ ਲਾਲ ਗੋਇਲ ਨੇ ਰੇਲਵੇ ਮੰਤਰੀ ਭਾਰਤ ਸਰਕਾਰ ਤੇ ਹੋਰ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਮਾਘੀ ਮੇਲੇ ਜਨਵਰੀ-2024 ਨੂੰ 14,15,16 ਜਨਵਰੀ 2024 ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ ਵਿੱਚ ਧਾਰਮਿਕ ਮੇਲੇ ਦੇ ਸਮੇਂ ਹਰ ਸਾਲ ਦੀ ਤਰ੍ਹਾਂ ਸਪੈਸ਼ਲ ਰੇਲਵੇ ਗੱਡੀਆਂ ਬੀਕਾਨੇਰ ਤੋਂ ਫਾਜ਼ਿਲਕਾ-ਮੁਕਤਸਰ-ਦਿੱਲੀ ਤੋਂ ਫਾਜ਼ਿਲਕਾ ਵਾਇਆ ਮੁਕਤਸਰ ਰਿਵਾੜੀ ਤੋਂ ਫਾਜ਼ਿਲਕਾ ਵਾਇਆ ਮੁਕਤਸਰ ਤੇ ਬਠਿੰਡਾ-ਫਾਜ਼ਿਲਕਾ ਵਾਇਆ ਮੁਕਤਸਰ ਲੰਬੀ ਦੂਰੀ ਦੀਆਂ ਆਉਣ ਤੇ ਵਾਪਸ ਜਾਣ ਲਈ ਰੇਲਵੇ ਗੱਡੀਆਂ ਚਲਾਈਆਂ ਜਾਣ ਤਾਂ ਜੋ ਲੰਬੀ ਦੂਰੀ ਦੇ ਸਿੱਖ ਸ਼ਰਧਾਲੂ ਸੌਖੇ ਤਰੀਕੇ ਇਥੇ ਪਹੁੰਚ ਸਕਣ ਅਤੇ ਮੁਕਤਸਰ ਰੇਲਵੇ ਸਟੇਸ਼ਨ 'ਤੇ ਖਾਸ ਉਚੇਰੇ ਇੰਤਜ਼ਾਮ ਕੀਤੇ ਜਾਣ। ਇਸ ਮੌਕੇ ਉਨ੍ਹਾਂ ਨਾਲ ਗੋਬਿੰਦ ਸਿੰਘ ਦਾਬੜਾ, ਭਵਰ ਲਾਲ ਸ਼ਰਮਾ, ਬੂਟਾ ਰਾਮ ਕਮਰਾ, ਬਲਜੀਤ ਸਿੰਘ, ਪ੍ਰਮੋਦ ਆਰੀਆ, ਜਸਵੰਤ ਸਿੰਘ ਬਰਾੜ, ਓਮ ਪ੍ਰਕਾਸ਼ ਵਲੇਚਾ, ਪਰਦੀਪ ਅਗਰਵਾਲ ਅਦਿ ਹਾਜ਼ਰ ਸਨ।

### 3 ਦਸੰਬਰ ਤੋਂ ਰੱਦ ਹੋਣਗੀਆਂ ਟਰੇਨਾਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਧੁੰਦ ਦੇ ਸੀਜ਼ਨ ਦੇ ਮੱਦੇਨਜ਼ਰ ਰੇਲਵੇ ਵਿਭਾਗ ਨੇ ਪਹਿਲਾਂ ਹੀ ਸਾਵਧਾਨੀ ਵਰਤਣੀ ਸ਼ੁਰੂ ਕਰ ਦਿੱਤੀ ਹੈ ਤੇ ਧੁੰਦ ਦੇ ਮੌਸਮ ਦੌਰਾਨ ਅਕਸਰ ਲੇਟ ਹੋਣ ਵਾਲੀਆਂ ਟਰੇਨਾਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ।ਉੱਤਰੀ ਰੇਲਵੇ ਹੈੱਡਕੁਆਰਟਰ ਵੱਲੋਂ ਜਾਰੀ ਸੂਚਨਾ ਅਨੁਸਾਰ ਇਹ ਰੱਦੀ 3 ਦਸੰਬਰ ਤੋਂ ਸ਼ੁਰੂ ਹੋ ਕੇ 2 ਮਾਰਚ ਤੱਕ ਲਾਗੂ ਰਹੇਗੀ।ਇਸ ਦੌਰਾਨ 62 ਟਰੇਨਾਂ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਜਾ ਰਿਹਾ ਹੈ, 30 ਟਰੇਨਾਂ ਦੀ ਬਾਰੰਬਾਰਤਾ ਘਟਾਈ ਜਾ ਰਹੀ ਹੈ, ਜਦਕਿ 6 ਟਰੇਨਾਂ ਨੂੰ ਅੰਸ਼ਕ ਤੌਰ 'ਤੇ ਰੱਦ ਕੀਤਾ ਜਾ ਰਿਹਾ ਹੈ।ਦੂਜੇ ਪਾਸੇ ਰੇਲਵੇ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਚੰਡੀਗੜ੍ਹ ਤੋਂ ਚੱਲਣ ਵਾਲੀਆਂ 8 ਟਰੇਨਾਂ ਨੂੰ ਰੱਦ ਕਰ ਦਿੱਤਾ ਹੈ।

### ਜ਼ਿਲ੍ਹਾ ਟੇਬਲ ਟੈਨਿਸ ਚੈਂਪੀਅਨਸ਼ਿਪ 26 ਤੋਂ

**ਬੁਢਲਾਡਾ (ਅਸ਼ੋਕ ਲਾਕੜਾ)**-ਜ਼ਿਲ੍ਹਾ ਮਾਨਸਾ ਟੇਬਲ ਟੈਨਿਸ ਐਸੋਸੀਏਸ਼ਨ ਵੱਲੋਂ ਬੁਢਲਾਡਾ ਵਿਖੇ ਜ਼ਿਲ੍ਹਾ ਟੇਬਲ ਟੈਨਿਸ ਚੈਂਪੀਅਨਸ਼ਿਪ 26 ਤੇ 27 ਨਵੰਬਰ 2023 ਨੂੰ ਕਰਵਾਈ ਜਾ ਰਹੀ ਹੈ। ਇਹ ਚੈਂਪੀਅਨਸ਼ਿਪ ਐਸੋਸੀਏਸ਼ਨ ਦੇ ਕੁਲਾਣਾ ਚੌਕ ਨੇੜੇ ਕੋਚਿੰਗ ਸੈਂਟਰ ਵਿੱਚ ਹੋਵੇਗੀ। ਚੈਂਪੀਅਨਸ਼ਿਪ ਵਿੱਚ ਲੜਕੇ ਤੇ ਲੜਕੀਆਂ ਦੇ ਅੰਡਰ 11, ਅੰਡਰ 13, ਅੰਡਰ 15, ਅੰਡਰ 17, ਅੰਡਰ 19 ਤੋਂ ਇਲਾਵਾ ਪੁਰਸ਼ਾਂ ਦੇ 40 ਸਾਲ ਤੋਂ ਘੱਟ, 40 ਤੋਂ 60 ਸਾਲ ਤੇ 60 ਸਾਲ ਤੋਂ ਉੱਪਰ ਉਮਰ ਵਰਗ ਦੇ ਮੁਕਾਬਲੇ ਕਰਵਾਏ ਜਾਣਗੇ। ਚੈਂਪੀਅਨਸ਼ਿਪ ਲਈ ਐਂਟਰੀਆਂ 25 ਨਵੰਬਰ ਤੱਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੇਵਲ ਗਰਗ ਕੋਲ ਪਹੁੰਚ ਜਾਣੀਆਂ ਚਾਹੀਦੀਆਂ ਹਨ। ਚੈਂਪੀਅਨਸ਼ਿਪ ਵਿੱਚ ਹਰੇਕ ਖਿਡਾਰੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ ਤੇ ਜੇਤੂ/ਉਪ-ਜੇਤੂ ਖਿਲਾੜੀਆਂ ਨੂੰ ਮੋਮੈਂਟੋ ਤੇ ਇਨਾਮ ਵੀ ਦਿੱਤੇ ਜਾਣਗੇ। ਇਹ ਖਿਡਾਰੀ ਅਮ੍ਰਿਤਸਰ ਵਿਖੇ ਹੋਣ ਵਾਲੀ ਸਟੇਟ ਚੈਂਪੀਅਨਸ਼ਿਪ ਵਿੱਚ ਮਾਨਸਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਨਗੇ। ਐਸੋਸੀਏਸ਼ਨ ਦੀ ਮੀਟਿੰਗ ਵਿੱਚ ਡਾਕਟਰ ਚਤਰ ਸਿੰਘ, ਕੇਵਲ ਗਰਗ, ਅਮਿਤ ਸੂਦ, ਦਰਸ਼ਨ ਸਿੰਘ, ਮਨੀਸ਼ ਗੋਇਲ, ਹੈਪੀ ਕੁਮਾਰ, ਰਮਨ ਕੁਮਾਰ, ਇੰਦਰਜੀਤ ਸਿੰਘ ਯੋਧਾ, ਗੁਰਮੀਤ ਸਿੰਘ, ਨਵਦੀਪ ਸਿੰਘ ਤੋਂ ਇਲਾਵਾ ਐਸੋਸੀਏਸ਼ਨ ਦੇ ਟੇਬਲ ਟੈਨਿਸ ਦੇ ਖਿਡਾਰੀ ਹਾਜ਼ਰ ਸਨ।

### ਚੋਰੀ ਦੇ ਮੋਟਰਸਾਈਕਲ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਪੁਲਸ ਨੇ ਚੋਰੀ ਦੇ ਮੋਟਰਸਾਈਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਸਹਾਇਕ ਥਾਣੇਦਾਰ ਸਤਪਾਲ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਪਿੰਡ ਵੈਰੋਕੇ ਬੱਸ ਅੱਡੇ ਦੇ ਕੋਲ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਰਮਜੀਤ ਸਿੰਘ ਪੁੱਤਰ ਖੁਸ਼ਹਾਲ ਸਿੰਘ ਵਾਸੀ ਚੱਕ ਅਰਾਈਆਂਵਾਲਾ ਉਰਫ ਫਲੀਆਂਵਾਲਾ ਮੋਟਰਸਾਈਕਲ ਚੋਰੀ ਕਰਨ ਦਾ ਆਦੀ ਹੈ, ਜੋ ਅੱਜ ਵੀ ਹੀਰੋ ਸਪਲੈਂਡਰ ਮੋਟਰਸਾਈਕਲ ਵੇਚਣ ਦੀ ਤਾਕ ਵਿੱਚ ਹੈ, ਜਿਸ 'ਤੇ ਪੁਲਸ ਪਾਰਟੀ ਨੇ ਚੱਕ ਕਬਰਵਾਲਾ ਚੌਕ 'ਤੇ ਨਾਕਾਬੰਦੀ ਕਰਕੇ ਪਰਮਜੀਤ ਸਿੰਘ ਨੂੰ ਚੋਰੀ ਦਾ ਮੋਟਰਸਾਈਕਲ ਸਣੇ ਕਾਬੂ ਕੀਤਾ। ਪੁਲਸ ਨੇ ਪਰਮਜੀਤ ਸਿੰਘ ਖਿਲਾਫ ਮੁੱਕਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

### ਮੰਡੀ ਕਿਸਾਨ ਦੇ ਨਰਮੇ ਦੀ ਟਰਾਲੀ ਸੜੀ

**ਮਲੋਟ (ਗੁਰਮੀਤ ਸਿੰਘ ਮੱਕੜ)**-ਨੇੜਲੇ ਪਿੰਡ ਸ਼ੇਰਗੜ੍ਹ ਦਾ ਕਿਸਾਨ ਜਸਵਿੰਦਰ ਸਿੰਘ, ਜੋ ਕਿ ਨਰਮੇ ਦੀ ਟਰਾਲੀ ਲੈ ਕੇ ਦਾਣਾ ਮੰਡੀ ਪਹੁੰਚਿਆ ਸੀ, ਦੇ ਨਰਮੇ ਦੀ ਬੋਲੀ ਹੋਣ ਤੋਂ ਬਾਅਦ ਨਰਮੇ ਦੀ ਟਰਾਲੀ ਨੂੰ ਅਚਾਨਕ ਅੱਗ ਲੱਗ ਗਈ, ਪ੍ਰੰਤੂ ਮੌਕੇ 'ਤੇ ਪਤਾ ਲੱਗਣ 'ਤੇ ਉਨ੍ਹਾਂ ਫੁਰਤੀ ਨਾਲ ਧੁਖਦੇ ਨਰਮੇ ਨੂੰ ਉੱਥੇ ਹੀ ਲਾਹਿਆ ਤੇ ਟਰਾਲੀ ਭਜਾ ਕੇ ਮੰਡੀ ਦੇ ਵਾਟਰ ਵਰਕਸ ਵਿੱਚ ਲੈ ਗਏ, ਜਿੱਥੇ ਪਾਣੀ ਪਾਉਣ ਕਰਕੇ ਨਰਮੇ ਦਾ ਬਚਾਅ ਹੋ ਗਿਆ। ਉਧਰ ਇਸ ਸੰਬਧੀ ਮਾਰਕੀਟ ਕਮੇਟੀ ਦੇ ਸਕੱਤਰ ਅਮਨਦੀਪ ਸਿੰਘ ਕੰਗ ਨੇ ਕਿਹਾ ਕਿ ਅੱਗ ਲੱਗਣ ਦਾ ਕਾਰਨ ਧੁਖਦੀ ਬੀੜੀ-ਸਿਗਰਟ ਵਗੈਰਾ ਟਰਾਲੀ 'ਚ ਡਿੱਗਣ ਕਰਕੇ ਲੱਗੀ ਹੋ ਸਕਦੀ ਹੈ। ਉਨ੍ਹਾ ਕਿਹਾ ਇਹ ਜ਼ਿੰਮੇਵਾਰੀ ਆੜ੍ਹਤੀਏ ਦੀ ਹੁੰਦੀ ਹੈ ਕਿ ਉਹ ਅੱਗ ਬੁਝਾਊ ਯੰਤਰ ਆਦਿ ਦੇ ਪੁਖਤਾ ਪ੍ਰਬੰਧ ਰੱਖਣ ਤੇ ਬੋਲੀ ਵੇਲੇ ਮੌਕੇ 'ਤੇ ਮੌਜੂਦ ਰਹਿਣ। ਉਨ੍ਹਾ ਕਿਹਾ ਕਿ ਕਮੇਟੀ ਵੱਲੋਂ ਮੰਡੀ ਵਿੱਚ ਜੋ ਪ੍ਰਬੰਧ ਕਰਨੇ ਹੁੰਦੇ ਹਨ, ਉਹ ਪੁਖਤਾ ਕੀਤੇ ਗਏ ਹਨ, ਉਨ੍ਹਾਂ ਵਿੱਚ ਕੋਈ ਊਨਤਾਈ ਨਹੀਂ ਹੈ।

# ਟੀ ਐੱਲ ਐੱਫ ਸਕੂਲ 'ਚ ਪੰਜਾਬ ਬਚਾਓ ਮੁਹਿੰਮ ਤਹਿਤ ਕਰਾਏ ਮੁਕਾਬਲੇ



**ਮੋਗਾ (ਅਮਰਜੀਤ ਬੱਬਰੀ)**-ਸ਼ਹਿਰ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਦਿ ਲਰਨਿੰਗ ਫੀਲਡ ਏ ਗਲੋਬਲ ਸਕੂਲ ਵੱਲੋਂ ਪੰਜਾਬ ਮਿਸ਼ਨ ਦੇ ਤਹਿਤ ਪੰਜਾਬ ਬਚਾਓ ਮੁਹਿੰਮ ਦਾ ਆਗਾਜ਼ ਅੱਜ ਸਕੂਲ ਦੇ ਚੇਅਰਮੈਨ ਇੰਜੀ. ਜਨੇਸ਼ ਗਰਗ ਤੇ ਡਾਇਰੈਕਟਰ ਡਾ. ਮੁਸਕਾਨ ਗਰਗ ਦੇ ਦਿਸ਼ਾ-ਨਿਰਦੇਸ਼ਾ 'ਤੇ ਕੀਤਾ ਗਿਆ।ਸਕੂਲ ਪ੍ਰਿੰਸੀਪਲ ਸੋਨੀਆ ਵਰਮਾ ਨੇ ਦੱਸਿਆ ਕਿ ਪੰਜਾਬ ਬਚਾਓ ਮੁਹਿੰਮ ਤਹਿਤ ਸਕੂਲ ਦੇ ਚੌਥੀ ਤੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦੇ ਕਲਚਰ ਤੇ ਅਧਾਰ 'ਤੇ ਪੋਸਟਰ ਮੇਕਿੰਗ ਮੁਤਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਦੇ ਇਲਾਵਾ 6ਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਸਲੋਗਨ ਕੰਪੀਟੀਸ਼ਨ 'ਚ ਹਿੱਸਾ ਲਿਆ, ਜਿਸ 'ਚ ਬੱਚਿਆਂ ਨੇ ਆਪਣੀ ਪ੍ਰਤਿਭਾ ਦਾ ਵਧੀਆ ਪ੍ਰਦਰਸ਼ਨ ਕੀਤਾ।ਉਨ੍ਹਾ ਕਿਹਾ ਕਿ ਇਸ ਪ੍ਰਕਾਰ ਦੇ ਕੰਪੀਟਿਸ਼ਨ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਦੇ ਅੰਦਰ ਛੁਪੀ ਪ੍ਰਤਿਭਾ ਨੂੰ ਉਜਾਗਰ ਕਰਕੇ ਉਸ ਨੂੰ ਨਿਖਾਰਨਾ ਹੈ, ਤਾਂ ਜੋ ਬੱਚਿਆਂ ਵਿੱਚ ਰਚਨਾਤਮਕਤਾ ਦਾ ਵਿਕਾਸ ਹੋਵੇ ਤੇ ਉਹ ਹਰੇਕ ਖੇਤਰ ਵਿੱਚ ਹਿੱਸਾ ਲੈ ਕੇ ਸਫਲਤਾ ਪ੍ਰਾਪਤ ਕਰਕੇ ਆਪਣਾ, ਸਕੂਲ ਤੇ ਮਾਪਿਆਂ ਦਾ ਨਾਂਅ ਰੋਸ਼ਨ ਕਰ ਸਕਣ।ਇਸ ਮੌਕੇ ਸਕੂਲ ਦੇ ਚੇਅਰਮੈਨ ਇੰਜੀ. ਜਨੇਸ਼ ਗਰਗ ਨੇ ਕਿਹਾ ਕਿ ਪੰਜਾਬ ਬਚਾਓ ਮੁਹਿੰਮ ਤਹਿਤ ਐਕਟੀਵਿਟੀ ਕਰਵਾਉਣ ਦਾ ਮੰਤਵ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ, ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸ਼ਹੀਦਾਂ, ਸੁਤੰਤਰਤਾ ਸੈਨਾਨੀਆਂ ਵੱਲੋਂ ਦਿੱਤੀ ਗਈ ਸ਼ਹਾਦਤ ਬਾਰੇ ਜਾਣੂ ਕਰਵਾਉਣਾ ਹੈ, ਤਾਂ ਜੋ ਵਿਦਿਆਰਥੀਆਂ ਨੂੰ ਪੰਜਾਬ ਦੇ ਦੇਸ਼ ਭਗਤਾਂ ਤੇ ਪੰਜਾਬੀ ਵਿਰਸੇ ਦੀ ਜਾਣਕਾਰੀ ਹਾਸਲ ਹੋ ਸਕੇ।ਇਸ ਮੌਕੇ ਸਕੂਲ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# 30 ਦੀ ਮੀਟਿੰਗ 'ਚ ਨੋਟੀਫਿਕੇਸ਼ਨ ਜਾਰੀ ਨਾ ਹੋਣ 'ਤੇ ਯੂਨੀਅਨ ਵੱਲੋਂ 3 ਨੂੰ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ 'ਤੇ ਕਰਾਂਗੇ ਰੋਸ ਪ੍ਰਦਰਸ਼ਨ : ਬੀਰ



**ਮਾਨਸਾ (ਆਤਮਾ ਸਿੰਘ ਪਮਾਰ)**

ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ (ਪੀਪੀਪੀ ਤਰਜ਼) ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ, ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ, ਸਕੱਤਰ ਜਨਰਲ ਸੁਖਦੀਪ ਕੌਰ ਸਰਾਂ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਗਲੋਟੀ, ਮੀਤ ਪ੍ਰਧਾਨ ਵਿਸ਼ਾਲ ਭਠੇਜਾ, ਮੀਡੀਆ ਇੰਚਾਰਜ ਸਲੀਮ ਮੁਹੰਮਦ, ਪ੍ਰਚਾਰ ਸਕੱਤਰ ਅਮਨਦੀਪ ਸ਼ਾਸਤਰੀ ਤੇ ਸੂਬਾ ਕਮੇਟੀ ਮੈਂਬਰ ਮੈਡਮ ਮੀਨੂੰ, ਓਮਾ ਮਾਧਵੀ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਪੰਜਾਬ ਨੇ 30 ਨਵੰਬਰ ਦੀ ਮੀਟਿੰਗ ਵਿੱਚ ਮੰਨੀਆਂ ਮੰਗਾਂ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਤੁਰੰਤ ਲਾਗੂ ਨਾ ਕੀਤਾ ਤਾਂ ਯੂਨੀਅਨ 3 ਦਸੰਬਰ ਨੂੰ ਮਜਬੂਰੀ ਵੱਸ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਮੂਹਰੇ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ, ਜਿਸ ਵਿੱਚ ਸਮੁੱਚੇ ਪੰਜਾਬ ਦੇ ਆਦਰਸ਼ ਸਕੂਲਾਂ ਦੇ ਕਰਮਚਾਰੀ ਵੱਡੀ ਗਿਣਤੀ 'ਚ ਸ਼ਿਰਕਤ ਕਰਨਗੇ। ਸਰਕਾਰ ਤੇ ਸਿੱਖਿਆ ਵਿਭਾਗ ਕਾਫੀ ਲੰਬੇ ਸਮੇਂ ਤੋਂ ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲਟਕਾ ਕੇ ਨਿਰਾਸ਼ਤਾ ਵੱਲ ਧੱਕ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰ ਤੇ ਸਿੱਖਿਆ ਵਿਭਾਗ ਨੇ ਇਹ ਗੱਲ ਮੰਨੀ ਹੈ ਕਿ ਆਦਰਸ਼ ਸਕੂਲਾਂ ਦੇ ਮੁਲਾਜ਼ਮਾਂ ਦੀਆਂ, ਤਨਖਾਹਾਂ ਦੂਸਰੇ ਸਰਕਾਰੀ ਬਰਾਬਰ ਅਹੁਦੇ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਮਿਲ ਰਹੀਆਂ ਤਨਖਾਹਾਂ ਵਿੱਚ ਵੱਡੇ ਵਖਰੇਵੇਂ ਹਨ, ਜਿਨ੍ਹਾਂ ਨੂੰ ਦੂਰ ਕਰਨ ਦੇ ਆਦੇਸ਼ ਦਿੱਤੇ ਸਨ, ਪਰ ਅਜੇ ਤੱਕ ਉਹ ਕੇਵਲ ਆਦੇਸ਼ ਹੀ ਸਾਬਿਤ ਹੋ ਰਹੇ ਹਨ। ਉਨ੍ਹਾ ਕਿਹਾ ਕਿ ਗਰੇਡ ਪੇਅ ਅਨੁਸਾਰ ਤਨਖਾਹਾਂ ਸਿੱਧੀਆਂ ਸਿੱਖਿਆ ਵਿਭਾਗ ਵੱਲੋਂ ਕਰਮਚਾਰੀਆਂ ਦੇ ਖਾਤਿਆਂ ਵਿੱਚ ਪਾਈਆਂ ਜਾਣ।,ਜਦਕਿ ਹੁਣ ਆਦਰਸ਼ ਸਕੂਲਾਂ ਦੇ ਵੱਡੀ ਗਿਣਤੀ ਕਰਮਚਾਰੀ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਆਦਰਸ਼ ਸਕੂਲਾਂ ਦੇ ਕਰਮਚਾਰੀਆਂ ਦੀਆਂ ਬਦਲੀਆਂ ਕਰਨ ਦੀ ਉੱਚਿਤ ਵਿਵਸਥਾ ਕਰਨ ਸਮੇਤ ਯੋਗਤਾ ਤੇ ਤਜਰਬੇ ਦੇ ਆਧਾਰ 'ਤੇ ਤਰੱਕੀਆਂ ਦੇਣ ਬਾਰੇ ਮੰਨੀਆਂ ਮੰਗਾਂ ਦਾ ਤੁਰੰਤ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ 3 ਦਸੰਬਰ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਕੋਠੀ ਮੂਹਰੇ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਰਛਪਾਲ ਸਿੰਘ, ਗੁਰਚਰਨ ਸਿੰਘ ਹਰਦਾਸਾ, ਜਗਤਾਰ ਸਿੰਘ ਗੰਢੂਆਂ, ਮਨਪ੍ਰੀਤ ਸਿੰਘ, ਸੁਖਪਾਲ ਸਿੰਘ, ਹਰਪ੍ਰੀਤ ਕੌਰ ਪੱਕਾ, ਮਨਪ੍ਰੀਤ ਕੌਰ ਹਰਦਾਸਾ, ਹਰਸਿਮਰਨ ਔਲਖ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ ਆਦਿ ਆਗੂ ਮੌਜੂਦ ਸਨ।

# ਸਕੂਲ 'ਚ ਜਥੇਦਾਰ ਟੌਹੜਾ ਦੀ ਬਰਸੀ ਨੂੰ ਸਮਰਪਤ ਪਾਠ ਦੇ ਭੋਗ ਪਾਏ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਖੇ ਸ਼ਹੀਦ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਤੇ ਪੰਥ ਰਤਨ ਸਵਰਗਵਾਸੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬਰਸੀ ਨੂੰ ਸਮਰਪਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਸਮੇਂ ਸਕੂਲ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਤੇ ਸ਼ਹੀਦੀ ਸਾਕੇ ਨਾਲ ਸੰਬੰਧਤ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦਿਹਾੜੇ ਨੂੰ ਸਮਰਪਤ ਬੱਚਿਆਂ ਦੇ ਲੰਬੇ ਕੇਸਾਂ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਤਕਰੀਬਨ 400 ਬੱਚਿਆਂ ਨੇ ਭਾਗ ਲਿਆ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਮਹਿੰਦਰ ਸਿੰਘ ਦੁੱਲਟ ਚੇਅਰਮੈਨ ਸ਼ਹੀਦ ਭਾਈ ਮਨੀ ਸਿੰਘ ਵਿੱਦਿਅਕ ਟਰੱਸਟ ਨੇ ਸ਼ਿਰਕਤ ਕੀਤੀ। ਸਕੂਲ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਜੇਤੂ ਵਿਦਿਆਰਥੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸਮੂਹ ਸਟਾਫ਼ ਮੈਂਬਰਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

### ...ਜਦੋਂ ਮੁੱਖ ਮਹਿਮਾਨ ਵਿਧਾਇਕ ਪੰਡੋਰੀ ਸਮਾਗਮ ਖਤਮ ਹੋਣ ਤੋਂ ਬਾਅਦ ਪੁੱਜੇ!

**ਮਹਿਲ ਕਲਾਂ (ਪ੍ਰਦੀਪ ਲੋਹਗੜ੍ਹ)**

ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸਕੂਲ ਆਫ ਐਮੀਨੈਂਸ ਮਹਿਲ ਕਲਾਂ ਵਿਖੇ ਸਕੂਲ ਮੈਨੇਜਮੈਂਟ ਕਮੇਟੀ, ਸਮੂਹ ਸਟਾਫ ਵੱਲੋਂ ਕਰਵਾਏ ਗਏ ਸਾਲਾਨਾ ਇਨਾਮ ਵੰਡ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਵਾਲੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਇਨਾਮ ਵੰਡ ਸਮਾਗਮ ਦੇ ਖਤਮ ਹੋਣ ਤੋਂ ਕਈ ਘੰਟਿਆਂ ਬਾਅਦ ਸਕੂਲ 'ਚ ਪਹੁੰਚੇ ਤਾਂ ਤੁਰੰਤ ਹੀ ਕਈ ਤਰ੍ਹਾਂ ਚੁੰਝ ਚਰਚਾ ਛਿੜ ਪਈ। ਇਸ ਸਥਿਤੀ 'ਚ ਕਸੂਤੇ ਫਸੇ ਪ੍ਰਬੰਧਕਾਂ ਨੇ ਤੁਰੰਤ ਹੀ ਮੌਕੇ ਨੂੰ ਸੰਭਾਲਦਿਆਂ ਮੁੱਖ ਮਹਿਮਾਨ ਦਾ ਸਵਾਗਤ ਕਰਨ ਉਪਰੰਤ ਉਸ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ। ਦੱਸਣਯੋਗ ਹੈ ਕਿ ਇਸ ਸਾਲਾਨਾ ਸਮਾਗਮ ਵਿੱਚ ਪ੍ਰਵਾਸੀ ਭਾਰਤੀ ਔਜਲਾ ਭਰਾਵਾਂ ਡਾਕਟਰ ਪਰਮਜੀਤ ਸਿੰਘ ਯੂ ਐੱਸ ਏ, ਬਰਜਿੰਦਰ ਸਿੰਘ ਔਜਲਾ ਮਹਿਲ ਕਲਾਂ ਵੱਲੋਂ ਡੇਢ ਲੱਖ ਦੇ ਕਰੀਬ ਰਾਸ਼ੀ ਨਾਲ ਸੰਸਥਾ ਦੇ ਖੇਡਾਂ, ਵਿੱਦਿਆ, ਧਾਰਮਿਕ ਸਰਗਰਮੀਆਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ, ਦਾਨੀ ਸੱਜਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੱਲੋਂ ਇਸ ਮੌਕੇ ਸਕੂਲ ਦੀ ਬਿਹਤਰੀ ਲਈ ਅਹਿਮ ਯੋਗਦਾਨ ਪਾਉਣ ਵਾਲੇ ਪ੍ਰਵਾਸੀ ਭਾਰਤੀਆਂ, ਦਾਨੀ ਸੱਜਣਾਂ ਦੀ ਹੌਸਲਾ ਅਫਜ਼ਾਈ ਲਈ ਕੋਈ ਦਿਲਚਸਪੀ ਨਾ ਲੈ ਕੇ ਸਮੇਂ ਸਿਰ ਨਾ ਪਹੁੰਚਣਾ, ਲੋਕਾਂ 'ਚ ਕਈ ਸੁਆਲ ਖੜੇ ਕਰਦਾ ਹੈ।

# ਯੂਥ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਮਿਲ ਰਿਹੈ ਵੱਡਾ ਹੁੰਗਾਰਾ : ਰਾਜੂ ਖੰਨਾ

**ਭਰਤੀ ਮੁਹਿੰਮ ਨੂੰ ਤੇਜ਼ ਕਰਨ ਲਈ ਹਲਕਾ ਅਮਲੋਹ ਦੇ ਯੂਥ ਨੌਜਵਾਨਾਂ ਨਾਲ ਕੀਤੀ ਭਰਵੀਂ ਮੀਟਿੰਗ**



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**

ਪਿਛਲੇ ਦਿਨੀਂ ਯੂਥ ਅਕਾਲੀ ਦਲ ਦੀ ਆਨਲਾਈਨ ਸ਼ੁਰੂ ਕੀਤੀ ਗਈ ਭਰਤੀ ਨੂੰ ਪੰਜਾਬ ਅੰਦਰ ਹੀ ਨਹੀਂ, ਸਗੋਂ ਦੇਸ਼ ਵਿਦੇਸ਼ਾਂ ਵਿੱਚ ਵੀ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਹਲਕਾ ਅਮਲੋਹ ਅੰਦਰ ਯੂਥ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਤੇਜ਼ ਕਰਨ ਤਹਿਤ ਹਲਕੇ ਦੇ ਯੂਥ ਨੌਜਵਾਨਾਂ ਨਾਲ ਕੀਤੀ ਗਈ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਰਾਜੂ ਖੰਨਾ ਨੇ ਕਿਹਾ ਕਿ ਇਸ ਆਨਲਾਈਨ ਭਰਤੀ ਮੁਹਿੰਮ ਵਿੱਚ ਜਿੱਥੇ ਡੈਲੀਗੇਟ ਲਈ ਵੋਟ ਪਵੇਗੀ, ਉਥੇ ਸਰਕਲ ਪ੍ਰਧਾਨ, ਜ਼ਿਲ੍ਹਾ ਯੂਥ ਪ੍ਰਧਾਨ ਤੇ ਸੂਬਾ ਪੱਧਰ ਦਾ ਅਹੁਦੇਦਾਰ ਬਣਨ ਲਈ ਵੀ ਆਨਲਾਈਨ ਵੋਟਿੰਗ ਕਰਨੀ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਅੱਜ ਯੂਥ ਅਕਾਲੀ ਦਲ ਦਾ ਮੈਂਬਰ ਤੇ ਅਹੁਦੇਦਾਰ ਬਣਨ ਲਈ ਪੰਜਾਬ ਤੇ ਦੇਸ਼, ਵਿਦੇਸ਼ਾਂ ਦੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਹੈ, ਕਿਉਂਕਿ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਆਨਲਾਈਨ ਵੋਟਿੰਗ ਰਾਹੀਂ ਯੂਥ ਅਕਾਲੀ ਦਲ ਨਾਲ ਜੁੜ ਰਹੇ ਹਨ, ਜੋ ਸ਼੍ਰੋਮਣੀ ਅਕਾਲੀ ਦਲ ਲਈ ਵੱਡੇ ਮਾਣ ਵਾਲੀ ਗੱਲ ਹੈ।

ਰਾਜੂ ਖੰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿੱਚ ਸ਼ੁਰੂ ਹੋਈ ਇਹ ਮੁਹਿੰਮ ਦਿਨੋਂ ਦਿਨ ਸਿਖਰ ਵੱਲ ਵਧ ਰਹੀ ਹੈ, ਜਿਸ ਲਈ ਬਿਕਰਮ ਸਿੰਘ ਮਜੀਠੀਆ ਤੇ ਸਰਬਜੀਤ ਸਿੰਘ ਝਿੰਜਰ ਵਧਾਈ ਦੇ ਪਾਤਰ ਹਨ। ਰਾਜੂ ਖੰਨਾ ਨੇ ਹਲਕਾ ਅਮਲੋਹ ਦੇ ਮੀਟਿੰਗ ਵਿੱਚ ਜੁੜੇ ਵੱਡੀ ਗਿਣਤੀ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਘਰ ਘਰ ਤੱਕ ਪਹੁੰਚ ਕਰਕੇ ਯੂਥ ਅਕਾਲੀ ਦਲ ਦੀ ਭਰਤੀ ਨੂੰ ਤੇਜ਼ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋ ਕੇ ਵੱਡੀ ਸ਼ਕਤੀ ਦੇ ਰੂਪ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚਲਦਾ ਕਰਨ ਵਿੱਚ ਅਹਿਮ ਰੋਲ ਅਦਾ ਕਰ ਸਕੇ ਤੇ ਪੰਜਾਬ ਅੰਦਰ ਮੁੜ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਲੋਕ ਹਿਤੈਸ਼ੀ ਸਰਕਾਰ ਦਾ ਗਠਨ ਹੋ ਸਕੇ। ਇਸ ਮੀਟਿੰਗ ਵਿੱਚ ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਜਸ਼ਨਪ੍ਰੀਤ ਸਿੰਘ ਕਾਹਲੋਂ, ਹਰਵਿੰਦਰ ਸਿੰਘ ਬਿੰਦਾ, ਭਗਵਾਨ ਸਿੰਘ ਹੈਪੀ ਟਿੱਬੀ, ਚਰਨਜੀਤ ਸਿੰਘ ਚੰਨਾ, ਗੋਰਾ ਅਜਨਾਲੀ, ਕ੍ਰਿਸ਼ਨ ਕੁੰਭੜਾ, ਅਮਰਜੀਤ ਸਿੰਘ ਲਾਡਪੁਰ, ਕੇਵਲ ਖਾਂ ਧਰਮਗੜ੍ਹ, ਮਹਾਂ ਸਿੰਘ ਮੰਡੋਫਲ, ਸਹਿਜ ਸਿੰਘ ਮੰਡੀ, ਨਿਸ਼ਾਨ ਸਿੰਘ ਗੁਰਧਨਪੁਰ, ਸਹਿਜਪ੍ਰੀਤ ਸਿੰਘ ਮੰਡੀ, ਗੁਰਪ੍ਰੀਤ ਸਿੰਘ ਗੁਰੀ, ਰੁਪਿੰਦਰ ਸਿੰਘ ਕੁੰਜਾਰੀ, ਐਡ ਗੁਰਿੰਦਰ ਸਿੰਘ ਬੜੈਚਾ, ਗੁਰਪੰਥ ਸਿੰਘ ਤੂਫਾਨ, ਗੁਰਸੇਵਕ ਸਿੰਘ ਭਾਂਬਰੀ, ਹਰਕੀਰਤ ਸਿੰਘ ਸਲਾਣਾ, ਗੁਰਜੀਤ ਸਿੰਘ ਕੋਟਲਾ, ਅੰਗਰੇਜ ਸਿੰਘ ਲਾਡਪੁਰ, ਜਸਪ੍ਰੀਤ ਸਿੰਘ ਜੱਸੀ, ਰਣਦੀਪ ਰਾਣਾ, ਸਤਨਾਮ ਸਿੰਘ ਡਡਹੇੜੀ, ਸੰਨਦੀਪ ਸਿੰਘ ਗੁਰਧਨਪੁਰ, ਬਲਕਰਨ ਸਿੰਘ ਰਤਨਪਾਲੋ, ਗੁਰਜੋਤ ਸਿੰਘ ਨਰੈਣਗੜ੍ਹ, ਨਵਜੋਤ ਸਿੰਘ ਨਰੈਣਗੜ੍ਹ, ਸੁਖਵਿੰਦਰ ਸਿੰਘ ਕਾਲਾ ਅਰੋੜਾ, ਗੁਰਿੰਦਰਪਾਲ ਸਿੰਘ ਗਰਚਾ, ਸਿਧਾਰਥ ਅਜਨਾਲੀ, ਗੁੱਡੂ ਕੁਮਾਰ, ਨਿਹਾਲ ਪਾਂਡੇ, ਕਰਨਦੀਪ ਸਿੰਘ ਖੁੰਮਣਾ, ਕਮਲ ਵੜੈਚ, ਸਤਨਾਮ ਸਿੰਘ ਬੁੱਗਾ, ਲਵਪ੍ਰੀਤ ਸਿੰਘ ਬੁੱਗਾ ਤੋਂ ਇਲਾਵਾ ਵੱਡੀ ਗਿਣਤੀ 'ਚ ਹਲਕਾ ਅਮਲੋਹ ਦੇ ਨੌਜਵਾਨ ਮੌਜੂਦ ਸਨ।

# ਚੰਡੀਗੜ੍ਹ ਮੋਰਚੇ 'ਚ ਭਰਵੀਂ ਸ਼ਮੂਲੀਅਤ ਲਈ ਸਾਰੀਆਂ ਤਿਆਰੀਆਂ ਮੁਕੰਮਲ : ਭਲਾਈਆਣਾ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦੇਸ਼ ਵਿਆਪੀ ਅੰਦੋਲਨ ਵਜੋਂ 26, 27, 28 ਨਵੰਬਰ ਨੂੰ ਚੰਡੀਗੜ੍ਹ ਵਿਖੇ ਦਿਨ-ਰਾਤ ਦੇ ਮੋਰਚੇ ਵਿੱਚ ਭਰਵੀਂ ਸ਼ਮੂਲੀਅਤ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਗਿੱਦੜਬਾਹਾ ਦੀ ਮੀਟਿੰਗ ਬਲਾਕ ਪ੍ਰਧਾਨ ਬਿੱਟੂ ਮੱਲਣ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਗੁਪਤਸਰ ਸਾਹਿਬ ਛੱਤੇਆਣਾ ਵਿਖੇ ਹੋਈ। ਮੀਟਿੰਗ ਵਿੱਚ ਠੋਸ ਵਿਉਂਤ ਬੰਦੀ ਉਲੀਕ ਕੇ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ। ਲਿਖਤੀ ਪ੍ਰੈੱਸਨੋਟ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਵਿਸ਼ੇਸ਼ ਤੌਰ 'ਤੇ ਸ਼ਾਮਲ ਜਥੇਬੰਦੀ ਦੇ ਜਨਰਲ ਸਕੱਤਰ ਗੁਰਭਗਤ ਸਿੰਘ ਭਲਾਈਆਣਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਸਹਾਇਕ ਸਕੱਤਰ ਗੁਰਮੀਤ ਸਿੰਘ ਬਿੱਟੂ, ਅਜੈਬ ਸਿੰਘ ਮੱਲਣ, ਸੁੱਚਾ ਸਿੰਘ ਕੋਟਭਾਈ, ਹਰਪਾਲ ਸਿੰਘ ਚੀਮਾ ਧੂਲਕੋਟ, ਜੋਗਿੰਦਰ ਸਿੰਘ ਬੁੱਟਰ ਸਰੀਂਹ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀਆਂ ਰਹਿੰਦੀਆਂ ਸਾਰੀਆਂ ਮੰਗਾਂ ਲਾਗੂ ਕਰਵਾਉਣ ਲਈ ਬਲਾਕ ਪੱਧਰ 'ਤੇ ਪਿੰਡ ਪਿੰਡ ਮੀਟਿੰਗਾਂ ਰੈਲੀਆਂ, ਝੰਡਾ ਮਾਰਚ ਰਾਹੀਂ ਤੇ ਕਾਫਲਾ/ਮਾਰਚਾਂ ਦਾ ਤਾਂਤਾ ਬੰਨ੍ਹ ਕੇ ਵੱਡੀਆਂ ਲਾਮਬੰਦੀਆਂ ਕੀਤੀਆਂ ਜਾਣਗੀਆਂ। ਟਰੈਕਟਰ-ਟਰਾਲੀਆਂ, ਬਿਸਤਰੇ, ਗੱਦਿਆਂ, ਟੈਂਟਾਂ, ਤਰਪਾਲਾਂ ਪੂਰਾ ਰਾਸ਼ਨ ਤੇ ਗੈਸ ਚੁੱਲ੍ਹੇ ਆਦਿ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਕਿਸਾਨਾਂ-ਮਜ਼ਦੂਰਾਂ ਨੌਜਵਾਨਾਂ ਔਰਤਾਂ ਦੀ ਵੱਡੀ ਗਿਣਤੀ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਸਾਧੂ ਸਿੰਘ ਗੁਰਦੇਵ ਸਿੰਘ ਛੱਤੇਆਣਾ, ਗੁਲਾਬ ਸਿੰਘ, ਰਣਜੀਤ ਸਿੰਘ ਬੁੱਟਰ ਬਖੂਹਾ, ਨਾਰ ਸਿੰਘ ਦੌਲਾ, ਸੁਖਦੇਵ ਦਾਸ ਭਲਾਈਆਣਾ, ਗੁਰਮੇਲ ਸਿੰਘ ਸੁਖਨਾ, ਗੁਰਦੇਵ ਸਿੰਘ ਬੁੱਟਰ ਸਰੀਂਹ ਅੰਗਰੇਜ ਸਿੰਘ ਮੱਲਣ, ਜਸਵੰਤ ਸਿੰਘ ਕੋਟਭਾਈ, ਪ੍ਰਦੀਪ ਸਿੰਘ ਗਿੱਦੜਬਾਹਾ ਆਦਿ ਹਾਜ਼ਰ ਸਨ।

# ਮਯੰਕ ਸ਼ਰਮਾ ਮੈਮੋਰੀਅਲ ਸਪੋਰਟਸ ਐਕਸੀਲੈਂਸ ਐਵਾਰਡ 'ਚ 100 ਤੋਂ ਵੱਧ ਖਿਡਾਰੀਆਂ ਦਾ ਸਨਮਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਖੇਡਾਂ ਦੇ ਖੇਤਰ ਵਿੱਚ ਦੇਸ਼ ਭਰ ਦੇ ਸਰਹੱਦੀ ਜ਼ਿਲ੍ਹਿਆਂ ਦਾ ਨਾਂ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਮਯੰਕ ਫਾਊਂਡੇਸ਼ਨ ਵੱਲੋਂ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਵਿਖੇ ਮਯੰਕ ਸ਼ਰਮਾ ਮੈਮੋਰੀਅਲ ਸਪੋਰਟਸ ਐਕਸੀਲੈਂਸ ਐਵਾਰਡ-2023 ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਟੇਬਲ ਟੈਨਿਸ, ਬੈਡਮਿੰਟਨ, ਤੈਰਾਕੀ, ਅਥਲੈਟਿਕਸ, ਰੋਲਰ ਸਕੇਟਿੰਗ, ਸ਼ੂਟਿੰਗ, ਤਾਈਕਵਾਂਡੋ, ਬਾਸਕਟਬਾਲ, ਤੀਰਅੰਦਾਜ਼ੀ, ਕ੍ਰਿਕਟ, ਗੋਲਫ ਵਿੱਚ ਜ਼ਿਲ੍ਹਾ, ਰਾਜ, ਉੱਤਰੀ ਖੇਤਰ ਤੇ ਰਾਸ਼ਟਰੀ ਪੱਧਰ 'ਤੇ ਪ੍ਰਾਪਤੀਆਂ ਕਰਨ ਵਾਲੇ ਵੱਖ-ਵੱਖ ਸਕੂਲਾਂ ਦੇ 100 ਤੋਂ ਵੱਧ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ।ਫਾਊਂਡੇਸ਼ਨ ਦੇ ਸਕੱਤਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਡੀ ਆਈ ਜੀ ਰਣਜੀਤ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦੋਂਕਿ ਕਾਊਂਟਰ ਇੰਟੈਲੀਜੈਂਸ ਦੇ ਏ ਆਈ ਜੀ ਲਖਬੀਰ ਸਿੰਘ, ਵਿੰਗ ਕਮਾਂਡਰ ਮਨੀ ਨੰਬਰਦਾਰ ਤੇ ਸੁਖਵੰਤ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਗਮ ਦੀ ਪ੍ਰਧਾਨਗੀ ਫਾਊਂਡੇਸ਼ਨ ਦੇ ਚੇਅਰਮੈਨ ਡਾ: ਅਨਿਰੁੱਧ ਗੁਪਤਾ ਤੇ ਡੀ ਸੀ ਐੱਮ ਗਰੁੱਪ ਆਫ਼ ਸਕੂਲਜ਼ ਦੇ ਸੀ ਈ ਓ ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾਉਣ ਦੀ ਰਸਮ ਨਾਲ ਹੋਈ।ਡਾ: ਅਨਿਰੁਧ ਗੁਪਤਾ ਨੇ ਫਾਊਂਡੇਸ਼ਨ ਵੱਲੋਂ ਸਿੱਖਿਆ, ਖੇਡਾਂ, ਟਰਾਂਸਪੋਰਟ, ਸਮਾਜ ਸੇਵਾ ਤੇ ਵਾਤਾਵਰਨ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾ ਦੱਸਿਆ ਕਿ ਮਯੰਕ ਸ਼ਰਮਾ ਦਾਸ ਤੇ ਬ੍ਰਾਊਨ ਵਰਲਡ ਸਕੂਲ ਦਾ ਵਿਦਿਆਰਥੀ ਸੀ ਤੇ ਬੈਡਮਿੰਟਨ ਖਿਡਾਰੀ ਸੀ, ਜਿਸ ਦੀ 7 ਅਕਤੂਬਰ 2017 ਨੂੰ ਬੈਡਮਿੰਟਨ ਦੀ ਪ੍ਰੈਕਟਿਸ ਕਰਨ ਲਈ ਸਟੇਡੀਅਮ ਜਾ ਰਹੇ ਸੜਕ ਹਾਦਸੇ ਵਿੱਚ ਬੱਸ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਗਈ ਸੀ।ਉਨ੍ਹਾਂ ਕਿਹਾ ਕਿ ਜਿੱਥੇ ਮਯੰਕ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਫਾਊਂਡੇਸ਼ਨ ਦਾ ਗਠਨ ਕੀਤਾ ਗਿਆ ਹੈ, ਉੱਥੇ ਪੇਂਟਿੰਗ ਮੁਕਾਬਲਿਆਂ ਤੋਂ ਇਲਾਵਾ ਸੜਕ ਹਾਦਸਿਆਂ ਤੋਂ ਹੋਰ ਜਾਨਾਂ ਬਚਾਉਣ ਲਈ ਇਸ ਦੀਵਾਲੀ ਮੌਕੇ ਹੈਲਮੇਟ, ਟ੍ਰੈਫਿਕ ਜਾਗਰੂਕਤਾ ਕੈਂਪ ਤੇ ਰਿਫਲੈਕਟਰ ਮੁਹਿੰਮ ਚਲਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਹਰ ਸਾਲ ਮਯੰਕ ਦੇ ਜਨਮ ਦਿਨ ਦੀ ਯਾਦ ਵਿੱਚ ਐਕਸੀਲੈਂਸ ਐਵਾਰਡ ਸਮਾਰੋਹ ਕੀਤਾ ਜਾਂਦਾ ਹੈ।ਮੁੱਖ ਮਹਿਮਾਨ ਡੀ ਆਈ ਜੀ ਰਣਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਮਯੰਕ ਫਾਊਂਡੇਸ਼ਨ ਵੱਲੋਂ, ਜੋ ਵੀ ਕੰਮ ਕੀਤਾ ਜਾ ਰਿਹਾ ਹੈ, ਉਹ ਸ਼ਲਾਘਾ ਦਾ ਹੱਕਦਾਰ ਹੈ।ਉਨ੍ਹਾ ਕਿਹਾ ਕਿ ਮਯੰਕ ਦਾ ਅਚਨਚੇਤੀ ਵਿਛੋੜਾ ਦੁਖਦ ਹੈ।ਉਨ੍ਹਾ ਕਿਹਾ ਕਿ ਪੰਜਾਬ ਪੁਲਸ ਸੜਕ ਹਾਦਸਿਆਂ ਨੂੰ ਘਟਾਉਣ ਲਈ ਜਾਗਰੂਕਤਾ ਮੁਹਿੰਮ ਚਲਾਉਂਦੀ ਹੈ।ਉਨ੍ਹਾ ਕਿਹਾ ਕਿ ਲੋਕਾਂ ਨੂੰ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਆਪਣੀ ਜਾਨ ਤੋਂ ਇਲਾਵਾ ਸਾਹਮਣੇ ਤੋਂ ਆਉਣ ਵਾਲੇ ਵਿਅਕਤੀ ਦੀ ਜਾਨ ਵੀ ਬਚਾਈ ਜਾ ਸਕੇ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਰਾਜੇਸ਼ ਚੰਦੇਲ, ਰੈੱਡ ਕਰਾਸ ਦੇ ਸਕੱਤਰ ਅਸ਼ੋਕ ਬਹਿਲ, ਦੀਪਕ ਸ਼ਰਮਾ, ਹਰਿੰਦਰ ਭੁੱਲਰ, ਵਿਪੁਲ ਨਾਰੰਗ, ਡਾ: ਤਨਜੀਤ ਬੇਦੀ, ਰਾਜੀਵ ਸੇਤੀਆ, ਸੁਬੋਧ ਕੱਕੜ, ਅਮਿਤ ਅਰੋੜਾ, ਯੋਗੇਸ਼ ਹਾਂਡਾ, ਦੀਪਕ ਨਰੂਲਾ, ਦੀਪਕ ਮਥਪਾਲ, ਅਰੁਣ ਅਰੋੜਾ, ਗੁਰਪ੍ਰੀਤ ਭੁੱਲਰ, ਅਨਿਲ ਮਫ਼ਰਾਲ, ਅਸੀਮ ਅਗਰਵਾਲ, ਕਮਲ ਸ਼ਰਮਾ ਆਦਿ ਹਾਜ਼ਰ ਸਨ।

# ਹਰਜਸ ਪਬਲਿਕ ਸਕੂਲ ਝੜੌਦੀ ਵਿਖੇ ਸਾਲਾਨਾ ਖੇਡਾਂ ਸ਼ਾਨੋ ਸ਼ੌਕਤ ਨਾਲ ਸੰਪੰਨ

**■ ਖੇਡਾਂ ਮਨੁੱਖੀ ਜੀਵਨ ਦਾ ਅਹਿਮ ਅੰਗ : ਪ੍ਰਿੰਸੀਪਲ**



**ਸਮਰਾਲਾ (ਸੁਰਜੀਤ ਸਿੰਘ)**-ਮਾਸਟਰ ਸਤੀਸ਼ ਕੁਮਾਰ ਮਾਛੀਵਾੜਾ ਬਲਾਕ ਅਧੀਨ ਆਉਂਦੇ ਪਿੰਡ ਝੜੌਦੀ ਵਿਖੇ ਸਿੱਖਿਆ ਦੇ ਖੇਤਰ ਵਿੱਚ ਪਿਛਲੇ ਲੰਬੇ ਸਮੇਂ ਤੋਂ ਸੇਵਾਵਾਂ ਦੇ ਰਹੀ ਸਿਰਕੱਢ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਦੋ ਦਿਨਾਂ ਸਾਲਾਨਾ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਵੱਡੀ ਗਿਣਤੀ ਵਿੱਚ ਭਾਗ ਲਿਆ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਦੱਸਿਆ ਕਿ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਿੱਖਿਆ ਦੇ ਨਾਲ ਨਾਲ ਖੇਡਾਂ ਦਾ ਜ਼ਿੰਦਗੀ ਵਿੱਚ ਅਹਿਮ ਸਥਾਨ ਹੈ। ਸੋ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨ ਲਈ ਖੇਡਾਂ ਸਭ ਤੋਂ ਪਹਿਲਾਂ ਤੇ ਜ਼ਰੂਰੀ ਅੰਗ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਰਸਰੀ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਰੀਰਕ ਕੁਸ਼ਲਤਾਵਾਂ ਪ੍ਰਗਟਾਉਂਦੀਆਂ ਖੇਡਾਂ ਤੇ ਮਨੋਰੰਜਨ ਭਰਪੂਰ ਖੇਡਾਂ ਕਰਵਾਈਆਂ ਗਈਆਂ। ਸਕੂਲ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਦਿਆਂ ਕਿਹਾ ਕਿ ਮਨੁੱਖੀ ਜੀਵਨ ਦਾ ਖੇਡਾਂ ਅਹਿਮ ਤੇ ਮੁੱਖ ਅੰਗ ਹਨ। ਵਿਦਿਆਰਥੀ ਜੀਵਨ ਵਿੱਚ ਖੇਡਾਂ ਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ, ਵਿਦਿਆਰਥੀ ਖੇਡ, ਖੇਡ ਗਰਾਊਂਡ ਤੇ ਖੇਡਾਂ ਨਾਲ ਜੁੜ ਕੇ ਆਪਣੇ ਜੀਵਨ ਦਾ ਪੂਰਨ ਪੱਖੋਂ ਵਿਕਾਸ ਕਰ ਸਕਦੇ ਹਨ ਤੇ ਸਰੀਰਕ ਤੌਰ 'ਤੇ ਤੰਦਰੁਸਤ ਤੇ ਤਰੋਤਾਜ਼ਾ ਰਹਿਣ ਲਈ ਖੇਡਾਂ ਜ਼ਿੰਦਗੀ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਪਹਿਲੇ ਦਿਨ ਖੇਡਾਂ ਦੀ ਸ਼ੁਰੂਆਤ ਸਕੂਲ ਪ੍ਰਬੰਧਕ ਪਰਮਜੀਤ ਸਿੰਘ ਤੇ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ ਨੇ ਕੀਤੀ। ਉਪਰੰਤ ਨਰਸਰੀ ਜਮਾਤ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਸਰੀਰਕ ਜ਼ੋਰ ਅਜ਼ਮਾਈ ਤੇ ਮਨੋਰੰਜਨ ਭਰਪੂਰ ਖੇਡਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਛੋਟੇ ਬੱਚਿਆਂ ਲਈ ਕਰੋਲਿੰਗ ਰੇਸ, ਪਿੱਕ ਦਾ ਬਾਲ ਰੇਸ, ਟੌਫੀ ਰੇਸ, ਗਲਾਸ ਅਰੇਂਜ ਰੇਸ, ਬੈਲੇਂਸ ਬਾਲ ਰੇਸ, ਬੈਲੈਂਸ ਬਲੂਨ ਰੇਸ, ਸਿੰਪਲ ਰੇਸ, ਸੈਕ ਰੇਸ, ਫਿਲ ਦਾ ਬੋਟਲ ਰੇਸ, ਥਰੀਲੈੱਗ ਰੇਸ, ਡਬਲ ਚੈਨ ਰੇਸ ਮੁੱਖ ਤੌਰ 'ਤੇ ਸ਼ਾਮਲ ਸਨ। ਖੇਡਾਂ ਦੇ ਦੂਜੇ ਦਿਨ ਅਖੀਰ 'ਚ ਸਕੂਲ ਅਧਿਆਪਕਾਵਾਂ ਵਿਚਕਾਰ ਹੋਏ ਰੱਸਾਕਸੀ ਦੇ ਮੁਕਾਬਲੇ ਨੇ ਖੇਡਾਂ ਦਾ ਸਿਖਰ ਛੂਹ ਲਿਆ। ਇਨ੍ਹਾਂ ਦੋ ਦਿਨ ਚੱਲੀਆਂ ਖੇਡਾਂ ਨੂੰ ਸਫਲ ਬਣਾਉਣ ਲਈ ਪ੍ਰਿੰਸੀਪਲ ਵੰਦਨਾ ਪਰਿਹਾਰ, ਸੀਨੀਅਰ ਕੋਆਰਡੀਨੇਟਰ ਮਾਸਟਰ ਸਤੀਸ਼ ਕੁਮਾਰ, ਮੈਡਮ ਕੁਲਵਿੰਦਰ ਕੌਰ, ਰਾਕੇਸ਼ ਰਾਣੀ, ਰਾਜਵੰਤ ਕੌਰ, ਮੈਡਮ ਦੀਪਿਕਾ, ਮਨਪ੍ਰੀਤ ਕੌਰ, ਹਰਸ਼ਦੀਪ ਕੌਰ, ਨਵਜੋਤ ਕੌਰ, ਸੁਖਦੇਵ ਸਿੰਘ, ਨਵੀਨ ਕੁਮਾਰ, ਜਸਲੀਨ ਕੌਰ, ਗੁਰਮੀਤ ਕੌਰ, ਸੁਮਨ ਸ਼ਰਮਾ, ਮਨਪ੍ਰੀਤ ਕੌਰ, ਨਵਜੋਤ ਕੌਰ, ਬਰਿੰਦਰ ਕੌਰ, ਕਿਰਨਦੀਪ ਕੌਰ, ਜਗਰੂਪ ਕੌਰ, ਮੈਡਮ ਲਲਿਤਾ, ਹਰਪ੍ਰੀਤ ਕੌਰ, ਪਰਮਜੀਤ ਕੌਰ, ਜਸਪ੍ਰੀਤ ਕੌਰ, ਸੁਮਨਪ੍ਰੀਤ ਕੌਰ, ਪੂਜਾ ਰਾਣੀ, ਚਰਨਜੀਤ ਕੌਰ ਆਦਿ ਨੇ ਭਰਪੂਰ ਸਹਿਯੋਗ ਕਰਦਿਆਂ ਇਨ੍ਹਾਂ ਖੇਡਾਂ ਨੂੰ ਸਫਲ ਬਣਾਇਆ।

25-NOV-PAGE-7.qxd 11/24/2023 9:18 PM Page 1



## ਪਬਲਿਕ ਕਾਲਜ ਨੇ ਅਥਲੈਟਿਕਸ ਮੁਕਾਬਲਿਆਂ 'ਚ ਤਿੰਨ ਮੈਡਲ ਜਿੱਤੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਏ ਗਏ ਅੰਤਰ-ਕਾਲਜ ਐਥਲੈਟਿਕਸ ਮੁਕਾਬਲਿਆਂ ਵਿੱਚ ਪਬਲਿਕ ਕਾਲਜ ਸਮਾਣਾ ਦੀ ਬੀ.ਏ. ਭਾਗ ਤੀਜਾ ਕਲਾਸ ਦੀ ਵਿਦਿਆਰਥਣ ਮਨਪ੍ਰੀਤ ਕੌਰ ਤੇ ਸ੍ਰੀਮਤੀ ਸਰਬਜੀਤ ਕੌਰ ਪਿੰਡ ਧਰਮਗੜ੍ਹ ਨੇ ਤਿੰਨ ਮੈਡਲ ਪ੍ਰਾਪਤ ਕੀਤੇ। ਇਸ ਵਿਦਿਆਰਥਣ ਨੇ 3 ਕਿਲੋਮੀਟਰ ਸਟੀਪਲਚੇਜ਼ ਰੇਸ ਵਿੱਚੋਂ ਦੂਜਾ ਸਥਾਨ, 400 ਮੀਟਰ ਰੇਸ ਵਿੱਚੋਂ ਤੀਜਾ ਸਥਾਨ ਤੇ ਪੋਲ ਵਾਲਟ ਵਿੱਚੋਂ ਤੀਜਾ ਸਥਾਨ ਹਾਸਲ ਕਰਕੇ ਆਪਣੇ ਮਾਪਿਆਂ, ਕਾਲਜ ਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ। ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ. ਜਤਿੰਦਰ ਦੇਵ ਤੇ ਕਾਲਜ ਸਟਾਫ ਵੱਲੋਂ ਇਸ ਵਿਦਿਆਰਥਣ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰੋ. ਰਤਨ ਕੁਮਾਰ, ਡਾ. ਦਵਿੰਦਰਪਾਲ, ਡਾ. ਹਰਕੀਰਤ ਸਿੰਘ ਤੇ ਪ੍ਰੋ. ਨਰਿੰਦਰ ਸਿੰਘ, ਫਿਜੀਕਲ ਐਜੂਕੇਸ਼ਨ ਵਿਭਾਗ ਮੌਜੂਦ ਰਹੇ।

## ਮਲਕ 'ਚ ਡਾ. ਅੰਬੇਡਕਰ ਬਾਰੇ ਦੋ ਗੀਤਾਂ ਦੀ ਵੀਡੀਓ ਸ਼ੂਟਿੰਗ



**ਜਗਰਾਉਂ (ਸੰਜੀਵ ਅਰੋੜਾ)**-ਵਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੇ ਜਾਈਏ ਕੁਰਬਾਨ ਅਸੀਂ ਬਾਬਾ ਸਾਹਿਬ ਤੋਂ ਦੋ ਗੀਤਾਂ ਦੀ ਵੀਡੀਓ ਸ਼ੂਟਿੰਗ ਹੋਈ ਮਲਕ ਪਿੰਡ ਵਿੱਚ ਗਾਇਕ ਗੋਲਡੀ ਮਲਕ ਦੀ ਆਵਾਜ਼ ਤੇ ਗੀਤਕਾਰ ਰਣਜੀਤ ਸਿੰਘ ਹਠੂਰ ਦੁਆਰਾ ਰਚੇ ਦੋ ਗੀਤਾਂ ਦਾ ਵੀਡੀਓ ਮਲਕ ਪਿੰਡ ਦੀ ਧਰਮਸ਼ਾਲਾ ਵਿੱਚ ਕੀਤਾ ਗਿਆ, ਜਿਨ੍ਹਾਂ 'ਚੋਂ 'ਵਾਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ' 26 ਨਵੰਬਰ ਨੂੰ ਰਿਲੀਜ਼ ਹੋਵੇਗੀ। ਇਸ ਵਾਰ ਦੇ ਲੇਖਕ ਰਣਜੀਤ ਸਿੰਘ ਹਠੂਰ ਨੇ ਦੱਸਿਆ ਕਿ ਇਸ ਰਚਨਾ 'ਚ ਬਾਬਾ ਸਾਹਿਬ ਦੇ ਤਿੱਖੇ ਜੀਵਨ ਸੰਘਰਸ਼ ਤੇ ਪ੍ਰਾਪਤੀਆਂ ਨੂੰ ਬੀਰ ਰਸ ਵਿੱਚ ਪੇਸ਼ ਕੀਤਾ ਗਿਆ ਹੈ, ਜਿਸ ਨੂੰ ਗਾਇਕ ਗੋਲਡੀ ਮਲਕ ਨੇ ਬੜੇ ਦਮਦਾਰ ਤੇ ਜੋਸ਼ੀਲੇ ਅੰਦਾਜ਼ ਵਿੱਚ ਗਾਇਆ ਹੈ ਅਤੇ ਬੀਰ ਰਸੀ ਸੰਗੀਤ ਨਾਲ਼ ਸ਼ਿੰਗਾਰਿਆ ਹੈ। ਕੈਮਰਾਮੈਨ ਦਾ ਕੰਮ ਬੌਬੀ ਮੋਗਾ ਨੇ ਕੀਤਾ ਹੈ। ਇਸ ਮੌਕੇ ਬਾਮਸੇਫ ਤੇ ਡਾ: ਅੰਬੇਡਕਰ ਵੈੱਲਫੇਅਰ ਟਰੱਸਟ ਜਗਰਾਉਂ ਦੇ ਮੈਂਬਰਾਂ ਵਿੱਚੋਂ ਸੂਬੇਦਾਰ ਬੀਰ ਸਿੰਘ, ਮਸਤਾਨ ਸਿੰਘ, ਘੁਮੰਡਾ ਸਿੰਘ, ਮਾ: ਸਤਨਾਮ ਸਿੰਘ ਹਠੂਰ, ਅਮਨਦੀਪ ਸਿੰਘ ਗੁੜੇ, ਮਹਿੰਦਰ ਸਿੰਘ ਬੀ ਏ, ਪੱਤਰਕਾਰ ਸੋਹੀ ਤੇ ਪਿੰਡ ਦੇ ਪਤਵੰਤੇ ਮੈਂਬਰ ਹਾਜ਼ਰ ਸਨ।

## ਜ਼ਮੀਨ ਦੇ ਝਗੜੇ ਨੂੰ ਲੈ ਕੇ ਵੱਡੇ ਭਰਾ ਦਾ ਕਤਲ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਲਕਾ ਗੁਰੂ ਹਰਸਹਾਏ ਵਿੱਚ ਪੈਂਦੇ ਨੇੜਲੇ ਪਿੰਡ ਪੰਜੇ ਕੇ ਉਤਾੜ ਤੋਂ ਕਰੀਬ ਛੇ-ਸੱਤ ਕਿਲੋਮੀਟਰ ਦੂਰ ਪਿੰਡ ਨੌ ਬਹਿਰਾਮ ਸ਼ੇਰ ਸਿੰਘ ਵਾਲਾ (ਅਜਾਬਾ) ਵਿੱਚ ਦੋ ਭਰਾਵਾਂ ਦੀ ਕਰੀਬ ਦੋ ਕਨਾਲਾਂ ਜ਼ਮੀਨ ਦੇ ਵਿਵਾਦ ਕਾਰਨ ਛੋਟੇ ਭਰਾ ਨੇ ਵੱਡੇ ਭਰਾ ਦਾ ਕਤਲ ਕਰ ਦਿੱਤਾ। ਬੀਤੀ ਰਾਤ ਲੇਖ ਸਿੰਘ ਪੁੱਤਰ ਠਾਕਰ ਸਿੰਘ ਨੇ ਬਲਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਠਾਕਰ ਸਿੰਘ ਨੂੰ ਸਿਰ ਵਿੱਚ ਰਾੜ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਹ ਮਾਮਲਾ ਬੀਤੀ ਰਾਤ ਕਰੀਬ 10 ਵਜੇ ਦਾ ਹੈ। ਘਟਨਾ ਸਬੰਧੀ ਪਿੰਡ ਵਾਸੀਆਂ ਨੇ ਦੱਸਿਆ ਕਿ ਇਨ੍ਹਾਂ ਦਾ ਜ਼ਮੀਨ ਦਾ ਰੌਲਾ ਕਰੀਬ ਦੋ ਕਨਾਲਾਂ ਦਾ ਹੈ, ਜੋ ਕਿ ਪਿਛਲੇ ਛੇ ਮਹੀਨਿਆਂ ਤੋਂ ਲੜਦੇ ਆ ਰਹੇ ਹਨ। ਦੋਨੋਂ ਭਰਾਵਾਂ ਦਾ ਘਰ ਆਹਮੋ ਸਾਹਮਣੇ ਹੈ। ਰਾਤ ਨੂੰ ਇਨ੍ਹਾਂ ਦਾ ਝਗੜਾ ਹੋ ਗਿਆ ਤੇ ਬਲਵਿੰਦਰ ਸਿੰਘ ਦਾ ਕਤਲ ਕਰ ਦਿੱਤਾ ਗਿਆ। ਥਾਣਾ ਗੁਰੂ ਹਰਸਹਾਏ ਦੇ ਐੱਸ ਐੱਚ ਓ ਜਸਵਿੰਦਰ ਸਿੰਘ ਬਰਾੜ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਫਿਰੋਜ਼ਪੁਰ ਭੇਜ ਦਿੱਤਾ ਹੈ ਅਤੇ ਪੁਲਸ ਆਪਣੀ ਕਾਨੂੰਨੀ ਕਾਰਵਾਈ ਕਰ ਰਹੀ ਹੈ। ਲੇਖ ਸਿੰਘ ਤੇ ਉਸ ਦਾ ਸਾਰਾ ਪਰਿਵਾਰ ਮੌਕੇ ਤੋਂ ਫਰਾਰ ਦੱਸਿਆ ਜਾਂਦਾ ਹੈ।

## ਸ਼ਾਇਦ ਜੌੜਾਮਾਜਰਾ ਹੀ ਰੇਤ ਦੇ ਰੇਟ ਘੱਟ ਕਰ ਦੇਣ : ਹਨੀ ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੌਣੇ 2 ਸਾਲ ਦੀ ਆਪ ਸਰਕਾਰ ਦੇ ਕਾਰਜਕਾਲ ਦੌਰਾਨ 5 ਵਾਰ ਮੰਤਰੀਆਂ ਦੇ ਅਹੁਦਿਆਂ ਦਾ ਅਦਾਨ ਪ੍ਰਦਾਨ ਕੀਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਵਿੱਚ ਸਭ ਅੱਛਾ ਨਹੀਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਨੇ ਕੀਤਾ। ਉਨ੍ਹਾ ਕਿਹਾ ਕਿ ਜਿੰਨੀਆਂ ਗਰੰਟੀਆਂ ਸਰਕਾਰ ਵਾਲਿਆਂ ਨੇ ਦਿੱਤੀਆਂ ਸੀ, ਉਨ੍ਹਾਂ ਵਿੱਚੋਂ ਸਭ ਨਾਲੋਂ ਅਹਿਮ ਸੀ ਰੇਤੇ ਦਾ ਰੇਟ ਘੱਟ ਕਰਨ ਦੀ, ਪਰ ਹੋਇਆ ਇਸ ਦੇ ਉਲਟ। ਇਸ ਸਮੇਂ ਰੇਤੇ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਹੁਣ ਫਿਰ ਮਾਈਨਿੰਗ ਦਾ ਵਿਭਾਗ ਮੀਤ ਹੇਅਰ ਮੰਤਰੀ ਕੋਲੋਂ ਖੋਹ ਕੇ ਚੇਤਨ ਸਿੰਘ ਜੌੜਾਮਾਜਰਾ ਨੂੰ ਦਿੱਤਾ ਹੈ। ਹਨੀ ਫੱਤਣਵਾਲਾ ਨੇ ਕਿਹਾ ਕਿ ਲੋਕ ਹੁਣ ਫਿਰ ਇਹ ਆਸ ਲਗਾ ਰਹੇ ਹਨ ਕਿ ਸ਼ਾਇਦ ਇਹੀ ਮੰਤਰੀ ਰੇਤੇ ਦੇ ਰੇਟ ਘਟਾ ਦੇਵੇ, ਪਰ ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਸਭ ਪੰਜਾਬ ਦੀ ਜੰਤਾ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਕੀਤਾ ਜਾ ਰਿਹਾ। ਇਨ੍ਹਾਂ ਕੋਲੋਂ ਪੰਜਾਬ ਦੇ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਉਨ੍ਹਾ ਕਿਹਾ ਕਿ ਪੰਜਾਬ ਦਾ ਵਿਕਾਸ ਸਿਰਫ ਤੁਹਾਡੀ ਆਪਣੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ ਵੇਲੇ ਹੀ ਹੋਵੇਗਾ। ਇਸ ਮੌਕੇ ਪਾਰਟੀ ਦੇ ਬਹੁਤ ਸਾਰੇ ਵਰਕਰ ਹਾਜ਼ਰ ਸਨ।

## ਸਵੱਛ ਭਾਰਤ ਮੁਹਿੰਮ ਤਹਿਤ ਜਾਗਰੂਕਤਾ ਕੈਂਪ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਵੱਛ ਭਾਰਤ ਮੁਹਿੰਮ ਤਹਿਤ ਇਤਿਹਾਸਕ ਸ਼ਹਿਰ ਮਾਛੀਵਾੜਾ ਨੂੰ ਸਾਫ਼ ਰੱਖਣ ਲਈ ਜਾਗਰੂਕਤਾ ਕੈਂਪ ਲਗਾਇਆ ਗਿਆ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਨਗਰ ਕੌਂਸਲ ਵੱਲੋਂ ਲਗਾਏ ਗਏ ਕੈਂਪ 'ਚ ਉਚੇਚੇ ਤੌਰ 'ਤੇ ਪਹੁੰਚੇ ਰੀਨਾ ਚੱਢਾ ਨੇ ਲੋਕਾਂ ਤੇ ਸਫ਼ਾਈ ਕਰਮਚਾਰੀਆਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਉਹ ਗਿੱਲਾ ਤੇ ਸੁੱਕਾ ਕੂੜਾ ਅਲੱਗ ਰੱਖਣ। ਉਨ੍ਹਾ ਕਿਹਾ ਕਿ ਅਲੱਗ ਕੀਤੇ ਕੂੜੇ ਤੋਂ ਖਾਦ ਬਣਾਈ ਜਾ ਸਕਦੀ ਹੈ, ਜੋ ਕਿ ਬਾਗਬਾਨੀ ਤੇ ਖੇਤੀ ਵਿੱਚ ਕੰਮ ਆਉਂਦੀ ਹੈ। ਉਨ੍ਹਾ ਕਿਹਾ ਕਿ ਕੂੜਾ ਖੁੱਲ੍ਹੇ ਵਿੱਚ ਨਾ ਸੁੱਟਣ, ਕਿਉਂਕਿ ਇਸ ਨਾਲ ਪ੍ਰਦੂਸ਼ਣ ਫੈਲਦਾ ਹੈ। ਇਸ ਮੌਕੇ ਸਫ਼ਾਈ ਕਰਮਚਾਰੀਆਂ ਨੂੰ ਸੁਰੱਖਿਆ ਜੈਕੇਟਾਂ, ਦਸਤਾਨੇ, ਮਾਸਕ ਵੀ ਵੰਡੇ ਗਏ। ਕੈਂਪ 'ਚ ਪੁੱਜੇ ਬਾਵਾ ਵਰਮਾ ਨੇ ਦੱਸਿਆ ਕਿ ਕੂੜੇ ਕਰਕਟ ਵਿੱਚ ਸੁੱਟਿਆ ਗਿਆ ਪਲਾਸਟਿਕ ਪ੍ਰਦੂਸ਼ਣ ਫੈਲਾਉਂਦਾ ਹੈ, ਜਿਸ ਲਈ ਇਸ ਨੂੰ ਅਲੱਗ ਰੱਖਿਆ ਜਾਵੇ ਤਾਂ ਜੋ ਇਸ ਨੂੰ ਮੁੜ ਵਰਤੋਂ 'ਚ ਲਿਆਂਦਾ ਜਾ ਸਕੇ। ਕਾਰਜ ਸਾਧਕ ਅਫ਼ਸਰ ਗੁਰਪਾਲ ਸਿੰਘ ਨੇ ਕਿਹਾ ਕਿ ਸਵੱਛ ਭਾਰਤ ਮੁਹਿੰਮ ਤਹਿਤ ਲੋਕ ਆਪਣਾ ਆਲਾ-ਦੁਆਲਾ ਸਾਫ਼ ਰੱਖਣ। ਉਨ੍ਹਾ ਕਿਹਾ ਕਿ ਦਿਨ-ਬ-ਦਿਨ ਧਰਤੀ ਹੇਠਲੇ ਪਾਣੀ ਦਾ ਸਤਰ ਡਿੱਗਦਾ ਜਾ ਰਿਹਾ ਹੈ, ਜਿਸ ਦੀ ਸਾਂਭ-ਸੰਭਾਲ ਲਈ ਸਾਨੂੰ ਜਾਗਰੂਕ ਹੋਣਾ ਚਾਹੀਦਾ ਹੈ। ਇਸ ਮੌਕੇ ਬ੍ਰਾਂਡ ਅੰਬੈਸਡਰ ਦਲੀਪ ਸਿੰਘ ਮੱਲ੍ਹੀ, ਸੁਖਦੇਵ ਸਿੰਘ ਬਿੱਟੂ, ਭੁਪਿੰਦਰ ਸਿੰਘ ਮੌਜੂਦ ਸਨ।

## ਰੁੱਖ ਤੇ ਮਨੁੱਖ ਦੀ ਕੁਦਰਤੀ ਸਾਂਝ ਨੂੰ ਪਛਾਣਨ ਦੀ ਲੋੜ : ਰਜਿੰਦਰ ਕੁਮਾਰ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ ਖੇਤਰ ਦੇ ਪਿੰਡ ਕਣਕਵਾਲ ਦੇ ਸਰਕਾਰੀ ਮਿਡਲ ਸਕੂਲ ਵਿਖੇ ਵਣ ਮੰਡਲ ਅਫਸਰ ਸ੍ਰੀਧਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਣ ਰੇਂਜ ਅਫਸਰ ਗੁਰਜੰਗ ਸਿੰਘ ਦੀ ਅਗਵਾਈ ਵਿੱਚ ਬੀਟ ਇੰਚਾਰਜ ਗੁਰਦੀਪ ਸਿੰਘ ਤੇ ਬੀਟ ਇੰਚਾਰਜ ਸ੍ਰੀਮਤੀ ਖੁਸ਼ਦੀਪ ਕੌਰ ਵੱਲੋਂ ਇਕ ਰੋਜ਼ਾ ਵਣ ਜਾਗਰੂਕਤਾ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਵਿਦਿਆਰਥੀਆਂ ਦੇ ਜੰਗਲੀ ਜੀਵਾਂ ਦੀ ਰੱਖਿਆ ਤੇ ਵਣਾਂ ਨੂੰ ਬਚਾਉਣ ਸਬੰਧੀ ਚਿੱਤਰਕਲਾ, ਭਾਸ਼ਣ ਤੇ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤਲਵੰਡੀ ਸਾਹਿਬ ਬੀਟ ਇੰਚਾਰਜ ਗੁਰਦੀਪ ਸਿੰਘ ਤੇ ਮੈਡਮ ਖੁਸ਼ਦੀਪ ਕੌਰ ਨੇ ਵਿਦਿਆਰਥੀਆਂ ਨੂੰ ਰੁੱਖਾਂ ਤੇ ਜੰਗਲੀ ਜੀਵਾਂ ਦੀ ਰਾਖੀ ਅਤੇ ਕੁਦਰਤ ਨਾਲ ਨਜ਼ਦੀਕੀ ਸਬੰਧੀ ਜਾਗਰੂਕ ਕੀਤਾ। ਉਨ੍ਹਾ ਕਿਹਾ ਕਿ ਜੇ ਰੁੱਖ ਹਨ ਤਾਂ ਮਨੁੱਖ ਹਨ। ਸਰਕਾਰੀ ਮਿਡਲ ਸਕੂਲ ਕਣਕਵਾਲ ਦੇ ਇੰਚਾਰਜ ਰਜਿੰਦਰ ਕੁਮਾਰ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਜੀਵ ਰੱਖਿਆ ਹਰ ਇਨਸਾਨ ਦਾ ਮੁਢਲਾ ਫਰਜ਼ ਹੈ। ਇਸ ਮੌਕੇ ਵਣ ਮੰਡਲ ਦੇ ਕਰਮਚਾਰੀਆਂ ਤੇ ਸਮੂਹ ਸਕੂਲ ਸਟਾਫ ਵੱਲੋਂ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਸਮਾਗਮ ਵਿੱਚ ਸਕੂਲ ਸਟਾਫ ਦੇ ਸ੍ਰੀਮਤੀ ਜਸਵੀਰ ਕੌਰ, ਮਨਦੀਪ ਕੌਰ ਤੇ ਸਚਿਨ ਬਾਂਸਲ ਤੋਂ ਬਿਨਾਂ ਗਗਨਦੀਪ ਕੌਰ, ਭਾਵਨਾ ਤੇ ਕਮਲ ਸਮੇਤ ਪਿੰਡ ਦੇ ਪਤਵੰਤੇ ਤੇ ਵਿਦਿਆਰਥੀ ਹਾਜ਼ਰ ਸਨ।

## ਮਨਿਸਟਰੀਅਲ ਕਾਮਿਆਂ ਨੇ ਫੂਕੀ ਮਾਨ ਸਰਕਾਰ ਦੇ 'ਝੂਠਾਂ ਦੀ ਪੰਡ'



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਦੇ ਲਾਰਿਆਂ ਤੋਂ ਅੱਕੇ ਮਨਿਸਟਰੀਅਲ ਕਾਮਿਆਂ ਦੀ ਕਲਮ ਛੋੜ ਹੜਤਾਲ ਅੱਜ 17ਵੇਂ ਦਿਨ ਵਿੱਚ ਦਾਖ਼ਲ ਹੋ ਗਈ ਹੈ, ਜਿਸ ਦੌਰਾਨ ਮਨਿਸਟਰੀਅਲ ਕਾਮਿਆਂ ਨੇ ਸਥਾਨਕ ਡੀ. ਸੀ. ਦਫਤਰ ਵਿਖੇ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਪੰਜਾਬ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਤੇ ਸਰਕਾਰ ਦੇ ਝੂਠਾਂ ਦੀ ਪੰਡ ਨੂੰ ਅੱਗ ਲਗਾ ਕੇ ਆਪਣਾ ਰੋਸ ਜ਼ਾਹਰ ਕੀਤਾ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਖੁਸ਼ਕਰਨਜੀਤ ਸਿੰਘ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਮਨਿਸਟਰੀਅਲ ਕਾਮਿਆਂ ਵੱਲੋਂ ਵਿੱਢਿਆ ਗਿਆ ਸੰਘਰਸ਼ ਹੁਣ ਸੰਗਰਾਮ ਬਣਦਾ ਜਾ ਰਿਹਾ ਹੈ, ਜਿਸ ਦੇ ਚਲਦਿਆਂ ਹੋਰ ਭਰਾਤਰੀ ਜਥੇਬੰਦੀਆਂ ਮਨਿਸਟਰੀਅਲ ਕਾਮਿਆਂ ਦੇ ਹੱਕ ਵਿੱਚ ਡੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਜਿਵੇਂ ਪੁਰਾਣੀ ਪੈਨਸ਼ਨ ਲਾਗੂ ਕਰਨਾ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨੀਆਂ, ਪੇਅ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ ਆਦਿ ਪੂਰੀਆਂ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਡੀ.ਸੀ. ਦਫਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੁਲਾਜ਼ਮਾਂ ਨੇ ਹਰ ਵਾਰ ਆਪਣੇ ਏਕੇ ਤੇ ਸਿਦਕ ਨਾਲ ਸੰਘਰਸ਼ ਲੜਿਆ ਹੈ ਅਤੇ ਜਿੱਤ ਹਾਸਲ ਕੀਤੀ ਹੈ। ਉਨ੍ਹਾ ਕਿਹਾ ਕਿ ਮੁਲਾਜ਼ਮਾਂ ਨੇ ਵੱਡੇ ਪੱਧਰ 'ਤੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ, ਪ੍ਰੰਤੂ ਮੁਲਾਜ਼ਮਾਂ ਨੂੰ ਜਿੱਤਣ ਉਪਰੰਤ ਪਾਰਟੀ ਨੇ ਕੇਵਲ ਧੋਖਾ ਹੀ ਦਿੱਤਾ ਹੈ। ਇਸ ਮੌਕੇ ਡੀ ਸੀ ਦਫਤਰ ਦੇ ਰਿਟਾਇਰ ਸੁਪਰਡੈਂਟ ਨਛੱਤਰ ਸਿੰਘ ਨੇ ਕਰਮਚਾਰੀਆਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀਆਂ ਪਹਿਲਾਂ ਕਦੇ ਮਹਿੰਗਾਈ ਭੱਤੇ ਲਈ ਧਰਨੇ ਮੁਜ਼ਾਹਰੇ ਨਹੀਂ ਸਨ ਕਰਦੀਆਂ, ਪ੍ਰੰਤੂ ਇਹ ਸਰਕਾਰ ਦੀ ਸਭ ਤੋਂ ਵੱਡੀ ਨਲਾਇਕੀ ਹੈ ਕਿ ਹੁਣ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਲਈ ਵੀ ਧਰਨੇ ਮੁਜ਼ਾਹਰੇ ਕਰਨੇ ਪੈ ਰਹੇ ਹਨ। ਇਸ ਮੌਕੇ ਰਿਟਾਇਰਡ ਕਰਮਚਾਰੀ ਆਗੂ ਕਾਲਾ ਸਿੰਘ ਬੇਦੀ ਵੱਲੋਂ ਵੀ ਸਰਕਾਰ ਦੀਆਂ ਨੀਤੀਆਂ ਨੂੰ ਵਿਅੰਗਮਈ ਢੰਗ ਨਾਲ ਕੋਸਿਆ ਗਿਆ। ਰੈਲੀ ਉਪਰੰਤ ਸਮੂਹ ਵਿਭਾਗਾਂ ਦੇ ਮਨਿਸਟਰੀਅਲ ਕਾਮਿਆਂ ਨੇ ਪੰਜਾਬ ਸਰਕਾਰ ਦੇ ਝੂਠਾਂ ਦੀ ਪੰਡ ਨੂੰ ਡੀ. ਸੀ. ਦਫਤਰ ਦੇ ਸਾਹਮਣੇ ਚੌਂਕ 'ਤੇ ਲਿਜਾ ਕੇ ਫੂਕਿਆ ਤੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਕਰਮਚਾਰੀਆਂ ਦੇ ਅੱਜ ਦੇ ਇਸ ਐਕਸ਼ਨ ਪ੍ਰੋਗਰਾਮ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਾਥੀਆਂ ਨੇ ਵੀ ਵੱਡੀ ਗਿਣਤੀ 'ਚ ਭਾਗ ਲਿਆ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ 28 ਨਵੰਬਰ ਤੱਕ ਮੁਲਾਜ਼ਮਾਂ ਦੀਆਂ ਮੰਗਾਂ ਦੀ ਪੂਰਤੀ ਨਾ ਕੀਤੀ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਇਸ ਮੌਕੇ ਸਿਹਤ ਵਿਭਾਗ, ਸਿੱਖਿਆ ਵਿਭਾਗ, ਜਲ ਸਪਲਾਈ, ਸਮਾਜਿਕ ਸੁਰੱਖਿਆ, ਲੋਕ ਸੰਪਰਕ, ਐਕਸਾਈਜ਼ ਵਿਭਾਗ, ਖੇਤੀਬਾੜੀ ਵਿਭਾਗ, ਬਾਗਬਾਨੀ ਵਿਭਾਗ, ਪੰਜਾਬ ਰੋਡਵੇਜ਼, ਖੇਡ ਵਿਭਾਗ ਆਦਿ ਵੱਡੀ ਗਿਣਤੀ ਵਿੱਚ ਵਿਭਾਗਾਂ ਦੇ ਕਰਮਚਾਰੀਆਂ ਨੇ ਭਾਗ ਲਿਆ।

## ਪ੍ਰਾਈਵੇਟ ਸਕੂਲ ਦੀ ਕਾਗਜ਼ਾਤ ਅਧੂਰੀ ਵੈਨ ਬਣੀ ਚਰਚਾ ਦਾ ਵਿਸ਼ਾ

**ਭਗਤਾ ਭਾਈ ਕਾ (ਰਾਜੀਵ ਗੋਇਲ)**-ਇਨ੍ਹੀਂ ਦਿਨੀਂ ਇਲਾਕੇ ਅੰਦਰ ਇੱਕ ਨਿੱਜੀ ਸਕੂਲ ਦੀ ਵੈਨ, ਜਿਹੜੀ ਕਿ ਬਾਹਰਲੀ ਸਟੇਟ ਦੇ ਨੰਬਰ ਨਾਲ ਸੰਬੰਧਤ ਹੈ, ਜਿਸ ਦੀ ਬੀਮਾ ਮਿਆਦ ਵੀ ਕਰੀਬ ਤਿੰਨ ਸਾਲ ਪਹਿਲਾਂ ਪੂਰੀ ਹੋ ਚੁੱਕੀ ਹੈ, ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਹ ਵੈਨ ਬੱਚਿਆਂ ਨਾਲ ਭਰੀ ਹੁੰਦੀ ਹੈ ਤੇ ਇਸ ਬੱਸ ਦੇ ਸਿਰਫ ਕਾਗਜ਼ਾਤ ਹੀ ਨਹੀਂ, ਸਗੋਂ ਇਸ ਵਿੱਚ ਕੋਈ ਹੈਲਪਰ ਤੱਕ ਵੀ ਨਹੀਂ ਹੁੰਦਾਂ। ਜੇਕਰ ਸਰਕਾਰੀ ਨਿਯਮਾਂ ਦੀ ਗੱਲ ਕਰੀਏ ਤਾਂ ਜਿੱਥੇ ਬੱਸ 'ਤੇ ਹਾਈ ਸਕਿਉਰਿਟੀ ਨੰਬਰ ਪਲੇਟਾਂ ਲਾਜ਼ਮੀ ਹਨ, ਉੱਥੇ ਹੀ ਵੈਨ ਦੇ ਕਾਗਜ਼ਾਤ ਪੂਰੇ ਹੋਣ ਦੇ ਨਾਲ ਨਾਲ ਇੱਕ ਹੈਲਪਰ ਵੀ ਲਾਜ਼ਮੀ ਹੈ, ਪਰ ਇਸ ਵੈਨ ਨੇ ਤਾਂ ਸਾਰੀਆਂ ਹੀ ਹੱਦਾਂ ਪਾਰ ਕਰ ਦਿੱਤੀਆਂ ਹਨ, ਜਿਸ ਕਾਰਨ ਇਲਾਕੇ ਅੰਦਰ ਇਸ ਵੈਨ ਦੀ ਚਰਚਾਂ ਜ਼ੋਰਾਂ 'ਤੇ ਹੈ। ਜੇਕਰ ਮਾਪਿਆਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਜਦੋਂ ਉਹ ਸਕੂਲ ਨੂੰ ਕਿਰਾਇਆ ਪੂਰਾ ਦਿੰਦੇ ਹਨ ਤਾਂ ਬੱਚਿਆਂ ਨੂੰ ਲਿਜਾਣ ਵਾਲੀ ਵੈਨ ਬਾਰੇ ਵੀ ਪੂਰੀ ਜਾਣਕਾਰੀ ਹਾਸਲ ਕਰਨ।

## ਚੰਡੀਗੜ੍ਹ ਧਰਨੇ ਲਈ ਮਾਨਸਾ ਜ਼ਿਲ੍ਹੇ 'ਚੋਂ ਬੀ ਕੇ ਯੂ ਕਾਦੀਆਂ ਦੇ ਸੈਂਕੜੇ ਵਰਕਰ ਹੋਣਗੇ ਰਵਾਨਾ : ਗਾਗੋਵਾਲ



**ਮਾਨਸਾ (ਆਤਮਾ ਸਿੰਘ ਪਮਾਰ)**

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਮਾਨਸਾ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਾਗੋਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਸਿੰਘ ਸਭਾ ਮਾਨਸਾ ਵਿਖੇ ਹੋਈ। ਇਸ ਸਮੇਂ ਸੂਬਾ ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ ਚੱਕ ਭਾਈਕੇ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਅਵਿਨਾਸ਼ ਮੌੜ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26, 27 ਤੇ 28 ਨਵੰਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਧਰਨਾ ਦੇਣ ਉਪਰੰਤ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਲਾਗੂ ਕਰਵਾਉਣ ਲਈ ਗਵਰਨਰ ਪੰਜਾਬ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਜ਼ਿਲ੍ਹਾ ਸਕੱਤਰ ਜਨਰਲ ਹਰਦੇਵ ਸਿੰਘ ਕੋਟਧਰਮੂੰ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਸੰਬੰਧਤ ਮੰਗਾਂ ਵਿਸ਼ੇਸ਼ ਕਰਕੇ ਪਰਾਲੀ ਦੇ ਮੁੱਦੇ 'ਤੇ ਕਿਸਾਨਾਂ ਖਿਲਾਫ ਸਰਕਾਰ ਵੱਲੋਂ ਦਰਜ ਕੀਤੇ ਮੁਕੱਦਮੇ ਤੇ ਜੁਰਮਾਨੇ ਰੱਦ ਕਰਵਾਉਣ ਲਈ ਇੱਕ ਵੱਖਰਾ ਮੰਗ ਪੱਤਰ ਪੰਜਾਬ ਸਰਕਾਰ ਨੂੰ ਵੀ ਦਿੱਤਾ ਜਾਵੇਗਾ। ਇਸ ਧਰਨੇ 'ਚ ਜ਼ਿਲ੍ਹਾ ਮਾਨਸਾ ਵੱਲੋਂ ਸੈਂਕੜਿਆਂ ਦੀ ਗਿਣਤੀ 'ਚ ਆਗੂ ਤੇ ਵਰਕਰ 25 ਨਵੰਬਰ ਨੂੰ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਾਗੋਵਾਲ ਦੀ ਅਗਵਾਈ ਹੇਠ ਰਵਾਨਾ ਹੋਣਗੇ।

ਇਕ ਵੱਖਰੇ ਮਤੇ ਰਾਹੀਂ ਸੂਬਾ ਆਗੂ ਕੁਲਦੀਪ ਸਿੰਘ ਚੱਕ ਭਾਈਕੇ, ਜ਼ਿਲ੍ਹਾ ਸਰਪ੍ਰਸਤ ਨਾਜਰ ਸਿੰਘ ਖਿਆਲਾ ਤੇ ਜ਼ਿਲ੍ਹਾ ਖਜ਼ਾਨਚੀ ਅਵਤਾਰ ਸਿੰਘ ਰੱਲਾ ਨੇ ਕਿਸਾਨੀ ਕਿੱਤੇ ਨਾਲ ਜੁੜੇ ਸਿੱਖ ਪਰਵਾਰਾਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਦੁਨੀਆ ਪੱਧਰ 'ਤੇ ਸਿੱਖੀ ਦੀ ਆਨ-ਸ਼ਾਨ ਨੂੰ ਕਾਇਮ ਰੱਖਣ ਲਈ ਜੰਗੀ ਪੱਧਰ 'ਤੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਇਸ ਮਕਸਦ ਲਈ ਜਥੇਬੰਦੀ ਦੇ ਆਗੂਆਂ ਦੀ ਜ਼ਿੰਮੇਵਾਰੀ ਵੀ ਨਿਰਧਾਰਤ ਕੀਤੀ ਗਈ ਤਾਂ ਕਿ ਕਾਦੀਆਂ ਜਥੇਬੰਦੀ ਵੱਲੋਂ ਆਪਣੇ ਧਾਰਮਿਕ ਫਰਜ਼ ਨਿਭਾਉਂਦੇ ਹੋਏ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਸਤੇ ਯੋਗ ਮੈਂਬਰਾਂ ਦੀ ਚੋਣ ਕੀਤੀ ਜਾ ਸਕੇ। ਇਸ ਸਮੇਂ ਮਹਿੰਦਰ ਸਿੰਘ ਦਲੇਲ ਸਿੰਘ ਵਾਲਾ, ਲਾਲ ਸਿੰਘ ਭੀਖੀ, ਬਾਬੂ ਸਿੰਘ ਧਿੰਗੜ, ਮਹਿੰਦਰ ਸਿੰਘ ਖਿਆਲਾ, ਹਰਦੀਪ ਸਿੰਘ ਚੱਕ ਭਾਈਕੇ, ਮਾ. ਗੁਰਜੰਟ ਸਿੰਘ ਝੁਨੀਰ, ਜੱਗਰ ਸਿੰਘ ਰਾਏਪੁਰ, ਪਿਰਥੀ ਸਿੰਘ ਢੈਪੀ, ਮਲਕੀਤ ਰਾਮ ਭੀਖੀ, ਗੁਰਜੰਟ ਸਿੰਘ ਸਤੀਕੇ, ਤਰਸੇਮ ਗਰਗ, ਬੰਤ ਸਿੰਘ ਤੇ ਨਛੱਤਰ ਸਿੰਘ ਗੁੜੱਦੀ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

## ਚੌਥਾ ਦਰਜਾ ਮੁਲਾਜ਼ਮਾਂ ਵੱਲੋਂ ਮਨਿਸਟਰੀਅਲ ਕਰਮੀਆਂ ਦੀ ਹਮਾਇਤ 'ਚ ਰੈਲੀ

### ਰੋਸ ਮਾਰਚ ਕਰਕੇ ਸਿਵਲ ਲਾਈਨ ਸਾਹਮਣੇ ਸਰਕਾਰ ਦੇ ਝੂਠੇ ਵਾਅਦਿਆਂ ਦੀ ਪੰਡ ਫੂਕੀ



**ਪਟਿਆਲਾ (ਪੱਤਰ ਪ੍ਰੇਰਕ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ 8 ਨਵੰਬਰ ਤੋਂ ਸ਼ੁਰੂ ਕੀਤੀ ਕੰਮ ਛੋੜ ਹੜਤਾਲ ਦੀ ਪੂਰਨ ਹਮਾਇਤ ਕਰਦੇ ਹੋਏ ਜ਼ਿਲ੍ਹਾ, ਤਹਿਸੀਲ ਸਦਰ ਮੁਕਾਮਾਂ 'ਤੇ ਪੰਜਾਬ ਸਰਕਾਰ ਵੱਲੋਂ ਸੰਘਰਸ਼ ਨੂੰ ਅੱਖੋਂ ਓਹਲੇ ਕਰਨ ਦੇ ਰੋਸ ਵਜੋਂ ਜ਼ੋਰਦਾਰ ਰੈਲੀਆਂ ਕੀਤੀਆਂ ਅਤੇ ਝੂਠੇ ਵਾਅਦਿਆਂ ਦੀ ਪੰਡ ਫੂਕੀ। ਸਾਂਝੀਆਂ ਰੈਲੀਆਂ ਕਰਕੇ ਭਗਵੰਤ ਮਾਨ ਸਰਕਾਰ ਦਾ ਪਿੱਟ ਸਿਆਪਾ ਕਰਦੇ ਹੋਏ ਸ਼ਾਮਲ ਹੋਏ। ਇਨ੍ਹਾਂ ਰੈਲੀਆਂ ਦੀ ਅਗਵਾਈ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾ, ਸੁਰਿੰਦਰ ਪੁਆਰੀ, ਜਗਦੀਸ਼ ਸਿੰਘ ਚਾਹਲ, ਸੁਖਦੇਵ ਸਿੰਘ ਸੁਰਤਾਪੁਰੀ, ਪ੍ਰੇਮ ਚਾਵਲਾ, ਬਲਜਿੰਦਰ ਸਿੰਘ, ਜਸਵਿੰਦਰ ਉੱਘੀ ਆਦਿ ਆਗੂਆਂ ਨੇ ਕੀਤੀ ਤੇ ਮਨਿਸਟਰੀਅਲ ਕਾਮਿਆਂ ਨੂੰ ਪੂਰਨ ਹਮਾਇਤ ਦਾ ਭਰੋਸਾ ਰੈਲੀਆਂ ਵਿੱਚ ਬੋਲਦਿਆਂ ਦਿੱਤਾ। ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿਚਲੇ ਵੱਖ-ਵੱਖ ਕੈਟਾਗਰੀਜ਼ ਦੇ ਮੁਲਾਜ਼ਮ ਪਟਿਆਲਾ ਵਿਖੇ ਮਿੰਨੀ ਸਕੱਤਰੇਤ ਵਿਖੇ ਰੈਲੀ ਕਰਕੇ ਜ਼ਿਲ੍ਹਾ ਖਜ਼ਾਨਾ ਦਫਤਰ ਵਿਖੇ ਚੱਲ ਰਹੀ ਮਨਿਸਟਰੀਅਲ ਦੀ ਰੈਲੀ ਵਿੱਚ ਮਾਰਚ ਕਰਕੇ ਸ਼ਾਮਲ ਹੋਏ ਅਤੇ ਵਿਸ਼ਾਲ ਇਕੱਠ, ਜਿਸ ਨੇ ਭਗਵੰਤ ਮਾਨ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ, ਨੇ ਸਾਂਝੇ ਤੌਰ 'ਤੇ ਰੋਸ ਮਾਰਚ ਕਰਦਿਆਂ ਸਿਵਲ ਲਾਇਨ ਥਾਣੇ ਸਾਹਮਣੇ ਵਾਲੇ ਚੌਕ ਵਿੱਚ ਇਸ ਸਰਕਾਰ ਦੇ "ਝੂਠੇ ਵਾਅਦਿਆਂ ਦੀ ਪੰਡ ਨੂੰ ਫੂਕਿਆ" ਗਿਆ। ਇਸ ਮੌਕੇ ਫੈਡਰੇਸ਼ਨ ਤੇ ਕਲਾਸ ਫੋਰਥ ਦੇ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਨਰਲ ਸਕੱਤਰ ਬਲਜਿੰਦਰ ਸਿੰਘ, ਨਾਰੰਗ ਸਿੰਘ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਸੂਰਜਪਾਲ ਯਾਦਵ, ਪ੍ਰੀਤਮ ਚੰਦ ਠਾਕੁਰ, ਬਲਬੀਰ ਸਿੰਘ, ਕਾਕਾ ਸਿੰਘ, ਇੰਦਰਪਾਲ ਵਾਲਿਆ, ਨਿਸ਼ਾ ਰਾਨੀ, ਮੀਨੂੰ, ਰਾਮ ਕੈਲਾਸ਼, ਮੋਧ ਨਾਥ, ਬੰਸੀ ਲਾਲ, ਸ਼ਿਵ ਚਰਨ, ਸ਼ਾਮ ਸਿੰਘ, ਹਰਨਾਮ ਸਿੰਘ, ਰਾਮ ਦਾਸ, ਮੇਜਰ ਸਿੰਘ, ਵੈਦ ਪ੍ਰਕਾਸ਼, ਨਿਰਮਲ ਸਿੰਘ, ਮੇਘ ਰਾਜ, ਸੁਭਾਸ਼, ਹਰਬੰਸ ਸਿੰਘ, ਸਤਿਨਰਾਇਣ ਗੋਨੀ, ਜਗਤਾਰ ਬਾਬਾ ਆਦਿ ਸ਼ਾਮਲ ਸਨ। ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਕਿਹਾ ਕਿ ਕੱਲ੍ਹ ਬਟਾਲਾ ਵਿਖੇ ਸਿੰਚਾਈ ਵਿਭਾਗ ਦੇ ਬੇਲਦਾਰ ਦਰਸ਼ਨ ਸਿੰਘ ਨੂੰ ਮਾਈਨਿੰਗ ਮਾਫੀਏ ਨੇ ਟਰਾਲੀ ਹੇਠ ਦੇ ਕੇ ਸ਼ਹੀਦ ਕਰ ਦਿੱਤਾ। ਇਸ ਗੁੰਡਾਗਰਦੀ ਵਿਰੁੱਧ ਚੌਥਾ ਦਰਜਾ ਕਰਮਚਾਰੀ 28 ਨਵੰਬਰ 2023 ਨੂੰ ਮਾਈਨਿੰਗ ਮਾਫੀਏ ਦੀਆਂ ਅਰਥੀਆਂ ਜਲ ਸਰੋਤ ਤੇ ਮਾਈਨਿੰਗ ਦਫਤਰਾਂ ਅੱਗੇ ਰੋਸ ਰੈਲੀਆਂ ਕਰਕੇ ਫੂਕੀਆਂ ਜਾਣਗੀਆਂ।

## ਟਰੈਕਟਰ-ਟਰਾਲੀ ਪਲਟਣ ਨਾਲ 5 ਸ਼ਰਧਾਲੂਆਂ ਦੀ ਮੌਤ, 35 ਤੋਂ ਵੱਧ ਜ਼ਖ਼ਮੀ

### *ਟਰੈਕਟਰ-ਟਰਾਲੀ ਦੀ ਹੁੱਕ ਦੀ ਪਿੰਨ ਦਾ ਨਿਕਲਣਾ ਦੱਸਿਆ ਜਾ ਰਿਹੈ ਹਾਦਸੇ ਦਾ ਕਾਰਨ*

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਜ਼ਿਲ੍ਹੇ ਦੇ ਪਿੰਡ ਰੂਪਾਵਾਸ ਨੇੜੇ ਨਹੌਰ ਚੋਪਟਾ ਰੋਡ 'ਤੇ ਇੱਕ ਟਰੈਕਟਰ-ਟਰਾਲੀ ਦੇ ਪਲਟ ਜਾਣ ਨਾਲ ਗੁੱਗਾਮਾੜੀ ਜਾ ਰਹੇ ਪੰਜਾਬ ਦੀ ਪਾਤੜਾਂ ਮੰਡੀ ਖੇਤਰ ਦੇ 5 ਸ਼ਰਧਾਲੂਆਂ ਦੀ ਮੌਤ ਹੋ ਗਈ ਤੇ 35 ਤੋਂ ਵੱਧ ਜ਼ਖ਼ਮੀ ਹੋ ਗਏ।ਜ਼ਖ਼ਮੀਆਂ ਨੂੰ ਐਂਬੂਲੈਂਸ ਦੀ ਮਦਦ ਨਾਲ ਨਾਥੂਸਰੀ ਚੋਪਟਾ ਦੇ ਕਮਿਊਨਿਟੀ ਹੈਲਥ ਸੈਂਟਰ ਤੇ ਫਿਰ ਸਿਵਲ ਹਸਪਤਾਲ ਸਿਰਸਾ ਰੈਫਰ ਕਰ ਦਿੱਤਾ।ਇਸ ਟਰੈਕਟਰ-ਟਰਾਲੀ ਵਿੱਚ 40 ਸ਼ਰਧਾਲੂ ਸਵਾਰ ਸਨ।ਹਾਦਸੇ ਦਾ ਕਾਰਨ ਟਰੈਕਟਰ-ਟਰਾਲੀ ਦੀ ਹੁੱਕ ਦੀ ਪਿੰਨ ਦਾ ਨਿਕਲਣਾ ਦੱਸਿਆ ਜਾ ਰਿਹਾ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਚੌਪਟਾ ਥਾਣਾ ਪੁਲਸ ਨੇ ਮ੍ਰਿਤਕਾਂ ਤੇ ਜ਼ਖ਼ਮੀਆਂ ਨੂੰ ਐਂਬੂਲੈਂਸ ਰਾਹੀਂ ਸਿਰਸਾ ਦੇ ਸਿਵਲ ਹਸਪਤਾਲ ਪਹੁੰਚਾਇਆ। ਸਾਰੇ ਸ਼ਰਧਾਲੂ ਪੰਜਾਬ ਦੀ ਪਾਤੜਾਂ ਮੰਡੀ ਤੋਂ ਰਾਜਸਥਾਨ ਦੇ ਗੁੱਗਾਮਾੜੀ ਧਾਮ ਜਾ ਰਹੇ ਸਨ।ਕੁਝ ਜ਼ਖ਼ਮੀਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਦਾ ਸਰਕਾਰੀ ਹਸਪਤਾਲ ਸਿਰਸਾ ਵਿਖੇ ਪੋਸਟ ਮਾਰਟਮ ਕੀਤਾ ਗਿਆ ਹੈ। ਸਿਰਸਾ ਖੇਤਰ ਦੀਆਂ ਧਾਰਮਿਕ, ਰਾਜਨੀਤਕ ਤੇ ਸਮਾਜਿਕ ਸੰਸਥਾਵਾਂ ਨੇ ਇਸ ਹਾਦਸੇ 'ਤੇ ਗਹਿਰੇ ਅਫਸੋਸ ਤੇ ਦੁੱਖ ਦਾ ਪ੍ਰਗਟਾਅ ਕੀਤਾ ਹੈ।

## ਸੁਨੀਤਾ ਸਿੰਗਲਾ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਟ

### ਪਰਵਾਰ ਨੇ ਸ਼ਰਧਾਂਜਲੀ ਸਮਾਗਮ 'ਚ ਸ਼ਾਮਲ ਸੰਗਤਾਂ ਨੂੰ ਬੂਟੇ ਵੰਡੇ



**ਭਗਤਾ ਭਾਈ ਕਾ (ਰਾਜੀਵ ਗੋਇਲ)**

ਸਥਾਨਕ ਸ਼ਹਿਰ ਦੇ ਰਹਿਣ ਵਾਲੇ ਨਰੇਸ਼ ਕੁਮਾਰ ਡੋਡ ਦੀ ਧਰਮ ਪਤਨੀ ਸੁਨੀਤਾ ਸਿੰਗਲਾ ਦੀ ਅੰਤਿਮ ਅਰਦਾਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣਾਂ ਤੇ ਰਿਸ਼ਤੇਦਾਰਾਂ ਵੱਲੋਂ ਭਾਵ ਭਿੰਨੀਆਂ ਸ਼ਰਧਾਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਡੋਡ ਪਰਿਵਾਰ ਵੱਲੋਂ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਵਾਲੇ ਸੁਨੇਹੀਆਂ ਨੂੰ ਬੂਟੇ ਵੰਡੇ ਗਏ। ਇਸ ਮੌਕੇ ਜਿੱਥੇ ਸਮੂਹ ਦੁਕਾਨਦਾਰਾਂ ਵੱਲੋਂ ਹਾਜ਼ਰੀ ਲਗਵਾਈ ਗਈ, ਉੱਥੇ ਹੀ ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਕੁਲਵੰਤ ਸਿੰਘ ਸਿੱਧੂ ਚੇਅਰਮੈਨ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ, ਪਰਮਜੀਤ ਬਿਦਰ, ਰਘੂਬੀਰ ਸਿੰਘ ਮਲੂਕਾ, ਗੁਰਬਿੰਦਰ ਸਿੰਘ ਸਿੱਧੂ ਭਾਜਪਾ ਆਗੂ, ਵਿਜੇ ਕੁਮਾਰ ਪੱਪੂ ਪ੍ਰਧਾਨ ਆੜ੍ਹਤੀਆ ਯੂਨੀਅਨ, ਜਗਮੋਹਨ ਲਾਲ ਗਰਗ ਕੌਂਸਲਰ, ਗਗਨਦੀਪ ਗਰੇਵਾਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ, ਰਾਮ ਸਿੰਘ ਮਲੂਕਾ, ਸੱਤਪਾਲ ਪੁਰੀ, ਦਵਿੰਦਰ ਪੁਰੀ, ਰਵੀ ਵਰਮਾ, ਮਿੰਟੂ ਗਰਗ, ਕੇਸ਼ਵ ਗਰਗ, ਤੀਰਥ ਸਿੱਧੂ ਦਿਆਲਪੁਰਾ ਮਿਰਜ਼ਾ, ਗੁਰਪ੍ਰੀਤ ਸਿੰਘ ਮਹਿਰਾਜ, ਮਹਿੰਦਰ ਕਮਰਾ, ਪਰਮਜੀਤ ਬਿਦਰ, ਰਾਜਨ ਅਰੋੜਾ, ਇੰਦਰਜੀਤ ਸਿੰਘ ਸਰਪੰਚ, ਅਚੱਲ ਕੁਮਾਰ, ਪਵਨ ਗਰਗ ਭਾਜਪਾ ਆਗੂ, ਜਗਸੀਰ ਪੱਪੂ ਭਾਜਪਾ ਆਗੂ, ਹਰਜਿੰਦਰ ਕਿੰਗਰਾ, ਸੁਨੀਲ ਭਦੌੜੀਆ, ਅਰਵਿੰਦ ਗੋਇਲ, ਗਗਨ ਬਰਾੜ ਵੱਲੋਂ ਵੀ ਡੋਡ ਪਰਿਵਾਰ ਦੇ ਦੁੱਖ ਵਿੱਚ ਸ਼ਿਰਕਤ ਕੀਤੀ ਗਈ।

## ਸਾਇਬਰ ਕ੍ਰਾਇਮ ਦੇ ਵਧਦੇ ਮਾਮਲੇ ਚਿੰਤਾ ਦਾ ਵਿਸ਼ਾ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਅਜੋਕੇ ਸਮੇਂ ਵਿੱਚ ਮੋਬਾਇਲ, ਇੰਟਰਨੈੱਟ, ਕੰਪਿਊਟਰ ਤੇ ਲੈਪਟਾਪ ਆਦਿ ਸਮੇਤ ਸੋਸ਼ਲ ਮੀਡੀਆ ਦੀ ਵਰਤੋਂ ਰੋਜ਼ਾਨਾ ਜੀਵਨ ਦਾ ਅੰਗ ਅਤੇ ਆਮ ਜਿਹੀ ਗੱਲ ਬਣ ਚੁੱਕੀ ਹੈ। ਇਸ ਦੀ ਵਰਤੋਂ ਸਿੱਖਿਆ, ਸਾਇੰਸ, ਤਕਨਾਲੋਜੀ, ਬੈਂਕਿੰਗ ਅਤੇ ਹੋਰ ਖੇਤਰਾਂ ਵਿਚ ਬਹੁਤ ਲਾਹੇਵੰਦ ਸਾਬਤ ਹੋ ਰਹੀ ਹੈ। ਪਰ ਕੁਝ ਗੈਰ ਸਮਾਜਕ ਅਤੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਸੋਸ਼ਲ ਮਡੀਆ ਦੀ ਦੁਰਵਰਤੋਂ ਵੀ ਕੀਤੀ ਜਾਂਦੀ ਹੈ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਕੀਤੇ ਜਾਣ ਵਾਲੇ ਗੈਰ ਕਾਨੂੰਨੀ ਅਤੇ ਅਪਰਾਧਕ ਪ੍ਰਵਿਰਤੀ ਦੇ ਮਾਮਲਿਆਂ ਨੂੰ ਸਾਇਬਰ ਕ੍ਰਾਇਮ ਕਿਹਾ ਜਾਂਦਾ ਹੈ। ਸ਼ਾਤਰ ਕਿਸਮ ਦੇ ਵਿਅਕਤੀ ਵੱਲੋਂ ਸੈਕਸ ਰੈਕਟ ਅਤੇ ਹਨੀ ਟ੍ਰੈਪ ਗਰੁੱਪ ਬਣਾ ਕੇ ਭੋਲੇ ਭਾਲੇ ਨੌਜਵਾਨ ਲੜਕੇ ਲੜਕੀਆਂ ਨੂੰ ਆਪਣੇ ਜਾਲ ਵਿਚ ਫਸਾ ਲਿਆ ਜਾਂਦਾ ਹੈ, ਬਾਅਦ ਵਿਚ ਇਹ ਸਭ ਕੁਝ ਸੋਸ਼ਲ ਮੀਡੀਆ ਉਪਰ ਪਾਏ ਜਾਣ ਦੀ ਧਮਕੀ ਦੇ ਕੇ ਬਲੈਕਮੇਲ ਕੀਤਾ ਜਾਂਦਾ ਹੈ। ਸਰੀਰਕ ਅਤੇ ਆਰਥਕ ਸੋਸ਼ਣ ਕੀਤਾ ਜਾਂਦਾ ਹੈ। ਬਦਨਾਮੀ ਦੇ ਡਰੋਂ ਜਾਂ ਤਾਂ ਇਹ ਲੰਮੇ ਸਮੇਂ ਤੱਕ ਬਲੈਕਮੇਲ ਹੁੰਦੇ ਰਹਿੰਦੇ ਹਨ ਜਾਂ ਆਤਮ ਹੱਤਿਆ ਵਰਗੇ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ। ਇਸੇ ਤਰ੍ਹਾਂ ਠੱਗ ਕਿਸਮ ਦੇ ਲੋਕਾਂ ਵੱਲੋਂ ਏ.ਟੀ.ਐਮ. ਕਾਰਡ ਬਦਲ ਕੇ ਧੋਖਾ ਕਰਨਾ ਵੀ ਆਮ ਜਿਹੀ ਗੱਲ ਬਣ ਗਈ ਹੈ। ਬੈਂਕ ਖਾਤੇ ਹੈਕ ਕਰਕੇ ਲੱਖਾਂ ਰੁਪਏ ਦੀ ਹੇਰਾਫੇਰੀ ਕਰ ਲਈ ਜਾਂਦੀ ਹੈ। ਵਿਦੇਸ਼ਾਂ ਤੋਂ ਕਾਲ ਦੇ ਬਹਾਨੇ ਅਤੇ ਕਈ ਹੋਰ ਤਰੀਕਿਆਂ ਨਾਲ ਸਾਇਬਰ ਅਪਰਾਧ ਦੀ ਗਿਣਤੀ ਵਿਚ ਵੀ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਸਾਇਬਰ ਕ੍ਰਾਇਮ ਦੇ ਵਧ ਰਹੇ ਮਾਮਲਿਆਂ ਉਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾ ਕਿਹਾ ਕਿ ਅਜਿਹੇ ਅਪਰਾਧ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਘਰ ਤਬਾਹ ਹੋ ਚੁੱਕੇ ਹਨ। ਨੌਜਵਾਨ ਪੀੜੀ ਦਾ ਘਾਣ ਹੋ ਰਿਹਾ ਹੈ। ਲੱਖਾਂ ਲੋਕ ਆਰਥਕ ਤੌਰ 'ਤੇ ਲੁੱਟੇ ਜਾ ਚੁੱਕੇ ਹਨ। ਢੋਸੀਵਾਲ ਨੇ ਮਾਪਿਆਂ ਨੂੰ ਇਹ ਅਪੀਲ ਕੀਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਮੋਬਾਇਲ ਦੀ ਘੱਟ ਤੋਂ ਘੱਟ ਵਰਤੋਂ ਕਰਨ ਦੇਣ ਅਤੇ ਪੂਰੀ ਚੌਕਸੀ ਵਰਤਣ ਤਾਂ ਕਿ ਉਨ੍ਹਾਂ ਦੀ ਸਿਹਤ ਅਤੇ ਭਵਿੱਖ ਤਬਾਹ ਹੋਣ ਤੋਂ ਬਚਾਇਆ ਜਾ ਸਕੇ।

## ਨਵੀਂ ਦਿੱਲੀ ਤੋਂ ਮਾਤਾ ਵੈਸ਼ਨੋ ਦੇਵੀ ਕਟੜਾ ਤੱਕ ਚੱਲੇਗੀ ਫੈਸਟੀਵਲ ਸਪੈਸ਼ਲ ਰੇਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਰੇਲਵੇ ਯਾਤਰੀਆਂ ਦੀ ਸਹੂਲਤ ਤੇ ਵਾਧੂ ਭੀੜ-ਭੜੱਕੇ ਨੂੰ ਦੂਰ ਕਰਨ ਲਈ ਰੇਲਵੇ ਵਿਭਾਗ ਨੇ ਹੇਠ ਲਿਖੇ ਅਨੁਸਾਰ ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਲਈ ਫੈਸਟੀਵਲ ਸਪੈਸ਼ਲ ਟਰੇਨ ਚਲਾਉਣ ਦਾ ਫੈਸਲਾ ਕੀਤਾ ਹੈ।ਰੇਲਵੇ ਸੂਤਰਾਂ ਅਨੁਸਾਰ ਇਹ ਟਰੇਨ ਨੰਬਰ 04075/04076 ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰਿਜ਼ਰਵ ਸਪੈਸ਼ਲ ਟਰੇਨ (2 ਗੇੜੇ) ਹੈ।ਟਰੇਨ ਨੰਬਰ 04075 ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਸਪੈਸ਼ਲ ਟਰੇਨ ਨਵੀਂ ਦਿੱਲੀ ਤੋਂ 25 ਨਵੰਬਰ ਨੂੰ ਰਾਤ 11.45 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸਵੇਰੇ 11.40 ਵਜੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਪਹੁੰਚੇਗੀ।ਵਾਪਸੀ ਦਿਸ਼ਾ ਵਿੱਚ, ਟ੍ਰੇਨ ਨੰਬਰ 04076 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ-ਨਵੀਂ ਦਿੱਲੀ ਸਪੈਸ਼ਲ ਟ੍ਰੇਨ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ 27 ਨਵੰਬਰ ਨੂੰ ਸ਼ਾਮ 6.50 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸਵੇਰੇ 6.45 ਵਜੇ ਨਵੀਂ ਦਿੱਲੀ ਪਹੁੰਚੇਗੀ।ਏਅਰ ਕੰਡੀਸ਼ਨਰ, ਸਲੀਪਰ ਤੇ ਜਨਰਲ ਕਲਾਸ ਕੋਚਾਂ ਵਾਲੀ ਇਹ ਵਿਸ਼ੇਸ਼ ਟਰੇਨ ਸੋਨੀਪਤ, ਪਾਣੀਪਤ, ਕਰਨਾਲ, ਕੁਰੂਕਸ਼ੇਤਰ ਜੰਕਸ਼ਨ 'ਤੇ ਚੱਲਦੀ ਹੈ।ਇਹ ਦੋਵੇਂ ਦਿਸ਼ਾਵਾਂ 'ਚ ਅੰਬਾਲਾ ਕੈਂਟ, ਲੁਧਿਆਣਾ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਤੇ ਉਧਮਪੁਰ ਸਟੇਸ਼ਨਾਂ 'ਤੇ ਰੁਕੇਗੀ।

## ਐਂਬੂਲੈਂਸ ਕਾਮੇ ਹੜਤਾਲ 'ਤੇ, ਪਰ ਪਬਲਿਕ ਸੇਵਾਵਾਂ 'ਚ ਕੋਈ ਵਿਘਨ ਨਹੀਂ ਪਾਉਣਗੇ



**ਸਮਰਾਲਾ (ਸੁਰਜੀਤ ਸਿੰਘ)**-ਬੀਤੀ 16 ਤਰੀਕ ਤੋਂ 108 ਐਂਬੂਲੈਂਸ ਦੇ ਕਰਮਚਾਰੀਆਂ ਨੇ ਕੰਪਨੀ ਦੀਆਂ ਗਲਤ ਨੀਤੀਆਂ ਤੇ ਸਰਕਾਰ ਦੀ ਵਾਅਦਾ ਖਿਲਾਫੀ ਤੋਂ ਤੰਗ ਆ ਕੇ ਕਲਮ ਛੋੜ ਹੜਤਾਲ ਦਾ ਐਲਾਨ ਕੀਤਾ ਸੀ। ਇਸ ਹੜਤਾਲ ਦੌਰਾਨ ਆਮ ਪਬਲਿਕ ਨੂੰ 108 ਐਂਬੂਲੈਂਸ ਦੀਆਂ ਸੇਵਾਵਾਂ ਪੂਰਨ ਤੌਰ 'ਤੇ ਪਹਿਲਾਂ ਵਾਂਗ ਹੀ ਦਿੱਤੀਆਂ ਜਾਣਗੀਆਂ। ਕਲਮ ਛੋੜ ਹੜਤਾਲ ਕਰਨ ਦੇ ਬਾਵਜੂਦ ਨਾ ਤਾਂ ਕੰਪਨੀ ਦੇ ਅਧਿਕਾਰੀਆਂ ਤੇ ਨਾ ਹੀ ਕੋਈ ਪ੍ਰਸ਼ਾਸਨਕ ਅਧਿਕਾਰੀ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਲਿਆ। ਅੱਜ 108 ਐਂਬੂਲੈਂਸ ਯੂਨੀਅਨ ਪੰਜਾਬ ਨੇ ਫੈਸਲਾ ਲਿਆ ਕਿ ਅਸੀਂ ਭੁੱਖ ਹੜਤਾਲ ਮਰਨ ਵਰਤ 'ਤੇ ਰਹਾਂਗੇ ਤੇ ਨਾਲ ਡਿਊਟੀ ਵੀ ਕਰਦੇ ਰਹਾਂਗੇ ਤਾਂ ਕਿ ਆਮ ਪਬਲਿਕ ਐਂਬੂਲੈਂਸ ਤੋਂ ਵਾਂਝਾ ਨਾ ਹੋਵੇ। ਸਾਡੇ ਮੁਲਾਜ਼ਮਾਂ ਵੱਲੋਂ ਐਂਬੂਲੈਂਸ ਸੇਵਾ ਲਗਾਤਾਰ ਉਸੇ ਤਰ੍ਹਾਂ ਹੀ ਚਲਦੀ ਰਹੇਗੀ। ਬੀਤੇ ਦਿਨੀਂ ਕੰਪਨੀ ਦੇ ਅਧਿਕਾਰੀਆਂ ਤੇ ਇੰਟੈਲੀਜੈਂਸ ਦੇ ਅਫਸਰਾਂ ਨਾਲ ਮੁਲਾਜ਼ਮਾਂ ਦੀ ਮੀਟਿੰਗ ਹੋਈ ਅਤੇ ਇਹ ਮੀਟਿੰਗ ਬੇਸਿੱਟਾ ਰਹੀ। ਇਸ ਦੇ ਰੋਸ ਵਜੋਂ ਮੁਲਾਜ਼ਮਾਂ ਦੀ ਹੜਤਾਲ ਜਾਰੀ ਰਹੇਗੀ ਤੇ ਹਰ ਰੋਜ਼ ਪੰਜਾਬ ਦਾ ਇੱਕ ਨਵਾਂ ਜ਼ਿਲ੍ਹਾ ਭੁੱਖ ਹੜਤਾਲ, ਮਰਨ ਵਰਤ ਵਿੱਚ ਸ਼ਾਮਲ ਹੁੰਦਾ ਜਾਵੇਗਾ। ਇਸ ਮਰਨ ਵਰਤ ਦੌਰਾਨ ਜੇਕਰ ਸਾਡੇ ਕਿਸੇ ਵੀ ਮੁਲਾਜ਼ਮ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜ਼ਿੰਮੇਦਾਰ ਜਗਿਤਸਾ ਹੈਲਥ ਕੇਅਰ ਲਿਮਿਟਡ ਕੰਪਨੀ ਤੇ ਪੰਜਾਬ ਸਰਕਾਰ ਹੋਵੇਗੀ। ਅਸੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਸਾਡੀਆਂ ਜਾਇਜ਼ ਮੰਗਾਂ ਮੰਨੀਆਂ ਜਾਣ ਤੇ ਇਸ ਕੰਪਨੀ 'ਤੇ ਉੱਚ ਪੱਧਰੀ ਵਿਜੀਲੈਂਸ ਜਾਂਚ ਕੀਤੀ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਦੇ ਪੈਸੇ ਦੀ ਲੁੱਟ ਖਸੁੱਟ ਬਚ ਸਕੇ ਤੇ ਪੰਜਾਬ ਦੀ ਆਮਦਨ ਵਿੱਚ ਵਾਧਾ ਹੋਵੇ।

## ਵਿਸ਼ਵਕਰਮਾ ਮੰਦਰ ਕਮੇਟੀ ਦੀ ਸਰਬਸੰਮਤੀ ਨਾਲ ਚੋਣ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ੍ਰੀ ਵਿਸ਼ਵਕਰਮਾ ਮੰਦਰ ਕਮੇਟੀ ਦੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ ਜਿਸ ਵਿੱਚ ਗੋਬਿੰਦ ਸਿੰਘ ਵਿਰਦੀ ਨੂੰ ਚੇਅਰਮੈਨ ਅਤੇ ਬੇਅੰਤ ਸਿੰਘ ਵਿਰਦੀ ਪ੍ਰਧਾਨ, ਨਿਸ਼ਾਨ ਸਿੰਘ ਸੱਗੂ ਸੀ. ਵਾਇਸ ਪ੍ਰਧਾਨ, ਅਮਰੀਕ ਸਿੰਘ ਵਿਰਦੀ ਵਾਇਸ ਪ੍ਰਧਾਨ, ਅਜੈਬ ਸਿੰਘ ਚਾਨੇ, ਜਨਰਲ ਸਕੱਤਰ ਵਜੀਰ ਸਿੰਘ ਅੱਜੀ ਨੂੰ ਖਜ਼ਾਨਚੀ ਬਣਾਇਆ ਗਿਆ। ਸੀਨੀਅਰ ਅਕਾਲੀ ਆਗੂ ਗੋਬਿੰਦ ਸਿੰਘ ਵਿਰਦੀ ਨੇ ਦੱਸਿਆ ਕਿ ਨਵੇਂ ਚੁਣੇ ਗਏ ਕਮੇਟੀ ਮੈਂਬਰਾਂ ਵਿੱਚ ਬੂਟਾ ਸਿੰਘ ਬੱਤਰਾ, ਸੁਰਜੀਤ ਸਿੰਘ ਬਾਹੜੇ, ਤੇਜਾ ਸਿੰਘ ਧੀਮਾਨ, ਰਜਿੰਦਰ ਸਿੰਘ ਮਾਹਣੇ, ਜਗਦੇਵ ਸਿੰਘ, ਗੁਰਮੇਲ ਸਿੰਘ, ਬੰਤਾ ਸਿੰਘ, ਸੁਖਦੇਵ ਸਿੰਘ, ਸੁਰਜੀਤ ਸਿੰਘ, ਭੋਲਾ ਸਿੰਘ, ਪਰਵਿੰਦਰ ਸਿੰਘ, ਗੁਰਚਰਨ ਸਿੰਘ, ਅਮਰੀਕ ਸਿੰਘ, ਦਵਿੰਦਰ ਸਿੰਘ ਆਦਿ ਦੀ ਚੋਣ ਕੀਤੀ ਗਈ। ਵਿਸ਼ਵਕਰਮਾ ਮੰਦਰ ਕਮੇਟੀ ਨਾਲ ਜੁੜੇ ਹੋਏ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਚੇਅਰਮੈਨ ਨਿਯੁਕਤ ਕੀਤੇ ਜਾਣ ਦਾ ਉਹ ਧੰਨਵਾਦ ਕਰਦੇ ਹਨ । ਉਨ੍ਹਾ ਕਿਹਾ ਕਿ ਮੰਦਰ ਵਿੱਚ ਕੁਝ ਨਵੇਂ ਸੁਧਾਰਾਂ ਦੀ ਵੀ ਜ਼ਰੂਰਤ ਹੈ ਜਿਨ੍ਹਾਂ ਨੂੰ ਉਹ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਦਾ ਯਤਨ ਕਰਨਗੇ ਅਤੇ ਉਹ ਸਮੁੱਚੇ ਮੈਂਬਰਾਂ ਅਤੇ ਕਮੇਟੀ ਨੂੰ ਨਾਲ ਲੈ ਕੇ ਹਰ ਮਸਲਾ ਹੱਲ ਕਰਵਾਉਣਗੇ।

## ਮਾਤਾ ਗੁਜਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਦੌਰਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਸਰਕਾਰ ਦੇ ਸਕੂਲ ਆਫ ਐਮੀਨੈਂਸ ਸਕੀਮ ਵਿੱਚ ਸ਼ਾਮਲ ਮਾਤਾ ਗੁਜਰੀ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਦੀ ਕੈਰੀਅਰ ਕਾਊਂਸਲਿੰਗ ਲਈ ਮਾਤਾ ਗੁਜਰੀ ਕਾਲਜ ਵਿਖੇ ਵਿਸ਼ੇਸ਼ ਵਿੱਦਿਅਕ ਦੌਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ 'ਚ ਕਾਮਰਸ ਤੇ ਸਾਇੰਸ ਵਿਸ਼ਾ ਪੜ੍ਹ ਰਹੇ ਲਗਭਗ ਸੌ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਮਾਤਾ ਗੁਜਰੀ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਸ੍ਰੀਮਤੀ ਰੀਟਾ ਰਾਣੀ ਨੇ ਕਾਲਜ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਤੇ ਸਮੂਹ ਕਾਲਜ ਸਟਾਫ ਦਾ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਦੀ ਉਚੇਰੀ ਵਿੱਦਿਆ ਲਈ ਕੈਰੀਅਰ ਕਾਊਂਸਲਿੰਗ ਕਰਨ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਵਿੱਦਿਅਕ ਦੌਰਾ ਸਕੂਲ ਦੇ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਰਿਹਾ ਹੈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਕਿਹਾ ਕਿ ਇਸ ਵਿੱਦਿਅਕ ਦੌਰੇ ਦੌਰਾਨ ਮਾਤਾ ਗੁਜਰੀ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਵਿਕਲਪਾਂ ਤੇ ਰੁਜ਼ਗਾਰ ਦੇ ਮੌਕਿਆਂ ਸਬੰਧੀ ਵਿਸਥਾਰ ਨਾਲ ਦੱਸਿਆ ਗਿਆ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਕਾਲਜ ਵਿਖੇ ਇਹ ਵਿੱਦਿਅਕ ਦੌਰਾ ਡਿਪਟੀ ਕਮਿਸ਼ਨਰ ਦਫਤਰ ਫਤਹਿਗੜ੍ਹ ਸਾਹਿਬ ਵੱਲੋਂ ਸਵੈ-ਇੱਛੁਕ ਸਮਾਜ ਸੇਵਾ ਨੂੰ ਉਤਸ਼ਾਹਤ ਕਰਨ ਲਈ 'ਸਾਥ ਟਾਈਮ ਬੈਂਕ' ਪ੍ਰੋਗਰਾਮ ਅਧੀਨ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਕੈਮਿਸਟਰੀ ਵਿਭਾਗ ਦੇ ਮੁਖੀ ਡਾ. ਕਮਲਪ੍ਰੀਤ ਕੌਰ ਨੇ ਕੈਮਿਸਟਰੀ ਵਿੱਚ ਜੈਵਿਕ ਵਿਸ਼ਲੇਸ਼ਣ, ਫਿਜਿਕਸ ਵਿਭਾਗ ਦੇ ਡਾ. ਗੁਰਪ੍ਰੀਤ ਕੌਰ ਤੇ ਡਾ. ਰਮਣੀਕ ਕੌਰ ਨੇ ਭੌਤਿਕ ਵਿਗਿਆਨ ਸੈਮੀ-ਕੰਡਕਟਰ ਯੰਤਰ ਤੇ ਆਪਟਿਕਸ, ਮਾਈਕਰੋਬਾਇਆਲੋਜੀ ਵਿਭਾਗ ਦੇ ਮੁਖੀ ਡਾ. ਸੌਰਵ ਗੁਪਤਾ ਨੇ ਸੈਂਟਰਲ ਇੰਸਟਰੂਮੈਂਟੇਸ਼ਨ ਲੈਬ, ਕਾਮਰਸ ਵਿਭਾਗ ਦੇ ਡਾ. ਹਰਜੀਤ ਕੌਰ ਨੇ ਕਾਮਰਸ ਵਿੱਚ ਕੈਰੀਅਰ ਦੇ ਵਿਕਲਪਾਂ, ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਡਾ. ਮੁਕੇਸ਼ ਕੁਮਾਰ ਨੇ ਆਨਲਾਈਨ ਬੈਂਕਿੰਗ ਤੇ ਪ੍ਰੋ. ਮਨਪ੍ਰੀਤ ਕੌਰ ਨੇ ਈਮੇਲ ਬਣਾਉਣ ਦੀ ਸਹੀ ਵਿਧੀ ਤੇ ਵਰਤੋਂ ਅਤੇ ਅਰਥ ਸ਼ਾਸਤਰ ਵਿਭਾਗ ਦੇ ਪ੍ਰੋ. ਜੁਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਹਾਸਲ ਕਰਨ ਦੇ ਵਿਕਲਪਾਂ ਸਬੰਧੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇਸ ਦੌਰੇ ਦੌਰਾਨ ਮਾਤਾ ਗੁਜਰੀ ਸਕੂਲ ਆਫ ਐਮੀਨੈਂਸ ਦੇ ਅਧਿਆਪਕ ਸਾਹਿਬਾਨ ਸ੍ਰੀਮਤੀ ਸੀਮਾ ਕਪਿਲਾ, ਸ੍ਰੀਮਤੀ ਪੂਜਾ ਮਾਰੀਆ, ਸ੍ਰੀਮਤੀ ਜਸਪ੍ਰੀਤ ਕੌਰ ਤੇ ਸ੍ਰੀ ਸੰਜੇ ਵਰਮਾ ਵੀ ਵਿਦਿਆਰਥੀਆਂ ਨਾਲ ਹਾਜ਼ਰ ਸਨ।

## ਸਿਹਤ ਵਿਭਾਗ ਵੱਲੋਂ ਡੇਂਗੂ ਤੇ ਚਿਕਨਗੁਨੀਆ ਪ੍ਰਤੀ ਜਾਗਰੂਕਤਾ ਰੈਲੀ

### ਡੇਂਗੂ ਫੈਲਣ ਤੋਂ ਰੋਕਣਾ ਸਾਡੀ ਸਭਨਾਂ ਦੀ ਸਾਂਝੀ ਜ਼ਿੰਮੇਵਾਰੀ : ਸਿਵਲ ਸਰਜਨ



**ਮੋਗਾ (ਅਮਰਜੀਤ ਬੱਬਰੀ)**-ਡੇਂਗੂ ਤੇ ਚਿਕਨਗੁਨੀਆ ਨੂੰ ਫੈਲਣ ਤੋਂ ਰੋਕਣਾ ਸਾਡੀ ਸਭਨਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਤੇ ਇਸ ਦੇ ਖਾਤਮੇ ਲਈ ਹਰ ਨਾਗਰਿਕ ਦੇ ਜਾਗਰੂਕ ਹੋਣ ਦੀ ਲੋੜ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਨੇ ਡੇਂਗੂ, ਚਿਕਨਗੁਨੀਆ ਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਦੇ ਭਿਆਨਕ ਰੋਗ ਤੋਂ ਰੋਕਥਾਮ ਲਈ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਰੈਲੀ ਕੱਢ ਕੇ ਜਾਗਰੂਕ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾ ਨਾਲ ਸਿਹਤ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਵੀ ਹਾਜ਼ਰ ਸਨ।ਸਿਵਲ ਸਰਜਨ ਨੇ ਦੱਸਿਆ ਕਿ ਵੱਖ ਵੱਖ ਵਿਭਾਗਾਂ ਨੂੰ ਡੇਂਗੂ ਤੇ ਚਿਕਨਗੁਨੀਆਂ ਨੂੰ ਫੈਲਣ ਤੋਂ ਰੋਕਣ ਲਈ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਤੇ ਹਰ ਸ਼ੁੱਕਰਵਾਰ ਡ੍ਰਾਈ ਡੇ ਨੂੰ ਜੰਗੀ ਪੱਧਰ 'ਤੇ ਚਲਾਉਣ ਦੀ ਮੁਹਿੰਮ ਵੀ ਚੱਲ ਰਹੀ ਹੈ।ਉਨ੍ਹਾ ਕਿਹਾ ਕਿ ਅੱਜ ਦੀ ਰੈਲੀ ਰਾਹੀਂ ਲੋਕਾਂ ਨੂੰ ਸੁਨੇਹਾ ਦਿੱਤਾ ਗਿਆ ਕਿ ਡੇਂਗੂ ਤੇ ਚਿਕਨਗੁਨੀਆਂ ਨੂੰ ਫੈਲਣ ਤੋਂ ਰੋਕਣ ਲਈ ਸਭਨਾਂ ਦੇ ਸਾਂਝੇ ਸਹਿਯੋਗ ਦੀ ਜ਼ਰੂਰਤ ਹੈ।ਇਸ ਮੌਕੇ ਉਨ੍ਹਾ ਜਾਣੂ ਕਰਵਾਇਆ ਕਿ ਡੇਂਗੂ ਤੇ ਚਿਕਰਗੁਨੀਆਂ ਬਾਰੇ ਜਾਗਰੂਕਤਾ ਪੋਸਟਰ ਵੀ ਸਿਹਤ ਵਿਭਾਗ ਵੱਲੋਂ ਢੁੱਕਵੀਆਂ ਥਾਵਾਂ ਤੇ ਲਗਾਏ ਗਏ ਹਨ।ਇਸ ਮੌਕੇ ਸਿਵਲ ਸਰਜਨ ਨੇ ਫ੍ਰਾਈਡੇ ਡਰਾਈ ਡੇ ਨਾਲ ਸੰਬਧਤ ਫੋਕਲ ਪੁਆਇੰਟ ਵਿੱਚ ਜ ਕੇ ਖੁੱਦ ਮੱਛਰ ਦਾ ਲਾਰਵਾ ਚੈੱਕ ਕੀਤਾ।ਸਿਵਲ ਸਰਜਨ ਨੇ ਦੱਸਿਆ ਕਿ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ 'ਤੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਤੇ ਨੱਕ ਵਿੱਚੋਂ ਖ਼ੂਨ ਦਾ ਵਗਣਾ ਡੇਂਗੂ ਤੇ ਚਿਕਨਗੁਨੀਆ ਦੇ ਮੁੱਖ ਲੱਛਣ ਹਨ।ਡੇਂਗੂ ਤੇ ਚਿਕਨਗੁਨੀਆ ਦਾ ਟੈਸਟ ਤੇ ਇਲਾਜ ਰਾਜ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।ਇਸ ਮੌਕੇ ਸਮੂਹ ਸੀਨੀਅਰ ਮੈਡੀਕਲ ਅਫ਼ਸਰ, ਐੱਸ ਐੱਮ ਓ ਡਾ. ਸੁਖਪ੍ਰੀਤ ਬਰਾੜ, ਡਾ. ਸੁੰਮੀ ਗੁਪਤਾ, ਡਾ. ਨਰੇਸ਼ ਆਮਲਾ, ਮੈਟਰਨ ਇੰਚਾਰਜ ਮਨਜੀਤ ਕੌਰ, ਨਰਸਿੰਗ ਟੀਚਰ ਕਮਲਪ੍ਰੀਤ, ਕਿਰਨ ਸੱਲਣ, ਪਰਵੀਨ ਸ਼ਰਮਾ ਤੇ ਸੁਮੀਤ ਬਜਾਜ ਅਤੇ ਮਾਸ ਮੀਡੀਆ ਅਫ਼ਸਰ ਕੁਲਬੀਰ ਕੌਰ, ਮਜਵੰਤ ਕੌਰ ਹਾਜ਼ਰ ਸਨ।

# ਸੰਤ ਬਾਬਾ ਸੋਹਣ ਸਿੰਘ ਕਲੋਨੀ ਡਗਾਣਾ ਰੋਡ ਦੇ ਬਾਹਰ ਗੰਦਗੀ ਦੇ ਲੱਗੇ ਢੇਰ



**ਹੁਸ਼ਿਆਰਪੁਰ, ਓ ਪੀ ਰਾਣਾ, (ਬਲਵੀਰ ਸਿੰਘ ਸੈਣੀ)**- ਸ਼ਹਿਰ ਵਾਸੀਆਂ ਨੂੰ ਭਾਰੀ ਭਰਕਮ ਟੈਕਸ ਭਰਨ ਦੇ ਬਾਵਜੂਦ ਵੀ ਸਵੱਛ ਸਾਫ ਅਤੇ ਸਿਹਤਮੰਦ ਵਾਤਾਵਰਣ ਪ੍ਰਾਪਤ ਨਹੀਂ ਹੋ ਰਿਹਾ। ਇਸ ਵਿੱਚ ਭਾਵੇਂ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੀ ਕਾਫੀ ਲਾਪਰਵਾਹੀ ਸਾਹਮਣੇ ਆ ਰਹੀ ਹੈ ਪਰ ਆਮ ਲੋਕਾਂ ਦੀ ਭੂਮਿਕਾ ਨੂੰ ਵੀ ਨਜਰ ਅੰਦਾਜ ਨਹੀਂ ਕੀਤਾ ਜਾ ਸਕਦਾ। ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਗੰਦਗੀ ਦੇ ਢੇਰ ਲੱਗੇ ਦੇਖੇ ਜਾ ਸਕਦੇ ਹਨ ਜੋ ਕਈ ਕਈ ਦਿਨ ਇਸੇ ਤਰ੍ਹਾਂ ਹੀ ਪਏ ਰਹਿੰਦੇ ਹਨ ਪ੍ਰੰਤੂ ਪ੍ਰਸ਼ਾਸਨ ਵੱਲੋਂ ਇਸ ਲਈ ਕੋਈ ਢੁਕਵੇਂ ਪ੍ਰਬੰਧ ਨਹੀਂ ਕੀਤੇ ਜਾ ਰਹੇ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਸਹੂਲਤਾਂ ਦੀ ਆਸ ਰੱਖਣ ਵਾਲੇ ਆਮ ਨਾਗਰਿਕ ਵੀ ਆਪਣੀ ਬਣਦੀ ਜਿੰਮੇਵਾਰੀ ਨਿਭਾਉਣ ਤੋਂ ਅਕਸਰ ਟਾਲ ਮਟੋਲ ਕਰ ਜਾਂਦੇ ਹਨ ਜੋ ਕਿ ਆਪਣੇ ਘਰਾਂ ਤੋਂ ਲਿਆਂਦੇ ਗੰਦਗੀ ਨਾਲ ਭਰੇ ਹੋਏ ਲਿਫਾਫੇ ਜਿੱਥੇ ਵੀ ਦਿਲ ਕਰਦਾ ਖਾਲੀ ਜਗ੍ਹਾ ਦੇਖ ਕੇ ਸੁੱਟ ਜਾਂਦੇ ਹਨ ਭਾਵੇਂ ਕਿ ਉਹ ਖਾਲੀ ਜਗ੍ਹਾ ਚਾਹੇ ਸਰਕਾਰ ਦੀ ਮਾਲਕੀ ਹੋਵੇ ਜਾਂ ਕਿਸੇ ਦੀ ਨਿੱਜੀ ਜਾਇਦਾਦ, ਮਸਲਾ ਕੇਵਲ ਘਰ ਦੇ ਕੂੜੇ ਕਰਕਟ ਨੂੰ ਬੰਨੇ ਕੰਢੇ ਲਾਉਣਾ ਹੁੰਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅਜਿਹਾ ਕਰਨ ਵਾਲੇ ਅਕਸਰ ਉਹ ਲੋਕ ਹੁੰਦੇ ਹਨ ਜੋ ਆਪਣੇ ਆਪ ਨੂੰ ਚੰਗੇ ਪੜ੍ਹੇ ਲਿਖੇ ਤੇ ਹੋਰਨਾਂ ਨਾਲੋਂ ਜਿਆਦਾ ਅਕਲਮੰਦ ਮੰਨਦੇ ਹਨ। ਇਸ ਖਬਰ ਦੇ ਨਾਲ ਦੀ ਤਸਵੀਰ ਵਾਰਡ ਨੰਬਰ 23 ਅਤੇ 25 ਦੇ ਵਿਚਕਾਰ ਪੈਂਦੇ ਡਗਾਣਾ ਰੋਡ 'ਤੇ ਸੰਤ ਬਾਬਾ ਸੋਹਣ ਸਿੰਘ ਕਲੋਨੀ ਦੇ ਨਿਕਾਸੀ ਮਾਰਗ ਦੀ ਹੈ ਜਿਸ ਦੇ ਕਿਨਾਰੇ 'ਤੇ ਖਾਲੀ ਪਈ ਜਗ੍ਹਾ ਤੇ ਕੂੜੇ ਦੇ ਢੇਰ ਲੱਗੇ ਹੋਏ ਦਿਖਾਈ ਦਿੰਦੇ ਹਨ। ਨਜਦੀਕੀ ਆਬਾਦੀ ਦੇ ਲੋਕਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਸਮੇਤ ਕਦੇ ਵੀ ਕਿਸੇ ਨੇ ਇਥੋਂ ਕੂੜਾ ਕਰਕਟ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਸਗੋਂ ਇੱਥੇ ਕੂੜਾ ਸੁੱਟਣਾ ਆਪਣਾ ਅਧਿਕਾਰ ਸਮਝਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਥੇ ਬਿਲਕੁਲ ਨਜਦੀਕ ਨਿੱਜੀ ਸਕੂਲ ਹੈ ਜਿੱਥੇ ਛੋਟੇ ਛੋਟੇ ਬੱਚੇ ਸਿੱਖਿਆ ਗ੍ਰਹਿਣ ਕਰਦੇ ਹਨ ਅਤੇ ਅਜਿਹਾ ਗੰਧਲਾ ਵਾਤਾਵਰਨ ਉਹਨਾਂ ਦੀ ਸਿਹਤ ਲਈ ਖਿਲਵਾੜ ਕਰਦਾ ਹੈ। ਮੁਹੱਲਾ ਆਦਰਸ਼ ਨਗਰ ਟਿੱਬਾ ਸਾਹਿਬ ਅਤੇ ਸੰਤ ਬਾਬਾ ਸੋਹਣ ਸਿੰਘ ਕਲੋਨੀ ਦੇ ਵਾਸੀਆਂ ਨੇ ਇਸ ਕੂੜੇ ਦੇ ਢੇਰ ਨੂੰ ਇਥੋਂ ਤੁਰੰਤ ਚੁਕਾਉਣ ਦੀ ਮੰਗ ਕੀਤੀ ਹੈ।

## 'ਆਪ' ਦੀ ਸਰਕਾਰ ਬਣਨ ਨਾਲ ਲੋਕਾਂ ਨੂੰ ਕਾਫੀ ਰਾਹਤ ਮਿਲੀ-ਪ੍ਰੇਮ ਕੁਮਾਰ

**ਫਿਲੌਰ (ਨਿਰਮਲ)**- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਨਾਲ ਆਮ ਲੋਕਾਂ ਨੂੰ ਕਾਫੀ ਰਾਹਤ ਮਿਲੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਫਿਲੌਰ ਦੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਪਾਰਟੀ ਦਫਤਰ ਵਿਖੇ ਸੱਦੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲੀ ਰਵਾਇਤੀ ਪਾਰਟੀਆਂ ਦੀ ਮਾਰ ਝੱਲ ਚੁੱਕੇ ਪੰਜਾਬ ਵਾਸੀਆਂ ਦਾ ਦਰਦ ਭਰੀ ਭਾਂਤੀ ਸਮਝਦੇ ਹਨ ਜਿਸ ਕਾਰਨ ਨਿੱਤ ਦਿਨ ਉਹ ਸੂਬਾ ਵਾਸੀਆਂ ਲਈ ਸੁਚੱਜੇ ਢੰਗ ਨਾਲ ਕਾਰਜ ਕਰਨ ਵਿੱਚ ਲੱਗੇ ਹੋਏ ਹਨ। ਹੁਣ ਮੁੱਖ ਮੰਤਰੀ ਮਾਨ ਦੀ ਅਗਵਾਈ ਵਿੱਚ ਪੰਜਾਬ ਮੁੜ ਸੁਰਜੀਤ ਹੋ ਚੁੱਕਾ ਹੈ ਅਤੇ ਆਪਣੇ ਪੈਰਾਂ 'ਤੇ ਖੜੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਸਰਕਾਰ ਵੱਲੋਂ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸਕੀਮ ਚਲਾਈ ਗਈ ਹੈ। ਜਿਸ ਸਕੀਮ ਤਹਿਤ ਸੂਬੇ ਦੇ ਲੋਕ 27 ਨਵੰਬਰ ਤੋਂ ਬੱਸਾਂ ਅਤੇ ਰੇਲ ਗੱਡੀਆਂ ਦੇ ਮਾਧਿਅਮ ਨਾਲ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਜਾ ਸਕਦੇ ਹਨ ਜਿਸ ਦਾ ਸਾਰਾ ਖਰਚ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਰੋਸ਼ਨ ਲਾਲ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਹਰਕਮਲ ਸਿੰਘ ਬੇਗਮਪੁਰ ਸਾਬਕਾ ਸਰਪੰਚ, ਵੈਭਵ ਸ਼ਰਮਾ ਕੌਂਸਲਰ, ਸੁਰਿੰਦਰ ਡਾਬਰ,ਗੋਰੀ ਗਾਬਾ,ਦੀਪਾ ਬਕਾਪੁਰ ਪੀਏ ਅਤੇ ਹੋਰ ਹਾਜਰ ਸਨ।

# ਪਲਵਿੰਦਰ ਸਿੰਘ ਨੂੰ ਨੰਗਲ ਕਾਲਜ ਭਾਜਪਾ ਵਿੰਗ ਦਾ ਪ੍ਰਧਾਨ ਥਾਪਿਆ



**ਭਲਾਣ, (ਹਰਭਜਨ ਢਿੱਲੋਂ)**-ਭਾਜਪਾ ਯੂਥ ਵਿੰਗ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਅਮਨਪ੍ਰੀਤ ਸਿੰਘ ਕਾਬੜਵਾਲ ਵਲੋਂ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਲਵਿੰਦਰ ਸਿੰਘ ਨੂੰ ਨੰਗਲ ਕਾਲਜ ਭਾਜਪਾ ਵਿੰਗ ਦਾ ਪ੍ਰਧਾਨ ਥਾਪਿਆ ਜਦਕਿ ਉਨ੍ਹਾਂ ਭੁਵੇਸ਼ ਗੁੱਜਰ ਨੂੰ ਉੱਪ ਪ੍ਰਧਾਨ ਤੇ ਅਕਾਸ਼ ਨੂੰ ਚੇਅਰਮੈਨ ਲਗਾਇਆ। ਕਾਬੜਵਾਲ ਨੇ ਕਿਹਾ ਕਿ ਨੌਜਵਾਨਾਂ ਦਾ ਸਾਥ ਮਿਲਣ ਨਾਲ ਪਾਰਟੀ ਦਿਨੋਂ ਦਿਨ ਤਗੜੀ ਹੁੰਦੀ ਜਾ ਰਹੀ ਹੈ। ਉਨ੍ਹਾਂ ਨਵੇਂ ਅਹੁਦੇਦਾਰਾਂ ਨੂੰ ਦਿਨ ਰਾਤ ਮਿਹਨਤ ਕਰਕੇ ਨੌਜਵਾਨਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਪਾਰਟੀ ਦੀਆਂ ਨੀਤੀਆਂ ਸੰਬੰਧੀ ਜਾਣੂ ਕਰਵਾਉਣ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਵੱਧ ਤੋਂ ਵੱਧ ਚੁੱਕਣ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਯੂਥ ਦੇ ਰੋਲ ਮਾਡਲ ਹਨ ਤੇ ਉਨ੍ਹਾਂ ਦੇ ਨਕਸ਼ੇ-ਕਦਮ 'ਤੇ ਚੱਲਦੇ ਹੋਏ ਸਾਨੂੰ ਸਾਰਿਆਂ ਨੂੰ ਸਿਰਫ ਤੇ ਸਿਰਫ ਸਿਆਸਤ ਰਹਿਤ ਲੋਕ ਸੇਵਾ ਕਰਨ ਦਾ ਹੁਕਮ ਹੋਇਆ ਹੈ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿਚ ਹੋਰਨਾਂ ਥਾਂਵਾਂ 'ਤੇ ਪ੍ਰਧਾਨਾਂ ਅਤੇ ਟੀਮਾਂ ਦੀ ਨਿਯੁਕਤੀ ਕੀਤੀ ਜਾਵੇਗੀ। ਨਵੇਂ ਅਹੁਦੇਦਾਰਾਂ ਨੇ ਪਾਰਟੀ ਪ੍ਰਤੀ ਵਫ਼ਾਦਾਰੀ ਨਾਲ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਭਾਜਪਾ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਅਹਿਦ ਕੀਤਾ। ਇਸ ਮੌਕੇ ਸੁਖਬੀਰ ਸਿੰਘ ਤੰਬੜ, ਜ਼ਿਲ੍ਹਾ ਮੀਤ ਪ੍ਰਧਾਨ ਯੂਥ ਵਿੰਗ ਨਰੇਸ਼ ਕਾਂਗੜ, ਤਰਨਪ੍ਰੀਤ ਸਿੰਘ, ਅਰਸ਼ੀ ਆਜਮਪੁਰ, ਹਰਵੀਰ ਸਿੰਘ, ਵੀਰ ਸਿੰਘ ਕਲਵਾਂ, ਨਵਦੀਪ ਰਾਏਪੁਰ, ਦਿਵਿਆਂਸ਼ੂ ਦੱਤ, ਕੁਲਦੀਪ ਬੇਲਾ, ਅਜੈ, ਅਰਸ਼ ਮਾਨ, ਸੌਰਵ ਬਾਠ, ਸਤਨਾਮ ਸਿੰਘ ਮਹਿਰਾ, ਅਰਸ਼ ਜਿੰਦਵੜੀ, ਰਮਨਦੀਪ ਸਿੰਘ, ਅਮਿਤ ਸ਼ਰਮਾ, ਦਰਸ਼ ਰਾਜਪੂਤ ਆਦਿ ਸਮੇਤ ਵੱਡੀ ਗਿਣਤੀ ਨੌਜਵਾਨ ਹਾਜ਼ਰ ਸਨ।

## ਮੁੱਖ ਮੰਤਰੀ ਰਾਹਤ ਫੰਡ' 'ਚ 7.63 ਲੱਖ ਰੁਪਏ ਦਾ ਯੋਗਦਾਨ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਵਿੱਤੀ ਰਾਹਤ ਦੇਣ ਲਈ ਕੌਂਸਲ ਆਫ ਜੂਨੀਅਰ ਇੰਜੀਨੀਅਰਜ ਪੀ.ਐਸ.ਈ.ਬੀ. ਵੱਲੋਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੂੰ ਪੰਜਾਬ ਮੁੱਖ ਮੰਤਰੀ ਰਾਹਤ ਫੰਡ ਲਈ 5 ਲੱਖ ਰੁਪਏ ਦੇ ਚੈੱਕ ਸੌਂਪਿਆ ਗਿਆ। ਕੌਂਸਲ ਵੱਲੋਂ ਨਵੰਬਰ 2023 ਦੇ ਮਹੀਨੇ ਦੌਰਾਨ ਇਸ ਰਾਹਤ ਫੰਡ ਵਿੱਚ ਕੁੱਲ 7,62,500 ਰੁਪਏ ਦਾ ਯੋਗਦਾਨ ਪਾਇਆ ਗਿਆ ਹੈ। ਕੌਂਸਲ ਵੱਲੋਂ ਕੀਤੇ ਗਏ ਇਸ ਯਤਨ ਦੀ ਸ਼ਲਾਘਾ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਕਿਹਾ ਕਿ ਮੁੱਖ ਮੰਤਰੀ ਰਾਹਤ ਫੰਡ ਵਿੱਚ ਅਜਿਹਾ ਯੋਗਦਾਨ ਸੂਬੇ ਦੇ ਲੋਕਾਂ ਨੂੰ ਲੋੜ ਦੀ ਘੜੀ ਦੌਰਾਨ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨ ਵਿੱਚ ਸਹਾਈ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੀ.ਐਸ.ਈ.ਬੀ. ਦੇ ਜੂਨੀਅਰ ਇੰਜਨੀਅਰਾਂ ਵੱਲੋਂ ਸੂਬੇ ਵਿੱਚ ਬਿਜਲੀ ਦੇ ਬੁਨਿਆਦੀ ਢਾਂਚੇ ਦੀ ਮਜਬੂਤੀ ਲਈ ਪਾਏ ਯੋਗਦਾਨ ਤੋਂ ਸਾਰੇ ਜਾਣੂ ਹਨ ਅਤੇ ਕੌਂਸਲ ਵੱਲੋਂ ਕੀਤਾ ਗਿਆ ਇਹ ਉਪਰਾਲਾ ਹੋਰਨਾਂ ਨੂੰ ਵੀ ਪ੍ਰੇਰਿਤ ਕਰੇਗਾ।

## ਪੀ ਸੀ ਐਮ ਐਸ ਡੀ ਵੱਲੋਂ ਮੇਰੀ ਕਹਾਣੀ ਸਫਲ ਇਨੋਵੇਟਰਾਂ ਦੁਆਰਾ ਪ੍ਰੇਰਕ ਸੈਸ਼ਨ

**ਜਲੰਧਰ ( ਇਕਬਾਲ ਸਿੰਘ ਉੱਭੀ )** ਨੌਜਵਾਨ ਵਿਦਿਆਰਥੀਆਂ ਵਿੱਚ ਨਵੀਨਤਾ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ, ਪੀ.ਸੀ.ਐਮ.ਐਸ.ਡੀ ਨੇ ਮੇਰੀ ਕਹਾਣੀ - ਸਫਲ ਇਨੋਵੇਟਰਾਂ ਦੁਆਰਾ ਪ੍ਰੇਰਕ ਸੈਸ਼ਨ ਦਾ ਆਯੋਜਨ ਕੀਤਾ।



ਸੰਸਥਾ ਦੀ ਇਨੋਵੇਟਿਵ ਕਾਉਂਸਿਲ ਦੁਆਰਾ ਆਯੋਜਿਤ ਇਸ ਸਮਾਗਮ ਦਾ ਉਦੇਸ਼ ਕੱਲ੍ਹ ਦੇ ਉਭਰਦੇ ਖੋਜਕਾਰਾਂ ਨੂੰ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਸੀ। ਸੈਸ਼ਨ ਦੀ ਮੁੱਖ ਗੱਲ ਇਹ ਸੀ ਕਿ ਰਿਸੋਰਸ ਪਰਸਨ, ਸ੍ਰੀਮਤੀ ਰੰਜੂ ਚੋਪੜਾ, ਬਿਸਟਾਈਲਿਸ ਸੈਲੂਨ ਅਤੇ ਅਕੈਡਮੀ, ਜਲੰਧਰ ਦੀ ਨਿਪੁੰਨ ਮਾਲਕ ਦੁਆਰਾ ਦਿੱਤਾ ਗਿਆ ਸਮਝਦਾਰ ਭਾਸ਼ਣ ਸੀ। ਸ੍ਰੀਮਤੀ ਚੋਪੜਾ ਕਾਲਜ ਦੀ ਸਾਬਕਾ ਵਿਦਿਆਰਥੀ ਵੀ ਹੈ। ਇੱਕ ਸਫਲ ਇਨੋਵੇਟਰ ਦੇ ਰੂਪ ਵਿੱਚ ਉਸਦੀ ਯਾਤਰਾ ਨੇ ਵਿਦਿਆਰਥੀਆਂ ਲਈ ਪ੍ਰੇਰਨਾ ਦੀ ਰੌਸ਼ਨੀ ਦਾ ਕੰਮ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ-ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪ੍ਰਿੰਸੀਪਲ, ਡਾ. ਪੂਜਾ ਪਰਾਸ਼ਰ ਨੇ ਸਮਾਗਮ ਨੂੰ ਸਫਲਤਾਪੂਰਵਕ ਕਰਵਾਉਣ ਲਈ ਇਨੋਵੇਟਿਵ ਕੌਂਸਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸੈਸ਼ਨ ਇੱਕ ਭਰਪੂਰ ਅਤੇ ਫਲਦਾਇਕ ਅਨੁਭਵ ਸਾਬਤ ਹੋਇਆ।

## ਜੇ ਸੀ ਆਈ ਕਲੱਬ ਨੇ ਮਨਾਇਆ ਦੀਵਾਲੀ ਫਨ ਮੇਲਾ



**ਆਦਮਪੁਰ (ਪਰਮਜੀਤ ਸਿੰਘ )**:- ਜੇ ਸੀ ਆਈ ਕਲੱਬ ਆਦਮਪੁਰ ਵਲੋਂ ਦੀਵਾਲੀ ਫਨ ਮੇਲਾ ਬਹੁਤ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਅਖੀਲੇ ਦਿਨ ਜੇ ਸੀ ਆਈ ਕਲੱਬ ਦੀ 27ਵੀਂ ਸੈਰਾਮਨੀ ਮਨਾਈ ਗਈ, ਜਿਸ ਵਿੱਚ ਜੇ ਸੀ ਆਈ ਕਲੱਬ ਦੇ 2023–2024 ਨਵੇਂ ਬਣੇ ਪ੍ਰਧਾਨ ਦਵਿੰਦਰ ਸਿੰਘ ਸੂਰੀ ਨੂੰ ਚੁਣਿਆ ਗਿਆ। ਮੁੱਖ ਮਹਿਮਾਨ ਵਜੋਂ ਸੁਸ਼ੀਲ ਕੁਮਾਰ ਰਿੰਕੂ ਮੈਂਬਰ ਪਾਰਲੀਮੈਂਟ ,ਬਲਕਾਰ ਸਿੰਘ ਕੈਬਨਿਟ ਮੰਤਰੀ , ਰਮਨ ਅਰੋੜਾ ਐਮ ਐਲ ਏ ਜਲੰਧਰ ਨੇ ਸ਼ਿਰਕਤ ਕੀਤੀ ਅਤੇ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਪ , ਜਤਿੰਦਰ ਮਿਨਹਾਸ ,ਪਰਮਜੀਤ ਸਿੰਘ ਪੰਮੀ ਚੇਅਰਮੈਨ ਮਾਰਕੀਟ ਕਮੇਟੀ, ਪ੍ਰਲਾਦ ਵਰਮਾ, ਬੰਦਾ ਗਰੇਵਾਲ ਸਰਪੰਚ ਅਰਜਨ ਵਾਲ ਦੇ ਨਾਲ ਗੁਰਮਖ ਸਿੰਘ ਸੂਰੀ, ਸੱਤਪਾਲ, ਰਾਜ ਕੁਮਾਰ ਪਾਲ, ਜਗਦੀਸ਼ ਪਸਰੀਚਾ ਆਦਿ ਮੌਜੂਦ ਸਨ। ਲਾਇਨ ਕਲੱਬ ਦੇ ਚੇਅਰਮੈਨ ਜਸਵਿੰਦਰ ਚਾਂਦ ਅਤੇ ਲਾਇਨ ਕਲੱਬ ਦੇ ਪ੍ਰੈਜ਼ੀਡੈਂਟ ਅਕਸ਼ੇਦੀਪ ਨੇ ਵੀ ਸ਼ਿਰਕਤ ਕੀਤੀਸ਼ ਸੈਰਾਮਨੀ ਵਿਚ ਜੇ ਸੀ ਆਈ ਜੋਨ ਅਫਸਰ ਵਲੋਂ ਨਵੇਂ ਬਣੇ ਪ੍ਰਧਾਨ ਦਵਿੰਦਰ ਸਿੰਘ ਸੂਰੀ ਨੂੰ ਸੁੰਹ ਚੁਕਾਈ ਗਈ! ਇਸ ਦਿਵਾਲੀ ਫਨ ਮੇਲੇ ਵਿੱਚ ਵੱਖ,- ਵੱਖ ਤਰ੍ਹਾਂ ਦੇ ਲੱਕੀ ਡਰਾਅ ਵੀ ਕੱਢੇ ਗਏ ਤੇ ਮੋਟਰਸਾਇਕਲ, ਫਰਿਜ ਆਦਿ ਤਕਸੀਮ ਕੀਤੇ ਗਏ। ਇਸ ਮੌਕੇ ਹਰਪ੍ਰੀਤ ਸਿੰਘ ਸੰਧੂ, ਜਗਮੋਹਨ ਅਰੋੜਾ, ਸਤਵਿੰਦਰ ਅਰੋੜਾ, ਅਨੂਪ ਵਰਮਾ,ਦੀਪਕ ਵਰਮਾ, ਤਰੁਨ ਖੁਰਾਣਾ,ਮਾਨਵ ਕੋਚਰ, ਸੰਜੀਵ ਸਿਆਣ, ਨਰਿੰਦਰ ਕੁਕੂ,ਸੁਖਵਿੰਦਰ ਸਿੰਘ,ਕੂਪਰ ਸੰਜੀਵ ਗਾਂਧੀ ਆਦਿ ਹਾਜਰ ਸਨ।

## ਦਾਸ ਇੰਡਸਟਰੀ ਵਾਲੇ ਸਤਵੰਤ ਸਿੰਘ ਨਹੀਂ ਰਹੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**–ਸ਼ਹਿਰ ਦੀ ਉੱਘੀ ਹਸਤੀ ਦਾਸ ਇੰਡਸਟਰੀ ਹੁਸ਼ਿਆਰਪੁਰ ਦੇ ਐਮ ਡੀ ਸਤਵੰਤ ਸਿੰਘ ਬੀਤੀ ਸ਼ਾਮ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਸਪੁੱਤਰ ਪਰਮਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਸਤਵੰਤ ਸਿੰਘ ਬਿਮਾਰ ਚੱਲ ਰਹੇ ਸਨ ਜੋ ਹੁਸ਼ਿਆਰਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਸਨ ਤੇ ਇੱਕ ਦਿਨ ਪਹਿਲਾਂ ਹੀ ਡੀਐਮਸੀ ਲੁਧਿਆਣੇ ਦਾਖਲ ਕਰਾਇਆ ਗਿਆ ਜਿੱਥੇ ਬੀਤੀ ਸ਼ਾਮ ਉਨਾਂ ਨੂੰ ਡਾਕਟਰਾਂ ਵੱਲੋਂ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਉਹਨਾਂ ਦਾ ਅੰਤਿਮ ਸੰਸਕਾਰ ਅੱਜ ਹੁਸ਼ਿਆਰਪੁਰ ਦੇ ਪੁਰਾਣਾ ਟਾਂਡਾ ਰੋਡ ਸਥਿਤ ਸ਼ਿਵਪੁਰੀ ਵਿਖੇ ਕਰ ਦਿੱਤਾ ਗਿਆ। ਸਤਵੰਤ ਸਿੰਘ ਦੀ ਆਤਮਿਕ ਸ਼ਾਂਤੀ ਲਈ ਸਹਿਜ ਪਾਠ ਦਾ ਭੋਗ 1 ਦਸੰਬਰ ਨੂੰ ਉਹਨਾਂ ਦੇ ਗ੍ਰਹਿ ਕ੍ਰਿਸ਼ਨਾ ਨਗਰ ਵਿਖੇ ਪਾਇਆ ਜਾਵੇਗਾ ਉਪਰੰਤ ਗੁਰਦੁਆਰਾ ਸਿੰਘ ਸਭਾ ਵਿਖੇ ਅੰਤਿਮ ਅਰਦਾਸ ਅਤੇ ਕੀਰਤਨ ਹੋਵੇਗਾ।

## ਗਾਇਕ ਤਜਿੰਦਰ ਹਨੀ ਦਾ ਸਿੰਗਲ ਟਰੈਕ ਜਾਗੋ ਹੋਇਆ ਰਿਲੀਜ਼



**ਕਪੂਰਥਲਾ ( ਪ੍ਰੀਤ ਸੰਗੋਜਲਾ )** ਰਿਦਮ ਫਿਲਮ ਅਤੇ ਪੰਜਾਬੀ ਸਟੂਡੀਓ ਦੀ ਪੇਸ਼ਕਸ਼ ਅਤੇ ਨੌਜਵਾਨ ਗੀਤਕਾਰ ਬਿੱਟੂ ਕਾਜਲੀ ਦਾ ਲਿਖਿਆ ਤੇ ਗਾਇਕ ਤੇਜਿੰਦਰ ਹਨੀ ਦਾ ਗਾਇਆ ਗੀਤ ਜਾਗੋ ਰਿਲੀਜ ਹੋਇਆ ਹੈ। ਜਾਗੋ ਗੀਤ ਦੇ ਬੋਲ ਬਹੁਤ ਹੀ ਪਿਆਰੇ ਤੇ ਦਿਲ ਨੂੰ ਛੂਹਣ ਵਾਲੇ ਬੋਲ ਹਨ। ਇਸ ਗੀਤ ਨੂੰ ਰਿਲੀਜ ਕਰਨ ਮੌਕੇ ਪ੍ਰੋਫੈਸਰ ਸੁਖਵਿੰਦਰ ਸਾਗਰ ,ਬਾਬਾ ਵਿਜੇ ਕੁਮਾਰ ਹਮੀਰਾ,ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ, ਕਾਂਗਰਸ ਦੇ ਐਸ ਸੀ ਸੈਲ ਦੇ ਉਪ ਚੇਅਰਮੈਨ ਚਰਨਜੀਤ ਸਿੰਘ ਹੰਸ,ਤੇਜਿੰਦਰ ਭੰਡਾਰੀ,ਬਲਵੀਰ ਸਿੰਘ ਬੀਰਾ ਕੌਂਸਲਰ, ਬਾਬਾ ਬਲਵਿੰਦਰ ਘਾਰੂ, ਗਾਇਕ ਨਿਸ਼ਾਨ ਉਚੇਵਾਲਾ, ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਕਪੂਰਥਲਾ ਦੇ ਪ੍ਰਧਾਨ ਗੁਰਮੁਖ ਸਿੰਘ ਢੋਟ, ਤਬਲਾ ਵਾਦਕ ਦੀਪਕ ਸੁਮਨ , ਸੁਖਵਿੰਦਰ ਮੋਹਨ ਸਿੰਘ ਭਾਟੀਆ ਆਦਿ ਹਾਜਰ ਸਨ।

## ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਕੱਢੀ ਪ੍ਰਭਾਤ ਫੇਰੀ



**ਅੱਡਾ ਸਰਾਂ( ਜਸਵੀਰ ਕਾਜਲ)**- ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਪਿੰਡ ਗੁਰਾਇਆ ਵਿੱਚ ਪ੍ਰਭਾਤ ਫੇਰੀ ਕੱਢੀ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਪੰਜ ਪ੍ਰਭਾਤ ਫੇਰੀਆਂ ਕੱਢਣ ਉਪਰੰਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ 25 ਨਵੰਬਰ ਨੂੰ ਕੀਤੇ ਜਾਣਗੇ ਅਤੇ ਮੱਧ ਵਾਲੇ ਦਿਨ 26 ਨਵੰਬਰ ਨੂੰ ਪੂਰੇ ਨਗਰ ਵਿੱਚ ਮਹਾਨ ਖਾਲਸਾਈ ਸ਼ਾਨੋ ਸ਼ੌਕਤ ਨਾਲ ਨਗਰ ਕੀਰਤਨ ਕੱਢਿਆ ਜਾਵੇਗਾ। ਜਿਸ ਵਿੱਚ ਨਗਰ ਦੀਆਂ ਸੰਗਤਾਂ ਗੁਰਬਾਣੀ ਦਾ ਗੁਣਗਾਨ ਕਰਕੇ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਉਹਨਾਂ ਇਹ ਵੀ ਦੱਸਿਆ ਕਿ 27 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਜਿਨਾਂ ਵਿੱਚ ਗੁਰੂ ਘਰ ਦੇ ਕੀਰਤਨੀਏ ਭਾਈ ਸੰਦੀਪ ਸਿੰਘ ਅਤੇ ਪੰਥ ਦੇ ਮਹਾਨ ਢਾਡੀ ਸੁਖਵਿੰਦਰ ਸਿੰਘ ਮਢਾਲੀ ਕਪੂਰਥਲੇ ਵਾਲੇ ਢਾਡੀ ਵਾਰਾਂ ਨਾਲ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਕੀਰਤਨ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਮਾਸਟਰ ਹਰਦੀਪ ਸਿੰਘ , ਹਰਮਨ ਸਿੰਘ, ਅਵਤਾਰ ਸਿੰਘ, ਅਤੇ ਖਜਾਨਚੀ ਸਰਬਜੀਤ ਸਿੰਘ, ਅਮਰਜੀਤ ਸਿੰਘ ਅਤੇ ਨਗਰ ਦੀਆਂ ਸੰਗਤਾਂ ਹਾਜਰ ਸਨ।

## ਰੋਸ਼ੀ ਨੇ ਮਾਰਕੀਟ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ



**ਫਿਲੌਰ (ਨਿਰਮਲ)**– ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਸ਼ੁੱਕਰਵਾਰ ਨੂੰ ਮਾਰਕੀਟ ਕਮੇਟੀ ਫਿਲੌਰ ਦੀ ਚੇਅਰਮੈਨੀ ਦਾ ਸਿਹਰਾ ਰੋਸ਼ਨ ਲਾਲ ਰੋਸ਼ੀ ਦੇ ਸਿਰ ਸਜਾ ਦਿੱਤਾ ਗਿਆ। ਇਸ ਮੌਕੇ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ, ਪ੍ਰਿਸੀਪਲ ਪ੍ਰੇਮ ਕੁਮਾਰ ਇੰਚਾਰਜ ਆਮ ਆਦਮੀ ਪਾਰਟੀ ਹਲਕਾ ਫਿਲੌਰ, ਸੁਭਾਸ਼ ਸ਼ਰਮਾ ਜਨਰਲ ਸਕੱਤਰ ਜਲੰਧਰ, ਕਸ਼ਮੀਰ ਸਿੰਘ ਮੱਲ੍ਹੀ ਚੈਅਰਮੈਨ ਇੰਮਪਰੂਵਮੈਂਟ ਟਰੱਸਟ ਫਗਵਾੜਾ, ਸਟਿਫਨ ਕਲੇਰ ਜ਼ਿਲ੍ਹਾ ਪ੍ਰਧਾਨ, ਸੀਮਾ ਬਡਾਲਾ ਪ੍ਰਧਾਨ ਮਹਿਲਾ ਵਿੰਗ ਜਲੰਧਰ, ਕੌਂਸਲਰਾਂ, ਬਲਾਕ ਪ੍ਰਧਾਨਾਂ ਨੇ ਰੋਸ਼ਨ ਲਾਲ ਰੋਸ਼ੀ ਨੂੰ ਚੇਅਰਮੈਨ ਦੀ ਕੁਰਸੀ 'ਤੇ ਬਿਠਾ ਕੇ ਆਪਣੇ ਬਣਦੇ ਫਰਜਾਂ ਨੂੰ ਨਿਭਾਉਂਣ ਲਈ ਪ੍ਰੇਰਿਤ ਕੀਤਾ। ਰੋਸ਼ੀ ਨੇ ਕਿਹਾ ਕਿ ਉਹ ਪੂਰੀ ਤਨਦੇਹੀ ਨਾਲ ਆਪਣੇ ਫਰਜਾਂ ਨੂੰ ਨਿਭਾਉਂਦੇ ਹੋਏ ਕਿਸਾਨਾਂ ਭਰਾਵਾਂ, ਆੜ੍ਹਤੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ ਅਤੇ ਮੰਡੀਆਂ ਦੀ ਡਿਵੈਲਪਮੈਂਟ ਵਾਸਤੇ ਯੋਗ ਉਪਰਾਲਾ ਕਰਦੇ ਰਹਿਣਗੇ। ਇਸ ਮੌਕੇ ਯਸ਼ਪਾਲ ਗਿੰਢਾ ਕੌਂਸਲਰ, ਰਜਿੰਦਰ ਸੰਧੂ, ਹਰਕਮਲ ਸਿੰਘ ਬੇਗਮਪੁਰ, ਸ਼ੰਕਰ ਸੰਧੂ ਕੌਂਸਲਰ,ਪਰਮਜੀਤ ਭਾਰਤੀ ਸਾਬਕਾ ਕੌਂਸਲਰ, ਵੈਭਵ ਸ਼ਰਮਾ ਕੌਂਸਲਰ, ਸੋਨੂੰ ਪੰਮਾ, ਸੁਰਿੰਦਰ ਡਾਬਰ, ਸੁੱਖਾ ਸੰਗਨੇਵਾਲ, ਵਰਿੰਦਰ ਸੈਣੀ, ਪਰਮਿੰਦਰ ਮਾਹਲ, ਡਾਕਟਰ ਬਲਜੀਤ ਸਿੰਘ ਛੋਕਰਾ, ਦੇਸ ਰਾਜ ਮੱਲ, ਸੁਦੇਸ਼ ਕੁਮਾਰ ਬਿੱਲਾ, ਰਾਹੁਲ ਪੁੰਜ, ਅਮਰਜੀਤ , ਬਲਵੀਰ ਛੋਕਰ ਬਲਾਕ ਪ੍ਰਧਾਨ, ਸੁੱਖਾ ਬੰਡਾਲਾ, ਡਾਕਟਰ ਅਜੈਬ ਸਿੰਘ ਅਤੇ ਹੋਰ ਹਾਜਰ ਸਨ।

## ਵਧੀਕ ਜ਼ਿਲ੍ਹਾ ਚੋਣ ਅਫਸਰ ਵੱਲੋਂ ਸਵੀਪ ਕੋਰ ਕਮੇਟੀ ਤੇ ਸਹਾਇਕ ਮਤਦਾਤਾ ਪੰਜੀਕਰਣ ਅਧਿਕਾਰੀਆਂ ਨਾਲ ਮੀਟਿੰਗ

**ਐਸ.ਏ.ਐਸ.ਨਗਰ, ( ਕ੍ਰਿਸ਼ਨ ਗਰਗ )** ਵਧੀਕ ਜ਼ਿਲ੍ਹਾ ਚੋਣ ਅਫਸਰ ਵਿਰਾਜ ਐਸ ਤਿੜਕੇ ਵੱਲੋਂ ਸਵੀਪ ਕੋਰ ਕਮੇਟੀ ਦੇ ਮੈਂਬਰਾਂ ਅਤੇ ਸਹਾਇਕ ਮਤਦਾਤਾ ਪੰਜੀਕਰਨ ਅਧਿਕਾਰੀਆਂ ਨਾਲ ਯੋਗਤਾ ਮਿਤੀ 01/01/2024 ਦੇ ਆਧਾਰ 'ਤੇ ਫੋਟੋ ਵੋਟਰ ਸੂਚੀਆਂ ਦੀ ਸਰਸਰੀ ਸੁਧਾਈ ਦੇ ਕੰਮ ਨੂੰ ਮੁੱਖ ਰੱਖਦੇ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ, ਸਹਾਇਕ ਮਤਦਾਤਾ ਪੰਜੀਕਰਨ ਅਧਿਕਾਰੀਆਂ ਅਤੇ ਸਵੀਪ ਕੋਰ ਕਮੇਟੀ ਦੇ ਮੈਂਬਰਾਂ ਨੂੰ ਆਮ ਜਨਤਾ ਨੂੰ ਵੋਟ ਬਣਾਉਣ ਸਬੰਧੀ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਸਵੀਪ ਗਤੀਵਿਧੀਆਂ ਕਰਵਾਉਣ ਲਈ ਕਿਹਾ ਗਿਆ। ਕਾਲਜ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਕਿ ਉਹ ਸਵੀਪ ਗਤੀਵਿਧੀਆਂ ਰਾਹੀਂ ਆਪਣੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੋਟਾਂ ਬਣਾਉਣ ਲਈ ਵੱਧ ਤੋਂ ਵੱਧ ਜਾਗਰੂਕ ਕਰਨ ਅਤੇ ਜਿਹੜੇ ਵਿਦਿਆਰਥੀ 17 ਸਾਲ ਤੋਂ ਵੱਧ ਉਮਰ ਦੇ ਹੋ ਗਏ ਹਨ, ਉਨ੍ਹਾਂ ਦੇ ਫਾਰਮ ਭਰਵਾਏ ਜਾਣ। ਇਸ ਮੀਟਿੰਗ ਵਿੱਚ ਸਵੀਪ ਕੋਰ ਕਮੇਟੀ ਦੇ ਮੈਬਰਾਂ, ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰ, ਸਹਾਇਕ ਮਤਦਾਤਾ ਪੰਜੀਕਰਨ ਅਧਿਕਾਰੀ, ਸੰਜੇ ਕੁਮਾਰ, ਚੋਣ ਤਹਿਸੀਲਦਾਰ ਅਤੇ ਗੁਰਬਖ਼ਸ਼ੀਸ਼ ਸਿੰਘ, ਜ਼ਿਲ੍ਹਾ ਸਵੀਪ ਨੋਡਲ ਅਫਸਰ ਹਾਜ਼ਰ ਸਨ।

## ਗੱਡੀਆਂ ਖੋਹਣ ਤੇ ਚੋਰੀਆਂ ਕਰਨ ਵਾਲਾ ਗੈਂਗ ਕਾਬੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਸੁਰਿੰਦਰ ਲਾਂਬਾ ਆਈ ਪੀ ਐਸ, ਐਸ ਐਸ ਪੀ ਹੁਸ਼ਿਆਰਪੁਰ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਪਿਛਲੇ ਕਰੀਬ ਇੱਕ ਮਹੀਨੇ ਤੋਂ ਹੁਸ਼ਿਆਰਪੁਰ ਦੇ ਵੱਖ-ਵੱਖ ਥਾਣਿਆਂ ਦੇ ਏਰੀਏ ਵਿੱਚ ਰਾਤ ਸਮੇਂ ਸਬਜੀ ਵਾਲੀਆਂ ਗੱਡੀਆਂ ਦੀ ਖੋਹ ਕਰਨ ਵਾਲਾ ਗਰੋਹ ਸਰਗਰਮ ਹੋਇਆ ਸੀ। ਜੋ ਖਾਸ ਕਰਕੇ ਹਿਮਾਚਲ ਨੂੰ ਸਬਜੀ ਲੈ ਕੇ ਜਾਣ ਵਾਲੇ ਵਹੀਕਲਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ। ਇੰਨਾਂ ਚੋਰਾਂ ਦੇ ਗੈਂਗ ਨੂੰ ਬੇਨਕਾਬ ਕਰਨ ਲਈ ਸਰਬਜੀਤ ਸਿੰਘ ਪੀ ਪੀ ਐਸ ਪੁਲਸ ਕਪਤਾਨ ਤਫਤੀਸ਼ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਦੀ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ। ਉਕਤ ਟੀਮ ਵੱਲੋਂ ਲਗਾਤਾਰ ਕੰਮ ਕਰਦੇ ਹੋਏ ਟੈਕਨੀਕਲ ਤੇ ਸਾਇੰਟਿਫਿਕ ਤਰੀਕੇ ਦੀ ਵਰਤੋਂ ਕਰਦੇ ਹੋਏ ਉਕਤ ਖੋਹ ਕਰਨ ਵਾਲੇ ਗੈਂਗ ਨੂੰ ਬੇਨਕਾਬ ਕਰਦੇ ਹੋਏ ਗੈਂਗ ਦੇ ਚਾਰ ਮੈਂਬਰਾਂ ਲਵਪ੍ਰੀਤ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਖਾਨਕੋਟ ਥਾਣਾ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ, ਹਰਮਨਦੀਪ ਸਿੰਘ ਪੁੱਤਰ ਲਖਬੀਰ ਸਿੰਘ ਵਾਸੀ ਚੂਸਲੇਵੜ ਥਾਣਾ ਸਦਰ ਪੱਟੀ ਜ਼ਿਲ੍ਹਾ ਤਰਨ ਤਾਰਨ, ਮਨਪ੍ਰੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਲਲੇ ਥਾਣਾ ਤਲਵੰਡੀ ਭਾਈ ਜ਼ਿਲ੍ਹਾ ਫਿਰੋਜ਼ਪੁਰ ਤੇ ਜੁਗਰਾਜ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਚੋਲਾ ਸਾਹਿਬ, ਥਾਣਾ ਚੋਲਾ ਸਾਹਿਬ ਜ਼ਿਲ੍ਹਾ ਤਰਨ ਤਾਰਨ ਨੂੰ ਕਾਬੂ ਕਰਕੇ ਉਨਾਂ ਦੇ ਕਬਜੇ ਵਿੱਚੋਂ ਦੋ ਚੋਰੀ ਸ਼ੁਦਾ ਸੋਨਾਲੀਕਾ ਟਰੈਕਟਰ ਅਤੇ ਤਿੰਨ ਖੋਹ ਕੀਤੀਆਂ ਕਾਰਾਂ ਬਰਾਮਦ ਕਰਕੇ ਵੱਖ ਵੱਖ ਚਾਰ ਮੁਕੱਦਮੇ ਟਰੇਸ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

## ਕਿਸਾਨਾਂ ਵੱਲੋਂ ਪਾਈ ਰਿੱਟ ਪਟੀਸ਼ਨ ਦਾ ਚਾਰ ਮਹੀਨੇ 'ਚ ਨਿਪਟਾਰੇ ਦਾ ਹੁਕਮ

**ਮੋਹਾਲੀ ( ਹਰਨਾਮ ਸਿੰਘ ਡੱਲਾ)**-ਜਮੀਨ ਦੀ ਕੀਮਤ ਵਧਾਉਣ ਦੇ ਮਾਮਲੇ ਵਿੱਚ ਭਾਰਤਮਾਲਾ ਪ੍ਰੋਜੈਕਟ ਆਈ ਟੀ ਸਿਟੀ ਤੋਂ ਕੁਰਾਲੀ ਵਿੱਚ ਕਿਸਾਨ ਰਣਬੀਰ ਸਿੰਘ ਗਰੇਵਾਲ ਜਿਸ ਦੀ ਜਮੀਨ ਇਸ ਪ੍ਰੋਜੈਕਟ ਵਿੱਚ ਪਿੰਡ ਗੋਬਿੰਦਗੜ੍ਹ ਵਿੱਚ ਆਉਂਦੀ ਹੈ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਸਾਲਸ ਨੂੰ ਕੇਸ ਦਾ ਨਿਪਟਾਰਾ ਕਰਨ ਲਈ ਚਾਰ ਮਹੀਨੇ ਲਈ ਟਾਈਮ ਬੌਂਡ ਕੀਤਾ ਹੈ। ਪਟੀਸ਼ਨਰ ਰਣਬੀਰ ਸਿੰਘ ਵਲੋਂ ਕਿਸਾਨਾਂ ਦੀ ਜਮੀਨ ਦਾ ਵੱਧ ਮੁਆਵਜਾ ਲੈਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿੱਚ ਇੱਕ ਰਿੱਟ ਦਾਖਲ ਕੀਤੀ ਸੀ। ਮਾਮਲੇ ਵਿੱਚ ਮਾਨਯੋਗ ਜੱਜ ਜਨਾਬ ਸੁਰੇਸਵਰ ਠਾਕਰ ਅਤੇ ਜਸਟਿਸ ਮਾਨਯੋਗ ਸੁਦੀਪੀ ਸਰਮਾਂ ਦੇ ਬੈਂਚ ਨੇ ਕੇਸ ਦੀ ਸੁਣਵਾਈ ਕਰਦਿਆਂ ਪਟੀਸ਼ਨਰ ਨੂੰ ਰਾਹਤ ਦਿੰਦਿਆਂ ਲਿਮੀਟੇਸ਼ਨ ਐਕਟ ਦੀ ਧਾਰਾ 14 ਤਹਿਤ ਹੋਰ ਪਟੀਸ਼ਨ ਦਾਖਲ ਕਰਨ ਦੀ ਇਜਾਜਤ ਦਿੱਤੀ ਹੈ। ਇਸ ਕੇਸ ਵਿੱਚ ਹਾਈਕੋਰਟ ਦੇ ਸੀਨੀਅਰ ਵਕੀਲ ਆਰ ਐੱਸ ਬੈਂਸ ਅਤੇ ਸੌਰਬ ਬੇਦੀ ਰਾਹੀਂ ਪਟੀਸ਼ਨਰ ਵਲੋਂ ਦਾਇਰ ਕੀਤੀ ਗਈ ਸੀ। ਜਦੋਂ ਕਿ ਦੂਜੀ ਧਿਰ ਵਲੋਂ ਐਡਵੋਕੇਟ ਮਨਿੰਦਰ ਸਿੰਘ ਏ ਡੀ ਜੀ ਪੇਸ਼ ਹੋਏ ਸਨ। ਮਾਨਯੋਗ ਹਾਈ ਕੋਰਟ ਨੇ ਧਾਰਾ 14 ਤਹਿਤ ਨਵੀਂ ਰਿੱਟ ਪਟੀਸ਼ਨ ਦਰਜ ਕਰਵਾਉਣ ਦੇ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਦੀ ਇਕਵਾਇਰ ਕੀਤੀ ਜਮੀਨ ਦੀ ਵਧੇਰੇ ਕੀਮਤ ਮਿਲਨ ਦੀ ਆਸ ਬੱਝੀ ਹੈ। ਜੇ ਕਰ ਆਰਬੀਟੇਟਰ ਦੇ ਫੈਸਲੇ ਤੋਂ ਕਿਸਾਨ ਸਹਿਮਤ ਨਾ ਹੋਏ ਤਾਂ ਪਟੀਸ਼ਨਰ ਨਵੇਂ ਤੱਥਾਂ ਦੇ ਆਧਾਰ ਉੱਤੇ ਅਰਜੀ ਦਾਖਲ ਕਰ ਸਕਦਾ ਹੈ। ਜਿਸ ਦਾ ਮੈਰਿਟ ਦੇ ਆਧਾਰ ਉੱਤੇ ਮਾਨਯੋਗ ਹਾਈ ਕੋਰਟ ਵਲੋਂ ਫੈਸਲਾ ਕੀਤਾ ਜਾ ਸਕਦਾ ਹੈ।

## ਸਵ. ਸਤਨਾਮ ਸਿੰਘ ਸੈਣੀ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀ ਭੇਟ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ )** ਗੁਰਦੁਆਰਾ ਸਾਹਿਬ ਸਿੰਘ ਸਭਾ ਅਸਲਾਮਾਬਾਦ ਦੇ ਸਾਬਕਾ ਪ੍ਰਧਾਨ ਉਘੇ ਸਮਾਜ ਸੇਵਕ ਸਵ.ਬਲਵੀਰ ਸਿੰਘ ਸੈਣੀ ਨੂੰ ਵਿਸ਼ੇਸ਼ ਸਮਾਗਮ ਦੌਰਾਨ ਵੱਖ ਵੱਖ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸੰਸਥਾਵਾਂ ਦੇ ਆਗੂਆਂ ਵਲੋਂ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਪਹਿਲਾਂ ਇਨਾਂ ਦੇ ਗ੍ਰਹਿ ਅਸਲਾਮਾਬਾਦ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਗੁਰਦੁਆਰਾ ਸਾਹਿਬ ਸਿੰਘ ਸਭਾ ਅਸਲਾਮਾਬਾਦ ਵਿਖੇ ਪੰਥ ਪ੍ਰਸਿੱਧ ਰਾਗੀ ਜਥੇ ਭਾਈ ਹਰਜਿੰਦਰ ਸਿੰਘ ਬਿਜਲੀ ਬੋਰਡ ਵਾਲੇ,ਭਾਈ ਲਾਲ ਸਿੰਘ, ਡਾ. ਪਰਮਜੀਤ ਸਿੰਘ, ਭਾਈ ਹਰਬਲਾਸ ਸਾਹਿਬ, ਭਾਈ ਹਰਮੀਤ ਸਿੰਘ ਸੇਠੀ ਦੇ ਜਥਿਆਂ ਵਲੋਂ ਵੈਰਾਗਮਈ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ ਗਿਆ। ਨਿੱਤਨੇਮ ਸੁਸਾਇਟੀ ਅਸਲਾਮਾਬਾਦ, ਦਸ਼ਮੇਸ਼ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ, ਸੁਖਮਨੀ ਸੇਵਾ ਸੁਸਾਇਟੀ ਅਤੇ ਗੁਰਦੁਆਰਾ ਸਿੰਘ ਸਭਾ ਅਸਲਾਮਾਬਾਦ ਦੀ ਪ੍ਰਬੰਧਕ ਕਮੇਟੀ ਵਲੋਂ ਸਵ.ਸਤਨਾਮ ਸਿੰਘ ਸੈਣੀ ਦੀਆਂ ਕੀਤੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਪਰਵਾਰਕ ਮੈਂਬਰਾਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ। ਮੁੱਖ ਬੁਲਾਰੇ ਭਾਈ ਹਰਜਿੰਦਰ ਸਿੰਘ, ਭਾਈ ਲਾਲ ਸਿੰਘ, ਡਾ. ਪਰਮਜੀਤ ਸਿੰਘ ਪ੍ਰਧਾਨ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸਿੰਘ ਸਭਾ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਸਵ. ਸਤਨਾਮ ਸਿੰਘ ਸੈਣੀ ਇਕ ਬਹੁਤ ਮਿਲਣਸਾਰ ਇਨਸਾਨ, ਮਿੱਠ ਬੋਲੜੇ ਸੁਭਾਅ ਦੇ ਮਾਲਕ ਅਤੇ ਗੁਰੂ ਦੇ ਭਾਣੇ ਵਿਚ ਹਰ ਸਮੇਂ ਉਸ ਅਕਾਲ ਪੁਰਖ ਦੇ ਸਿਮਰਨ ਵਿਚ ਜੀਵਨ ਗੁਜਰ ਕਰ ਰਹੇ ਸਨ। ਉਹ ਇਕ ਚੰਗੇ ਬੁਲਾਰੇ ਸਨ ਅਤੇ ਬਾਣੀ ਦੇ ਨਿੱਤਨੇਮ ਦੇ ਪ੍ਰਪੱਕ ਤੇ ਬਹੁਤ ਹੀ ਰਸਭਿੰਨਾ ਕੀਰਤਨ ਵੀ ਕਰਦੇ ਸਨ। ਉਨਾਂ ਕਿਹਾ ਸਵ. ਸਤਨਾਮ ਸਿੰਘ ਸੈਣੀ ਦੀਆਂ ਸਮਾਜ ਅਤੇ ਸਿੱਖ ਪੰਥ ਲਈ ਕੀਤੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਇਸ ਮੌਕੇ ਸਵ.ਸਤਨਾਮ ਸਿੰਘ ਸੈਣੀ ਦੇ ਸਮੂਹ ਪਰਵਾਰ ਬਲਵੀਰ ਕੌਰ ਪਤਨੀ,ਮਨਦੀਪਕ ਸਿੰਘ ਬਿੱਲਾ,ਅੰਮ੍ਰਿਤ ਪਾਲ ਸਿੰਘ (ਸਪੁੱਤਰ)ਦਲਵਿੰਦਰ ਕੌਰ,ਸੁਪਰਨਾ ਸੈਣੀ (ਨੂੰਹਾਂ)ਮਨਜੀਤ ਕੌਰ,ਹਰਦੀਪ ਕੌਰ (ਬੇਟੀਆਂ)ਸ਼ਰਮਿੰਦਰ ਸਿੰਘ, ਮਨਜੀਤ ਸਿੰਘ (ਜਵਾਈ) ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਜਗਮੋਹਣ ਸਿੰਘ, ਹਰਮਿੰਦਰ ਸਿੰਘ, ਰਜਿੰਦਰ ਸਿੰਘ, ਸਤਪਾਲ ਸਿੰਘ, ਬਲਜੀਤ ਸਿੰਘ, ਭਾਈ ਨਛੱਤਰ ਸਿੰਘ ਸੱਜਣਾਂ, ਹਰਿੰਦਰ ਪਾਲ ਸਿੰਘ, ਮਨਜੀਤ ਸਿੰਘ, ਹਰਭਜਨ ਸਿੰਘ ਸਾਬਕਾ ਪ੍ਰਧਾਨ, ਅਵਤਾਰ ਸਿੰਘ,ਚੌਧਰੀ ਮੁੱਖੀ ਰਾਮ ਕੌਂਸਲਰ, ਕਰਮਜੀਤ ਸਿੰਘ ਜੇ ਈ,ਜੋਗਿੰਦਰ ਸਿੰਘ, ਜਗਮੀਤ ਸਿੰਘ ਸੇਠੀ ਅਤੇ ਸੈਂਕੜੇ ਸੰਗਤਾਂ ਹਾਜਰ ਸਨ।

## ਪੁਲਸ ਨੇ ਪੀ ਟੀ ਸੀ ਦੇ ਕੈਮਰਾਮੈਨ ਦੀਆਂ ਤੋੜੀਆਂ ਉਂਗਲਾਂ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**— ਗੁਰਦੁਆਰਾ ਅਕਾਲ ਬੁੰਗਾ 'ਤੇ ਕਬਜ਼ੇ ਨੂੰ ਲੈ ਕੇ ਕੀਤੀ ਜਾ ਰਹੀ ਕਾਰਵਾਈ ਦੀ ਕਵਰੇਜ ਕਰ ਰਹੇ ਪੀਟੀਸੀ ਦੇ ਪੱਤਰਕਾਰ ਚਰਨਜੀਤ ਸਿੰਘ ਸਰਾਏ ਜੱਟਾਂ ਅਤੇ ਕੈਮਰਾਮੈਨ ਬਲਵਿੰਦਰ ਸਿੰਘ 'ਤੇ ਪੁਲਸ ਵੱਲੋਂ ਕੀਤੇ ਗਏ ਅਣਮਨੁੱਖੀ ਕਾਰੇ ਦੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਅਤੇ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਨੇ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਜ਼ਥੇਬੰਦੀ ਦੇ ਚੇਅਰਮੈਨ ਬਲਵਿੰਦਰ ਜੰਮੂ, ਕਾਰਜਕਾਰੀ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸੱਕਤਰ ਜਨਰਲ ਪਾਲ ਸਿੰਘ ਨੌਲੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਰੁਣ ਸ਼ਰਮਾ, ਜਰਨਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ, ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਬੱਬੂ ਨੇ ਮੰਗ ਕੀਤੀ ਕਿ ਹੈ ਪੱਤਰਕਾਰ ਅਤੇ ਕੈਮਰਾਮੈਨ 'ਤੇ ਹਮਲਾ ਕਰਨ ਵਾਲੇ ਪੁਲਸ ਮੁਲਜ਼ਮਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਪੰਜਾਬ ਦੇ ਲੋਕ ਸੰਪਰਕ ਮੰਤਰੀ ਜੌੜਾ ਮਾਜਰਾ ਅਤੇ ਮੁੱਖ ਮੰਤਰੀ ਮਾਨ ਦੇ ਧਿਆਨ ਵਿਚ ਲਿਆਉਣਗੇ ਤੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੂੰ ਵੀ ਪੱਤਰ ਲਿਖ ਕੇ ਕਥਿਤ ਦੋਸ਼ੀ ਪੁਲਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕਰਨਗੇ।

ਪੱਤਰਕਾਰ ਚਰਨਜੀਤ ਸਿੰਘ ਨੇ ਦੱਸਿਆ ਕਿ ਪੁਲਸ ਮੁਲਾਜ਼ਮ ਨੇ ਉਨ੍ਹਾਂ ਦੇ ਕੈਮਰਾਮੈਨ ਦੇ ਉਸ ਹੱਥ 'ਤੇ ਡਾਂਗ ਮਾਰੀ ਜਿੱਸ ਹੱਥ ਵਿੱਚ ਪੀਟੀਸੀ ਚੈਨਲ ਦੀ ਆਈਡੀ ਫੜੀ ਹੋਈ ਸੀ।

ਐਕਸਰੇ ਕਰਵਾਉਣ 'ਤੇ ਪਤਾ ਲੱਗਾ ਉਸ ਦੇ ਸੱਜੇ ਹੱਥ ਦੀਆਂ ਦੋ ਉਂਗਲਾਂ ਦੀਆਂ ਹੱਡੀਆਂ ਟੁੱਟ ਗਈਆਂ ਹਨ। ਪੀੜਤ ਕੈਮਰਾ ਮੈਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਸ ਦਾ ਮੋਬਾਇਲ ਵੀ ਖੋਹ ਲਿਆ ਜਿਹੜਾ ਕਿ ਮੋੜਿਆ ਨਹੀਂ। ਉਸ ਨੇ ਦੱਸਿਆ ਕਿ ਮੋਬਾਇਲ ਵਿੱਚ ਵੀ ਉਸ ਨੇ ਪੁਲਸ ਦੀਆਂ ਵਧੀਕੀਆਂ ਦੀਆਂ ਵੀਡੀਓ ਬਣਾਈ ਸੀ ਤੇ ਫੋਟੋਆਂ ਖਿੱਚੀਆਂ ਹੋਈਆਂ ਸਨ।

# ਸੇਂਟ ਸੋਲਜਰ ਗਰੁੱਪ ਦਾ ਬਾਲ ਮੇਲਾ ਕਮ ਵਾਰਸ਼ਿਕ ਚੈਰਿਟੀ ਫੇਟ ਅੱਜ



**ਜਲੰਧਰ,(ਇਕਬਾਲ ਸਿੰਘ ਉੱਭੀ)**-ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨ ਵਲੋਂ ਚਿਲਡਰਨ-ਡੇ ਨੂੰ ਸਮਰਪਿਤ ਬਾਲ ਮੇਲਾ ਕਮ ਵਾਰਸ਼ਿਕ ਚੈਰਿਟੀ ਫੇਟ 25 ਨਵੰਬਰ ਨੂੰ ਸੇਂਟ ਸੋਲਜਰ ਕੈਂਪਸ ਆਰ.ਈ.ਸੀ ਦੇ ਕੋਲ ਕਰਵਾਈ ਜਾ ਰਹੀ ਹੈ ਜਿਸ ਵਿੱਚ 35 ਸਕੂਲਜ ਅਤੇ 22 ਕਾਲਜਾਂ ਦੇ ਵਿਦਿਆਰਥੀ ਹਿੱਸਾ ਲੈਣਗੇ। ਫੇਟ ਦਾ ਉਦਘਾਟਨ ਜਲੰਧਰ ਦੇ ਮੈਂਬਰ ਆਫ ਪਾਰਲੀਮੈਂਟ ਸੁਸ਼ੀਲ ਰਿੰਕੂ, ਐਸਐਸਪੀ ਮੁੱਖਵਿੰਦਰ ਸਿੰਘ ਭੁੱਲਰ, ਚੇਅਰਮੈਨ ਅਨਿਲ ਚੋਪੜਾ ਅਤੇ ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਵਲੋਂ ਕੀਤਾ ਜਾਵੇਗਾ। ਚਾਚਾ ਨਹਿਰੂ ਬਣੇ ਨੰਨ੍ਹੇਂ ਵਿਦਿਆਰਥੀਆਂ ਚਿਲਡਰਨ ਡੇ ਨੂੰ ਸਮਰਪਿਤ ਖਾਸ ਕੋਰਿਉਗ੍ਰਾਫੀ ਪੇਸ਼ ਕਰਨਗੇ। ਵਿਦਿਆਰਥੀਆਂ ਵਲੋਂ ਸਾਇੰਸ, ਸੋਸ਼ਲ ਸਾਇੰਸ ਦੇ ਵਰਕਿੰਗ ਅਤੇ ਨਾਨ ਵਰਕਿੰਗ ਮਾਡਲਸ ਜਿੱਥੇ ਵਿਦਿਆਰਥੀਆਂ ਦੀ ਕਾਬਲਿਅਤ ਨੂੰ ਦਰਸ਼ਾਉਣਗੇ ਉੱਥੇ ਵੱਖ-ਵੱਖ ਥੀਮ ਉੱਤੇ ਅਧਾਰਿਤ ਆਰਟ ਐਂਡ ਕਰਾਫਟ ਪ੍ਰਦਰਸ਼ਨੀ ਖਿੱਚ ਦਾ ਮੁੱਖ ਕੇਂਦਰ ਰਹੇਗੀ। ਨੰਨ੍ਹੇਂ ਬੱਚਿਆਂ ਲਈ ਹੈਲਥੀ ਬੇਬੀ ਸ਼ੋਅ ਵੀ ਕਰਵਾਇਆ ਜਾਵੇਗਾ। ਫੈਂਸੀ ਡਰੈੱਸ, ਮਾਡਲਿੰਗ, ਗਿੱਧਾ, ਡਾਂਸ ਆਦਿ ਨਾਲ ਵਿਦਿਆਰਥੀਆਂ ਵਲੋਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਕਾਲਜ ਵਿਦਿਆਰਥੀ ਗਿੱਧਾ, ਮਾਇਮ, ਕੋਰਿਉਗ੍ਰਾਫੀ, ਭੰਗੜਾ ਆਦਿ ਪੇਸ਼ ਕਰਨਗੇ। 100 ਦੇ ਕਰੀਬ ਫੂਡ ਸਟਾਲਸ, ਗੇਮਸ ਸਟਾਲਸ ਅਤੇ ਛੋਟੇ ਵੱਡੇ ਝੂਲੇ ਇਸ ਵਾਰਸ਼ਿਕ ਫੇਟ ਦੀ ਸ਼ਾਨ ਵਧਾਉਣਗੇ। ਸ਼ਾਮ ਨੂੰ ਫੇਟ ਦਾ ਲੱਕੀ ਡਰਾ ਕੱਢਿਆ ਜਾਵੇਗਾ ਜਿਸ ਵਿੱਚ ਮੇਲੇ ਦਾ ਬਾਦਸ਼ਾਹ ਬਣਨ ਵਾਲੇ ਨੂੰ ਕਾਰ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।

ਇਸ ਦੇ ਇਲਾਵਾ 150 ਵੱਡੇ ਇਨਾਮ ਜਿਵੇਂ ਐਕਟਿਵਾ, ਏ. ਸੀ, ਐਲ ਸੀ ਡੀ, ਵਾਸ਼ਿੰਗ ਮਸ਼ੀਨ, ਕੰਪਿਊਟਰ, ਾਇਕਰੋਵੇਵ ਓਵਨ, ਮੋਬਾਇਲ ਆਦਿ ਕੱਢੇ ਜਾਣਗੇ।

## ਜੋਗਿੰਦਰ ਸਿੰਘ ਮਾਨ ਨੇ ਪਿੰਡ ਸੰਗਤਪੁਰ 'ਚ ਲੱਖਾਂ ਰੁਪਏ ਦੇ ਵਿਕਾਸ ਕਾਰਜਾਂ ਦੀ ਕਰਵਾਈ ਸ਼ੁਰੂਆਤ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ**- ਨੇੜਲੇ ਪਿੰਡ ਸੰਗਤਪੁਰ ਵਿਖੇ ਲੱਖਾਂ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਆਮ ਆਦਮੀ ਪਾਰਟੀ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ ਰੀਬਨ ਕੱਟ ਕੇ ਕਰਵਾਈ ਗਈ। ਇਸ ਦੌਰਾਨ ਬੀਡੀਪੀਓ ਰਾਮਪਾਲ ਸਿੰਘ ਰਾਣਾ ਅਤੇ 'ਆਪ' ਦੇ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਵੀ ਉਨ੍ਹਾਂ ਦੇ ਨਾਲ ਸਨ। ਮਾਨ ਨੇ ਪਿੰਡ ਵਾਸੀਆਂ ਨੂੰ ਇਕ-ਇਕ ਕਰਕੇ ਸਾਰੇ ਅਧੂਰੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਰਾਮਪਾਲ ਸਿੰਘ ਰਾਣਾ ਨੇ ਦੱਸਿਆ ਕਿ ਪਿੰਡ ਵਿੱਚ ਮੁੱਖ ਸਮੱਸਿਆ ਕੱਚੀਆਂ ਗਲੀਆਂ ਅਤੇ ਸਾਲਿਡ ਵੇਸਟ ਮੈਨੇਜਮੈਂਟ ਦੀ ਹੈ। ਇਸ ਤੋਂ ਇਲਾਵਾ ਕੁਝ ਹੋਰ ਵਿਕਾਸ ਕਾਰਜ ਸਨ ਜੋ ਪਿੰਡ ਵਾਸੀਆਂ ਦੀ ਮੰਗ 'ਤੇ ਸ਼ੁਰੂ ਕਰਵਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਜੋ ਕੰਮ ਸ਼ੁਰੂ ਕਰਵਾਏ ਗਏ ਹਨ, ਉਹਨਾਂ 'ਤੇ 7 ਲੱਖ ਰੁਪਏ ਤੋਂ ਵੱਧ ਦੀ ਲਾਗਤ ਆਵੇਗੀ। ਸਰਪੰਚ ਹਰਦੀਪ ਸਿੰਘ ਸੰਗਤਪੁਰ ਨੇ ਪਿੰਡ ਵਾਸੀਆਂ ਦੀ ਤਰਫੋਂ ਜੋਗਿੰਦਰ ਸਿੰਘ ਮਾਨ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਪੱਕੀਆਂ ਸੜਕਾਂ ਬਣਨ ਨਾਲ ਪਿੰਡ ਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਕੂੜਾ ਪ੍ਰਬੰਧਨ ਦੀ ਸਮੱਸਿਆ ਜੋ ਕਾਫੀ ਪੁਰਾਣੀ ਸੀ, ਉਸ ਦਾ ਹੱਲ ਹੋਣ ਨਾਲ ਪਿੰਡ ਵਾਸੀਆਂ 'ਚ ਖੁਸ਼ੀ ਹੈ, ਜਿਸ ਦੇ ਲਈ ਉਹ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਸ ਮੌਕੇ ਮੈਂਬਰ ਪੰਚਾਇਤ ਅਵਤਾਰ ਸਿੰਘ, ਅੱਛਰਾ ਦੇਵੀ, ਕਾਂਤਾ ਦੇਵੀ, ਹਰਪ੍ਰੀਤ ਸਿੰਘ, ਨੰਬਰਦਾਰ ਗੁਰਨੇਕ ਸਿੰਘ, ਨਿਰਮਲ ਕੁਮਾਰ ਸੂਦ, ਤਰਲੋਚਨ ਸਿੰਘ, ਡਾ: ਰਣਵੀਰ ਸਿੰਘ, ਕੇਸਰ ਸਿੰਘ, ਕਰਮ ਸਿੰਘ, ਅਮਨਦੀਪ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ 14ਵਾਂ ਫੁੱਟਬਾਲ ਟੂਰਨਾਮੈਂਟ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ )** ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋ ਸਵ: ਦਿਲਪ੍ਰੀਤ ਸਿੰਘ ਢਿੱਲੋਂ ਦੀ ਨਿੱਘੀ ਯਾਦ ਨੂੰ ਸਮਰਪਿਤ ਉਲੀਪੀਅਨ ਸਰਦਾਰ ਜਰਨੈਲ ਸਿੰਘ ਸਟੇਡੀਅਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਡ ਵਿਖੇ ਕਰਵਾਏ ਗਏ। 14ਵੇਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਅਮਿੱਟ ਯਾਦਾ ਛੱਡਦਾ ਸ਼ਾਨੋ ਸ਼ੋਕਤ ਨਾਲ ਸੰਪੰਨ ਹੋ ਗਿਆ। ਇਸ ਟੂਰਨਾਮੈਂਟ ਵਿੱਚ ਸਕੂਲ ਪੱਧਰ ਅਤੇ ਪਿੰਡ ਪੱਧਰ ਦੀਆਂ ਕਰੀਬ ਦੋ ਦਰਜ਼ਨ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਫਾਈਨਲ ਮੈਚ ਸਮੁੰਦੜਾਂ ਅਤੇ ਧਮਾਈ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਧਮਾਈ ਦੀ ਟੀਮ 0-1 ਨਾਲ ਜੇਤੂ ਰਹੀ। ਟੂਰਨਾਮੈਂਟ ਮੌਕੇ ਅਥਲੈਟਿਕ ਮੀਟ,ਰੱਸਾ ਕੱਸੀ,ਗੋਲਾ ਸੁੱਟਣਾ ਤੇ ਲੰਬੀ ਛਾਲ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਭਤੀਜੇ ਕਰਨਜੀਤ ਸਿੰਘ ਸੰਧੂ-ਮਨਜੀਤ ਕੌਰ ਸੰਧੂ, ਢਾਡੀ ਤਰਸੇਮ ਸਿੰਘ ਮੋਰਾਂਵਾਲੀ, ਹਰਦੇਵ ਸਿੰਘ ਕਾਹਮਾ,ਸਤਵਿੰਦਰ ਪਾਲ ਢੱਠ,ਪਰਮਿੰਦਰ ਸਿੰਘ ਪੰਨੂ ਤੇ ਵਿਕਰਮ ਸ਼ਰਮਾ, ਸੰਜੀਵ ਕੁਮਾਰ ਪੀ ਐਨ ਬੀ ਬੈਂਕ ਨੇ ਵੀ ਸ਼ਿਰਕਤ ਕੀਤੀ । ਫਾਈਨਲ ਮੈਚਾਂ ਦੇ ਇਨਾਮਾਂ ਦੀ ਵੰਡ ਝਲਮਣ ਸਿੰਘ ਬੈਂਸ (ਯੂ ਕੇ) ਵਲੋਂ ਕੀਤੀ ਗਈ । ਇਸ ਮੌਕੇ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਰਾਏ,ਰਜਿੰਦਰ ਸ਼ਾਵਲਾ ,ਐਨ ਆਰ ਆਈ ਤੀਰਥ ਸਿੰਘ ਰੱਤੂ,ਝਲਮਣ ਸਿੰਘ ਬੈਂਸ,ਰਾਹੁਲ ਚਾਵਲਾ,ਬੂਟਾ ਸਿੰਘ ਪੁਰੇਵਾਲ,ਪਰਮਜੀਤ ਬੱਬਰ,ਕੁਲਦੀਪ ਗੜੀ,ਪਰਮਵੀਰ ਸਿੰਘ ਰਾਏ, ਡਾ. ਬਾਵਾ ਸਿੰਘ,ਕਮਲਜੀਤ ਬੈਂਸ ,ਸਤਨਾਮ ਪਾਰੋਵਾਲ, ਜੋਗ ਰਾਜ ਗੰਭੀਰ, ਰਾਜੀਵ ਕੁਮਾਰ ਭੱਪੀ, ਅਮਰਿੰਦਰ ਸਿੰਘ ਭੋਲਾ, ਡਿੰਪਲ ਬੈਂਸ, ਜਰਮਨ ਤੋ ਹੈਨਾ ਤੇ ਮੈਥਸ਼ ਫੁੱਟਬਾਲ ਕੋਚ, ਸੁਨੀਲ ਕੁਮਾਰ ਗੋਲਡੀ, ਬਘੇਲ ਸਿੰਘ ਲੱਲੀਆ, ਸੰਜੀਵ ਕਟਾਰੀਆ, ਨਰੇਸ਼ ਕਮਾਰ ਕੋਚ, ਸੰਦੀਪ ਰੁੜਕਾ ਕਲਾ, ਸਵਿੰਦਰਜੀਤ ਸਿੰਘ ਬੈਂਸ ਰਿਟਾ ਐਸ ਪੀ, ਗੁਰਪ੍ਰੀਤ ਸਿੰਘ ਬਾਠ, ਸੁਰਿੰਦਰ ਕੁਮਾਰ ਐਸ ਡੀ ਓ, ਰਮਨ ਬੰਗਾ, ਪਟਵਾਰੀ ਹਰਪ੍ਰੀ ਸਿੰਘ,ਰਾਜਪਾਲ ਹੈਪੀ, ਪਰਮਜੀਤ ਪੰਮਾ, ਪੁਰੇਵਾਲ ਬ੍ਰਦਰਜ਼,ਕਰਨ ਭੱਟੀ, ਆਰ ਕੇ ਭੱਟੀ, ਜੁਝਾਰ ਸਿੰਘ ਮੋਰਾਵਾਲੀ, ਸੁਰਜੀਤ ਸਿੰਘ ਰਾਏ ਮੋਰਾਵਾਲੀ, ਬਲਵੀਰ ਸਿੰਘ ਚੰਗਿਆੜਾ, ਹਰਭਜਨ ਸਿੰਘ ਰਾਏ ,ਜਸਵੰਤ ਸਿੰਘ ਭੱਠਲ , ਅਮਰਜੀਤ ਸਿੰਘ ਪੁਰਖੋਵਾਲ, ਡੀ ਪੀ ਮਹਿੰਦਰ ਭੋਲਾ ਅਤੇ ਹੋਰ ਸ਼ਖਸੀਅਤਾਂ ਹਾਜਰ ਸਨ। ਸਟੇਜ ਸੰਚਾਲਕ ਦੀ ਭੂਮਿਕਾ ਅਮਰੀਕ ਹਮਰਾਜ਼ ,ਮਨਜੀਤ ਲੱਲੀਆ ਤੇ ਸਲਿੰਦਰ ਰਾਣਾ ਨੇ ਨਿਭਾਈ।

## ਜ਼ਿਲ੍ਹਾ ਪਲੇਸਮੈਂਟ ਅਫਸਰ ਡਾ. ਜੋਸ਼ੀ ਵੱਲੋਂ ਵੋਕੇਸ਼ਨਲ ਸੈਂਟਰ ਦਾ ਨਿਰੀਖਣ

**ਫਗਵਾੜਾ ( ਜਸਵਿੰਦਰ ਢੱਡਾ )** ਜ਼ਿਲ੍ਹਾ ਪਲੇਸਮੈਂਟ ਅਫਸਰ ਡਾ: ਵਰੁਣ ਜੋਸ਼ੀ ਨੇ ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਥਾਨਕ ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਸੈਂਟਰ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਰੁਜ਼ਗਾਰ ਮਹਿਕਮੇ ਦੀਆਂ ਵੱਖ-ਵੱਖ ਸਕੀਮਾਂ ਬਾਰੇ ਸਿੱਖਿਆਰਥਣਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਸੈਂਟਰ ਵਿਖੇ ਸਿਖਲਾਈ ਪ੍ਰਾਪਤ ਕਰ ਰਹੀਆਂ ਮਹਿਲਾਵਾਂ ਨੂੰ ਸਰਕਾਰ ਦੀਆਂ ਸਵੈ-ਰੁਜ਼ਗਾਰ ਸਬੰਧੀ ਸਕੀਮਾਂ ਦੀ ਜਾਣਕਾਰੀ ਵੀ ਦਿੱਤੀ ਅਤੇ ਭਰੋਸਾ ਦੁਆਇਆ ਕਿ ਸਭਾ ਨੂੰ ਸਿਖਲਾਈ ਭਾਗੀਦਾਰ ਬਣਾ ਕੇ ਸਿਖਲਾਈ ਕੋਰਸ ਪੂਰਾ ਕਰਨ ਵਾਲੀਆਂ ਮਹਿਲਾਵਾਂ ਨੂੰ ਸਰਕਾਰੀ ਸਰਟੀਫਿਕੇਟ ਨਾਲ ਨਵਾਜਿਆ ਜਾਵੇਗਾ, ਜਿਸ ਦੀ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਆਪਣੀ ਰੁਚੀ ਅਨੁਸਾਰ ਕਿਸੇ ਵੀ ਕਾਰੋਬਾਰ ਦੀ ਸਿਖਲਾਈ ਲੈ ਕੇ ਸਰਕਾਰ ਦੀਆਂ ਅਸਾਨ ਕਰਜ਼ਾ ਸਕੀਮਾਂ ਦਾ ਲਾਭ ਉਠਾ ਸਕਦੇ ਹਨ। ਅਜਿਹਾ ਕਰਕੇ ਉਹ ਖੁਦ ਮੁਲਾਜ਼ਮ ਬਣਨ ਦੀ ਬਜਾਏ ਮਾਲਿਕ ਵਜੋਂ ਦੂਸਰੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਯੋਗ ਹੋਣਗੇ। ਉਨ੍ਹਾਂ ਸਮੂਹ ਮਹਿਲਾਵਾਂ ਨੂੰ ਉਤਸ਼ਾਹਿਤ ਕਰਦਿਆਂ ਕਿਹਾ ਕਿ ਵੱਡੇ ਤੋਂ ਵੱਡੇ ਵਪਾਰ ਦੀ ਨੀਂਹ ਛੋਟੇ ਕਾਰੋਬਾਰ ਹੀ ਹੁੰਦੇ ਹਨ। ਇਸ ਤੋਂ ਇਲਾਵਾ ਉਹਨਾਂ ਨੇਂ ਵਿਦੇਸ਼ ਜਾਣ ਦੀਆਂ ਚਾਹਵਾਨ ਸਿੱਖਿਆਰਥਣਾਂ ਨੂੰ ਗਲਤ ਏਜੰਟਾਂ ਤੋਂ ਸੁਚੇਤ ਕੀਤਾ ਅਤੇ ਕਿਹਾ ਕਿ ਜੇਕਰ ਵਿਦੇਸ਼ ਜਾਣਾ ਵੀ ਹੈ ਤਾਂ ਸਰਕਾਰ ਤੋਂ ਮਾਨਤਾ ਪ੍ਰਾਪਤ ਏਜੰਟਾਂ ਰਾਹੀਂ ਸਾਰੀ ਪੁੱਛ ਪੜਤਾਲ ਕਰਕੇ ਹੀ ਪੈਸੇ ਅਤੇ ਪਾਸਪੋਰਟ ਦੇਣੇ ਚਾਹੀਦੇ ਹਨ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਡਾ: ਵਰੁਣ ਜੋਸ਼ੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੇਂ ਸਮੇਂ ਤੇ ਆ ਕੇ ਬੱਚਿਆਂ ਨੂੰ ਜਾਗਰੂਕ ਕਰਦੇ ਰਹਿਣ। ਸਭਾ ਵਲੋਂ ਉਹਨਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਮਨਦੀਪ ਬਾਸੀ, ਸਾਹਿਬਜੀਤ ਸਾਬੀ, ਰਾਜ ਕੁਮਾਰ ਰਾਜਾ, ਜਸ਼ਨ ਮਹਿਰਾ, ਮੈਡਮ ਪੂਜਾ ਸੈਣੀ, ਮੈਡਮ ਤਨੂ, ਮੈਡਮ ਸਪਨਾ ਸ਼ਾਰਦਾ, ਮੈਡਮ ਰਮਨਦੀਪ ਕੌਰ, ਸਲੋਨੀ, ਗੀਤਿਕਾ, ਮਨਪ੍ਰੀਤ, ਰਾਜਵੀਰ ਕੌਰ, ਹਰਪ੍ਰੀਤ ਕੌਰ, ਪ੍ਰਿਆ, ਬਲਵਿੰਦਰ, ਹਰਸ਼ਦੀਪ ਕੌਰ, ਈਸ਼ਾ, ਪਾਇਲ, ਤਾਨੀਆ, ਅਮਨਦੀਪ ਕੌਰ, ਅਸ਼ਲੀਨ, ਮੁਸਕਾਨ, ਗੁਰਪ੍ਰੀਤ, ਮਨੀਸ਼ਾ, ਗਗਨਦੀਪ ਕੌਰ, ਸਿਮਰਨ, ਰਮਨਜੋਤ, ਨੀਤੂ, ਆਰਤੀ, ਪ੍ਰਭਜੋਤ ਕੌਰ, ਸੋਨੀਆ, ਭੁਪਿੰਦਰ, ਰੂਬਲ, ਸਿਮਰਨਜੀਤ ਕੌਰ, ਅੰਜੂ, ਅਨੂ ਕਲਸੀ, ਕੋਮਲ, ਸੁਮਨ, ਹਰਜੋਤ ਕੌਰ, ਪੂਜਾ ਆਦਿ ਹਾ।

# ਸਰਕਾਰੀ ਬਹੁਤਕਨੀਕੀ ਕਾਲਜ ਬੱਡੀਜ਼ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦੀ ਦਾ ਹੋਕਾ

**ਐੱਸ ਏ ਐੱਸ ਨਗਰ, ( ਗੁਰਜੀਤ ਬਿੱਲਾ)**— ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਵਿਖੇ ਪ੍ਰਿੰਸੀਪਲ ਰਾਜੀਵ ਪੁਰੀ ਦੀ ਅਗਵਾਈ ਹੇਠ ਨਸ਼ੇ ਦੀ ਆਦਤ ਅਤੇ ਇਸ ਦੇ ਬੁਰੇ ਪ੍ਰਭਾਵਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਬ੍ਰਹਮ ਕੁਮਾਰੀ ਆਸ਼ਰਮ ਮੋਹਾਲੀ ਦੇ ਸਹਿਯੋਗ ਨਾਲ ਇਕ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ, ਹਰਪ੍ਰੀਤ ਸਿੰਘ ਸੂਦਨ ਦੇ ਨਿਰਦੇਸ਼ਾਂ ਤਹਿਤ ਬੱਡੀ ਪ੍ਰੋਗਰਾਮ ਤਹਿਤ ਕਾਲਜ ਦੇ ਰੈਡਰਿਬਨ ਕਲੱਬ ਵੱਲੋਂ ਕਰਵਾਇਆ ਗਿਆ।

ਮਨੋਵਿਗਿਆਨ ਦੇ ਮਾਹਿਰ ਇੰਜ. ਸੁਮਨ ਦੀਦੀ ਡਿਵਾਈਨ ਵਰਲਡ (ਬ੍ਰਹਮ ਕੁਮਾਰੀ ਮਿਸ਼ਨ) ਨੇ ਇਸ ਸਮੇਂ ਧਿਆਨ ਦੇ ਜਰੀਏ ਇਕਾਗਰਚਿੱਤ ਹੋ ਕੇ ਨਸ਼ਿਆਂ ਦੇ ਪ੍ਰਭਾਵ ਤੋਂ ਬਚਣ ਲਈ ਪ੍ਰੈਕਟੀਕਲ ਟ੍ਰੇਨਿੰਗ ਦਿੱਤੀ। ਬੱਡੀ ਪ੍ਰੋਗਰਾਮ ਤਕਨੀਕੀ ਸਿੱਖਿਆ ਦੇ ਸਹਿ ਕੋਆਰਡੀਨੇਟਰ ਅਤੇ ਅਫ਼ਸਰ ਇੰਚਾਰਜ ਸਿਵਲ ਇੰਜੀਨੀਅਰਿੰਗ, ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਪਣੀ ਉਰਜਾ ਨੂੰ ਖੇਡਾਂ, ਸਾਹਿਤ ਅਤੇ ਖੋਜ ਕਾਰਜਾਂ ਵਿੱਚ ਲਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਨਵੇਂ ਰੰਗਲੇ ਪੰਜਾਬ ਦੀ ਸਥਾਪਨਾ ਵਿੱਚ ਯੋਗਦਾਨ ਪਾਇਆ ਜਾ ਸਕੇ।

ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵ ਤੋਂ ਬਚਾਉਣ ਲਈ ਮਾਊਂਟ ਆਬੂ ਤੋਂ ਚੱਲੀ 'ਨਸ਼ਾ ਮੁਕਤ ਭਾਰਤ ਅਭਿਆਨ' ਵਿਸ਼ੇਸ਼ ਬੱਸ ਰਾਹੀਂ ਵੀਡੀਓ ਚਲਾ ਕੇ ਜਾਗਰੂਕ ਕੀਤਾ ਗਿਆ ਜਿਸ ਰਾਹੀਂ ਵਿਦਿਆਰਥੀਆਂ ਨੂੰ ਵੱਖ-ਵੱਖ ਨਸ਼ੀਲੀਆਂ ਵਸਤੂਆਂ ਅਤੇ ਉਹਨਾ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ।

ਕਾਲਜ ਦੇ ਪ੍ਰਿੰਸੀਪਲ ਰਾਜੀਵ ਪੁਰੀ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਦੱਸਿਆ ਕਿ ਉਹ ਇਸ ਨਸ਼ਾ ਵਿਰੋਧੀ ਮੁਹਿੰਮ ਵਿੱਚ ਆਪਣਾ ਹਿੱਸਾ ਪਾਉਣ ਅਤੇ ਆਪਣੇ ਪਰਵਾਰ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਪ੍ਰਤੀ ਜਾਗਰੂਕ ਕਰਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਐੱਸ ਏ ਐੱਸ ਨਗਰ ਦੀਆਂ ਤਕਨੀਕੀ ਸੰਸਥਾਵਾਂ ਵਿੱਚ ਕੁਲ 1113 ਬੱਡੀਜ਼ ਗਰੁੱਪਾਂ ਦਾ ਗਠਨ ਕਰਕੇ ਕੁੱਲ 8530 ਬੱਡੀਜ਼ ਤਿਆਰ ਕੀਤੇ ਜਾ ਚੱਕੇ ਹਨ। ਉਨ੍ਹਾਂ ਦੱਸਿਆ ਕਿ ਰੰਗਲੇ ਪੰਜਾਬ ਦੀ ਸਥਾਪਨਾ ਲਈ ਜ਼ਰੂਰੀ ਹੈ ਕਿ ਨੌਜਵਾਨ ਨਸ਼ਾ ਰਹਿਤ ਪੰਜਾਬ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣ। ਇਸ ਪ੍ਰੋਗਰਾਮ ਵਿੱਚ ਡਿਵਾਇਨ ਵਰਲਡ ਤੋਂ ਭਾਈ ਕੋਮਲ, ਰੋਸ਼ਨ ਲਾਲ, ਸੁਮਨ ਦੀਦੀ ਖਰੜ, ਦਿਨੇਸ਼ ਭਾਈ ਅਤੇ ਗਾਇਤਰੀ ਦੀਦੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਅੰਤ ਵਿਚ ਡਾਕਟਰ ਰਵਿੰਦਰ ਕੁਮਾਰ, ਸਹਾਇਕ ਨੋਡਲ ਅਫਸਰ ਬੱਡੀ ਪ੍ਰੋਗਰਾਮ ਨੇ ਬ੍ਰਹਮ ਕੁਮਾਰੀ ਮਿਸ਼ਨ, ਸਾਰੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਧੀਆਂ ਨੂੰ ਹਰੇਕ ਖੇਤਰ 'ਚ ਅੱਗੇ ਲਿਆਉਣ ਲਈ ਕੋਈ ਕਸਰ ਨਹੀਂ ਛੱਡੇਗੀ ਸਰਕਾਰ-ਡਾ. ਬਲਜੀਤ ਕੌਰ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**–'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਤਹਿਤ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸਥਾਨਕ ਲਾਜਵੰਤੀ ਸਟੇਡੀਅਮ ਵਿਖੇ ਵਿਸ਼ਾਲ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ. ਬਲਜੀਤ ਕੌਰ ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਮਾਲ ਅਤੇ ਮੁੜ ਵਸੇਬਾ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਕਰਮਬੀਰ ਸਿੰਘ ਘੁੰਮਣ, ਡਾ. ਰਵਜੋਤ ਸਿੰਘ ਅਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਡਾ. ਸ਼ੇਨਾ ਅਗਰਵਾਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਧੀਆਂ ਨੂੰ ਹਰੇਕ ਖੇਤਰ ਵਿਚ ਅੱਗੇ ਲਿਆਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਔਰਤਾਂ ਘਰਾਂ ਅਤੇ ਸਮਾਜ ਦੀ ਨੀਂਹ ਬਣਾਉਂਦੀਆਂ ਹਨ ਅਤੇ ਆਪਣੇ ਦਾਇਰੇ 'ਚੋਂ ਬਾਹਰ ਜਾ ਕੇ ਵੀ ਕੰਮ ਕਰਨ ਦੀ ਸਮਰੱਥਾ ਰੱਖਦੀਆਂ ਹਨ। ਉਨ੍ਹਾਂ ਦੀ ਇਸੇ ਸਮੱਰਥਾ ਨੂੰ ਅੱਗੇ ਲਿਆਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਅਤੇ ਇਸ ਸਬੰਧੀ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਕੰਮ ਵਿਚ ਸਰਕਾਰ ਨੂੰ ਸਮਾਜ ਦੇ ਸਹਿਯੋਗ ਦੀ ਲੋੜ ਹੈ ਅਤੇ ਜਿਸ ਦਿਨ ਸਾਡੇ ਬੇਟੇ ਇਕੱਠੇ ਹੋ ਕੇ ਦਾਜ ਅਤੇ ਔਰਤਾਂ ਵਿਰੁੱਧ ਅੱਤਿਆਚਾਰਾਂ ਖਿਲਾਫ਼ ਰੈਲੀਆਂ ਕਰਨਗੇ, ਉਸ ਦਿਨ ਅਸਲ ਵਿਚ ਔਰਤਾਂ ਦਾ ਸਸ਼ਕਤੀਕਰਨ ਹੋਵੇਗਾ। ਇਸ ਮੌਕੇ ਉਨ੍ਹਾਂ ਸਰਕਾਰ ਵੱਲੋਂ ਧੀਆਂ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

ਵਿਸ਼ੇਸ਼ ਮਹਿਮਾਨ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਇਸ ਮੌਕੇ ਕਿਹਾ ਕਿ ਅੱਜ ਸਾਡੀਆਂ ਬੇਟੀਆਂ ਹਰੇਕ ਖੇਤਰ ਵਿਚ ਮੱਲ੍ਹਾਂ ਮਾਰ ਰਹੀਆਂ ਹਨ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਹੱਲਾਸ਼ੇਰੀ ਦੇਣੀ ਸਾਡਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਸਾਡੇ ਧਾਰਮਿਕ ਗ੍ਰੰਥ ਵੀ ਸਾਨੂੰ ਨਾਰੀ ਦੀ ਕਦਰ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਬੇਟੀਆਂ ਮਾਪਿਆਂ ਦੀ ਜ਼ਿਆਦਾ ਸੁੱਖ ਮੰਗਦੀਆਂ ਹਨ ਅਤੇ ਪੁੱਤਰਾਂ ਤੋਂ ਵੱਧ ਪਿਆਰ ਦਿੰਦੀਆਂ ਹਨ। ਉਨ੍ਹਾਂ ਮਾਪਿਆਂ ਨੂੰ ਸੱਦਾ ਦਿੱਤਾ ਕਿ ਆਪਣੀਆਂ ਬੇਟੀਆਂ ਨੂੰ ਬੇਟਿਆਂ ਵਾਂਗ ਹੀ ਪਿਆਰ ਤੇ ਸਤਿਕਾਰ ਨਾਲ ਪਾਲਣ ਪੋਸ਼ਣ ਅਤੇ ਉੱਚ ਸਿੱਖਿਆ ਦਿਵਾ ਕੇ ਅੱਗੇ ਵਧਣ ਦੇ ਮੌਕੇ ਪ੍ਰਦਾਨ ਕੀਤੇ ਜਾਣ।

ਇਸ ਮੌਕੇ 51 ਨਵਜੰਮੀਆਂ ਬੱਚੀਆਂ, 21 ਗਰਭਵਤੀ ਔਰਤਾਂ, 30 ਸਿਹਤਮੰਦ ਬੱਚਿਆਂ ਅਤੇ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਕਰਨ ਵਾਲੀਆਂ 24 ਲੜਕੀਆਂ ਨੂੰ ਵੀ ਮੁੱਖ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ 38 ਮੈਰੀਟੋਰੀਅਸ ਲੜਕੀਆਂ ਨੂੰ ਸਕੂਲ ਬੈਗ ਅਤੇ ਗ੍ਰਾਫਿਕਸ ਦੀ ਸਿਖਲਾਈ ਪ੍ਰਾਪਤ ਕਰਨ ਵਾਲੀਆਂ 30 ਲੜਕੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਵਿਭਾਗ ਦੀਆਂ ਸਕੀਮਾਂ ਨੂੰ ਸੁਚੱਜੇ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਵਾਲੀਆਂ 10 ਆਂਗਣਵਾੜੀ ਵਰਕਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ 30 ਲੜਕੀਆਂ ਨੂੰ ਮੁਫ਼ਤ ਲਰਨਿੰਗ ਡਰਾਈਵਿੰਗ ਲਾਇਸੰਸ ਅਤੇ ਹੈਲਮਟ ਵੀ ਪ੍ਰਦਾਨ ਕੀਤੇ ਗਏ। ਇਸ ਦੌਰਾਨ ਮਿਸ਼ਨ ਵਤਸੱਲਿਆ ਸਕੀਮ ਤਹਿਤ ਕਰਵਾਏ ਮੁਕਾਬਲੇ ਦੇ ਜੇਤੂ ਬੱਚਿਆਂ ਨੂੰ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵੱਲੋਂ ਵੱਖ-ਵੱਖ ਵਿਭਾਗਾਂ ਅਤੇ ਸੈਲਫ ਹੈਲਪ ਗਰੁੱਪਾਂ ਵੱਲੋਂ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਦਾ ਮੁਆਇਨਾ ਵੀ ਕੀਤਾ ਗਿਆ, ਜਿਨ੍ਹਾਂ ਵਿਚ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵੱਲੋਂ ਸੰਤੁਲਿਤ ਖੁਰਾਕ, ਸਖੀ ਵਨ ਸਟਾਪ ਸੈਂਟਰ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਸਿਹਤ ਵਿਭਾਗ ਵੱਲੋਂ ਅਨੀਮੀਆ ਦੀ ਟੈਸਟਿੰਗ, ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਵੱਲੋਂ ਮੋਟੇ ਅਨਾਜ ਦੀ ਮਹੱਤਤਾ, ਸੈਲਫ ਹੈਲਪ ਗਰੁੱਪਾਂ ਵੱਲੋਂ ਅਚਾਰ, ਮੁਰੱਬੇ, ਚਟਨੀਆਂ, ਜੂਸ, ਫੁਲਕਾਰੀ ਸੂਟਾਂ, ਬੁਟੀਕ, ਵੁੱਡਨ ਹੈਂਡੀਕਰਾਫਟਸ, ਰੈੱਡ ਕਰਾਸ ਵੱਲੋਂ ਮੁਫ਼ਤ ਸੈਨੇਟਰੀ ਪੈਡਜ਼, ਵਣ ਵਿਭਾਗ ਵੱਲੋਂ ਮੈਡੀਸਨਲ ਪੌਦੇ ਅਤੇ ਪੁਲਿਸ ਵਿਭਾਗ ਵੱਲੋਂ ਮਹਿਲਾ ਮਿੱਤਰ, ਘਰੇਲੂ ਹਿੰਸਾ, ਵੂਮੈਨ ਹੈਲਪਲਾਈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਆਦਿ ਦੀਆਂ ਪ੍ਰਦਰਸ਼ਨੀਆਂ ਅਤੇ ਸਟਾਲ ਸ਼ਾਮਿਲ ਸਨ।

# ਸਮਾਜ ਸੇਵਕਾ ਬੀਬੀ ਸ਼ਾਮ ਕੌਰ ਨਮਿਤ ਸ਼ਰਧਾਂਜਲੀ ਸਮਾਗਮ



**ਬਹਿਰਾਮ (ਅਵਤਾਰ ਕਲੇਰ)** ਉਘੇ ਸਮਾਜ ਸੇਵਕ ਹਰਭਜਨ ਸਿੰਘ ਅਤੇ ਕੇਵਲ ਸਿੰਘ ਦੇ ਮਾਤਾ ਬੀਬੀ ਸ਼ਾਮ ਕੌਰ ਪਤਨੀ ਸਵ: ਪੂਰਨ ਚੰਦ ਜੋ ਬੀਤੇ ਦਿਨੀ ਅਚਾਨਕ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸਹਿਜ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਬਹਿਰਾਮ ਵਿਖੇ ਪਾਇਆ ਗਿਆ। ਉਪਰੰਤ ਭਾਈ ਮਨਜੀਤ ਸਿੰਘ ਤੇ ਭਾਈ ਰਣਜੀਤ ਸਿੰਘ ਨਿਊਜੀਲੈਂਡ ਵਾਲਿਆਂ ਦੇ ਕੀਰਤਨੀ ਜਥੇ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਸ਼ਰਧਾਜਲੀ ਸਮਾਗਮ ਵਿੱਚ ਪਹੁੰਚੇ ਹਲਕਾ ਵਿਧਾਇਕ ਡਾ.ਸੁਖਵਿੰਦਰ ਕੁਮਾਰ ਸੁੱਖੀ ਨੇ ਮਾਤਾ ਸ਼ਾਮ ਕੌਰ ਨੂੰ ਸ਼ਰਧਾਜਲੀ ਭੇਂਟ ਕਰਦਿਆਂ ਕਿਹਾ ਕਿ ਮਾਂ ਦਾ ਵਿਛੋੜਾ ਬੱਚਿਆ ਲਈ ਅਸਹਿ ਹੁੰਦਾ ਹੈ ਅਤੇ ਮੌਤ ਇਕ ਅਟੱਲ ਸੱਚਾਈ ਹੈ ਸਾਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਣਾ ਹੀ ਪੈਂਦਾ ਹੈ। ਕੁਲਜੀਤ ਸਰਹਾਲ ਹਲਕਾ ਇੰਚਾਰਜ ਨੇ ਕਿਹਾ ਕਿ ਮਾਤਾ ਜੀ ਨੂੰ ਸੱਚੀ ਸ਼ਰਧਾਜਲੀ ਏਹੀ ਹੋਵੇਗੀ ਕਿ ਅਸੀਂ ਆਪਣੇ ਬੱਚਿਆਂ ਨੂੰ ਉਚੇਰੀ ਵਿੱਦਿਆ ਲਈ ਪ੍ਰੇਰਿਤ ਕਰੀਏ। ਮੈਂਬਰ ਜ਼ਿਲ੍ਹਾ ਪ੍ਰੀਸ਼ਦ ਕਮਲਜੀਤ ਬੰਗਾ ਨੇ ਕਿਹਾ ਕਿ ਮਾਤਾ ਜੀ ਨੇ ਐਨੀ ਉਮਰ ਭੋਗਣਾ ਉਨ੍ਹਾਂ ਦੀ ਸਖਤ ਮਿਹਨਤ ਦਾ ਨਤੀਜਾ ਹੈ ਜਿਨ੍ਹਾਂ ਆਪਣੇ ਬੱਚਿਆ ਨੂੰ ਵਿਦੇਸ਼ਾਂ ਵਿੱਚ ਕਾਮਯਾਬ ਕੀਤਾ। ਹਰਭਜਨ ਸਿੰਘ ਤੇ ਕੇਵਲ ਸਿੰਘ ਨੇ ਆਈਆਂ ਹੋਈਆ ਪ੍ਰਮੁੱਖ ਸ਼ਖਸ਼ੀਅਤਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ,ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ,ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ,ਬੀਬੀ ਸੁਰਜੀਤ ਕੌਰ ਕਲਸੀ ਇਨਕਮ ਟੈਕਸ ਅਫਸਰ,ਬੀਬੀ ਨਿਰਮਲ ਜੀਤ ਕੌਰ,ਬੀਬੀ ਸੁਖਜੀਤ ਕੌਰ,ਸੁਰਜੀਤ ਕੌਰ ,ਚੇਅਰਮੈਨ ਬਲਵੀਰ ਕਰਨਾਨਾ,ਰਘਵੀਰ ਸਿੰਘ ਬਿੱਲਾ,ਰਾਜ ਕੁਮਾਰ ਮਾਹਲ,ਅਮਰਜੀਤ ਕਲਸੀ,ਮਨੋਹਰ ਲਾਲ, ਗੁਰਮੁੱਖ ਸਿੰਘ ,ਹਰਜੀਤਪਾਲ ਸਿੰਘ ਕਾਹਲੋਂ,ਨੰਬਰਦਾਰ ਹਰਪਾਲ ਸਿੰਘ,ਅਮਰਜੀਤ ਸਿੰਘ ਲੇਹਲ,ਚਰਨਜੀਤ ਸਿੰਘ ਰੰਧਾਵਾ,ਨੰਬਰਦਾਰ ਜਸਵਿੰਦਰ ਸਿੰਘ,ਡਾ.ਭੁਪਿੰਦਰ ਕੁਮਾਰ,ਸੁਖਦੇਵ ਰਾਜ ਸੰਮਤੀ ਮੈਂਬਰ, ਨਿਰਮਲ ਸਿੰਘ ਨਿੰਮਾ,ਨਸੀਬ ਚੰਦ ਰਾਣਾ ,ਅਜੀਤ ਸਿੰਘ ਰਿਟਾ: ਡੀ.ਐਸ.ਪੀ, ਇਕਵਾਲ ਸਿੰਘ,ਗਿਆਨ ਚੰਦ ਜਲੰਧਰ,ਨਛੱਤਰ ਸਿੰਘ ਬਹਿਰਾਮ,ਮਿਸਤਰੀ ਗੁਰਮੀਤ ਸਿੰਘ, ਦਵਿੰਦਰ ਬਤਰਾ, ਗੁਰਦਿਆਲ ਬੋਧ, ਰਿਟਾ: ਇੰਸ: ਪੁਲਸ ਮਹਿੰਦਰਪਾਲ, ਰਿਟਾ:ਏ.ਐਸ.ਆਈ ਮੋਹਣ ਲਾਲ, ਕਸ਼ਮੀਰੀ ਲਾਲ,ਚਰਨਜੀਤ ਸਿੰਘ ਭੁੱਟਾ,ਧਰਮਪਾਲ ਸਾਬਕਾ ਪੰਚ,ਬੀਬੀ ਸਰਬਜੀਤ ਕੌਰ ਸਾਬਕਾ ਪੰਚ,ਬੀਬੀ ਬਲਵਿੰਦਰ ਕੌਰ,ਰੋਹਿਤ ਜੱਖੂ,ਹਰਨੂਰ ਜੱਖੂ,ਨਰੰਜਣ ਸਿੰਘ ਆਦਿ ਹਾਜਰ ਸਨ।

# ਬੀ ਆਰ ਓ ਸੁਰੰਗ 'ਚ ਫਸੇ ਮਜ਼ਦੂਰਾਂ ਨੂੰ ਬਚਾਉਣ ਦੀ ਗੁਹਾਰ



**ਸ੍ਰੀ ਚਮਕੌਰ ਸਾਹਿਬ ( ਗੁਰਵਿੰਦਰਪਾਲ ਸਿੰਘ ਬੌਬੀ)**- ਸ੍ਰੀ ਵਿਸ਼ਵਕਰਮਾ ਬਿਲਡਿੰਗ ਉਸਾਰੀ ਕਿਰਤੀ ਕਾਮਾ ਯੂਨੀਅਨ ਦੇ ਮੈਂਬਰਾਂ ਦੀ ਮੀਟਿੰਗ ਪ੍ਰਧਾਨ ਬਲਵਿੰਦਰ ਸਿੰਘ , ਚੇਅਰਮੈਨ ਦਲਵੀਰ ਸਿੰਘ ਜਟਾਣਾ ਅਤੇ ਮਿਸਤਰੀ ਜਰਨੈਲ ਸਿੰਘ ਜੈਲਾ ਦੀ ਅਗਵਾਈ ਹੇਠ ਹੋਈ । ਮਿਸਤਰੀ ਅਜੈਬ ਸਿੰਘ ਨੇ ਕਿਹਾ ਕਿ ਮਜਦੂਰਾਂ ਵਲੋਂ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਕਿਰਤ ਕਾਨੂੰਨਾਂ ਨੂੰ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਸੋਧ ਕੇ ਮਜਦੂਰਾਂ ਦੀ ਹੋਰ ਲੁੱਟ ਕਰਵਾ ਰਹੀਆਂ ਹਨ, ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਹੀ ਇਕੋ-ਇਕ ਹੱਲ ਹੈ। ਸਮੁੱਚੇ ਮਜਦੂਰਾਂ ਮਿਸਤਰੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਕਿਰਤ ਮੰਤਰੀ ਤੋਂ ਮੰਗ ਕੀਤੀ ਕਿ ਉੱਤਰਕਾਸ਼ੀ ਵਿੱਖੇ ਸਿਲਕਿਆਰਾ ਸੁਰੰਗ ਵਿੱਚ ਪਿਛਲੇ ਕਈ ਦਿਨਾਂ ਤੋਂ 41 ਮਜਦੂਰ ਫਸੇ ਪਏ ਹਨ । ਇਨ੍ਹਾਂ ਮਜਦੂਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਜਾਵੇ ਅਤੇ ਬਚਾਅ ਕਾਰਜਾਂ ਵਿੱਚ ਤੇਜੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਇੱਕ ਪਾਸੇ ਹਾਕਮ ਦੇਸ਼ ਨੂੰ ਮਹਾਸ਼ਕਤੀ ਬਣਾਉਣ ਦੇ ਵੱਡੇ ਵੱਡੇ ਦਾਅਵੇ ਕਰ ਰਹੇ ਹਨ ਪਰ ਦੂਜੇ ਪਾਸੇ ਦੇਸੀ ਵਿਦੇਸ਼ੀ ਕੰਪਨੀਆਂ ਵੱਲੋ ਆਪਣੇ ਮੁਨਾਫਿਆਂ ਖਾਤਰ ਮਜਦੂਰਾਂ ਦੀ ਕੀਤੀ ਜਾ ਰਹੀ ਲੁੱਟ ਕੰਪਨੀਆਂ ਵੱਲੋਂ ਮਜਦੂਰਾਂ ਨੂੰ ਬਿਨਾਂ ਸੁਰੱਖਿਅਤ ਉਪਕਰਨਾਂ ਤੋਂ ਖਤਰੇ ਦੇ ਕੰਮ ਵਿੱਚ ਧੱਕ ਰਹੀਆਂ ਹਨ । ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਸਮੁੱਚੇ ਭਾਰਤ ਦੇ ਉਸਾਰੀ ਨਾਲ ਸੰਬੰਧਿਤ ਮਜਦੂਰਾਂ ਦੀ ਨਰਕੀ ਜ਼ਿੰਦਗੀ ਦਾ ਹਾਲ ਤੇ ਕਿਰਤ ਕਾਨੂੰਨਾਂ ਦੇ ਖੋਖਲੇਪਨ ਦੇ ਦ੍ਰਿਸ਼ ਬਿਆਨ ਕੀਤੇ ਹਨ । ਯੂਨੀਅਨ ਵੱਲੋਂ ਉੱਤਰਕਾਸ਼ੀ ਦੇ ਮਜਦੂਰਾਂ ਤੇ ਉਨ੍ਹਾਂ ਦੇ ਪਰਵਾਰਾਂ ਦੇ ਨਾਲ ਇੱਕਜੁੱਟਤਾ ਪ੍ਰਗਟ ਕੀਤੀ । ਯੂਨੀਅਨ ਵੱਲੋਂ ਸਥਾਨਕ ਨਗਰ ਕੌਂਸਲ ਅਤੇ ਹਲਕਾ ਵਿਧਾਇਕ ਤੋਂ ਮੰਗ ਕੀਤੀ ਕਿ ਮਜਦੂਰਾਂ ਦੇ ਅਧੂਰੇ ਪਏ ਲੇਬਰ ਚੌਂਕ ਨੂੰ ਮੁਕੰਮਲ ਕਰਾਇਆ ਜਾਵੇ । ਇਸ ਮੌਕੇ ਸਲਾਹਕਾਰ ਮਲਾਗਰ ਸਿੰਘ, ਗੁਰਮੇਲ ਸਿੰਘ, ਦਵਿੰਦਰ ਸਿੰਘ, ਸੁਰਿੰਦਰ ਸਿੰਘ, ਬਹਾਦਰ ਸਿੰਘ , ਜੀਵਨ ਸਿੰਘ, ਕਮਲਜੀਤ ਸਿੰਘ, ਦਲਜੀਤ ਸਿੰਘ ਅਤੇ ਗੁਲਾਮ ਚੰਦ ਚੌਹਾਨ ਆਦਿ ਹਾਜਰ ਸਨ।।

# ਸਬਜ਼ੀਆਂ ਦੀ ਕਾਸ਼ਤ ਤੇ ਨਰਸਰੀ ਉਤਪਾਦਨ ਸਿਖਲਾਈ ਕੋਰਸ ਕਰਵਾਇਆ




**ਮਾਹਿਲਪੁਰ, (ਸਫਰੀ)** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ-ਅਟਾਰੀ, ਜ਼ੋਨ-1, ਲੁਧਿਆਣਾ ਦੀ ਦੇਖ-ਰੇਖ ਅਧੀਨ ਕੰਮ ਕਰ ਰਹੇ ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ (ਹੁਸ਼ਿਆਰਪੁਰ) ਵੱਲੋਂ ਮਿਤੀ 14 ਤੋਂ 22 ਨਵੰਬਰ, 2023 ਤੱਕ "ਸਬਜ਼ੀਆਂ ਦੀ ਸੁਰੱਖਿਅਤ ਕਾਸ਼ਤ ਅਤੇ ਨਰਸਰੀ ਉਤਪਾਦਨ" ਬਾਰੇ ਕਿੱਤਾਮੁਖੀ ਸਿਖਲਾਈ ਕੋਰਸ ਦਾ ਕੀਤਾ ਗਿਆ। ਸਿਖਲਾਈ ਦੇ ਪਹਿਲੇ ਦਿਨ, ਡਾ: ਮਨਿੰਦਰ ਸਿੰਘ ਬੌਂਸ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਨੇ ਸਿਖਿਆਰਥੀਆਂ ਦਾ ਨਿੱਘਾ ਸੁਆਗਤ ਕੀਤਾ ਅਤੇ ਕੇ. ਵੀ. ਕੇ ਦੀਆਂ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਨੂੰ ਉਹਨਾਂ ਨਾਲ ਸਾਂਝਾ ਕੀਤਾ। ਉਨ੍ਹਾਂ ਨੇ ਮਿਆਰੀ ਸਬਜ਼ੀਆਂ ਦੇ ਉਤਪਾਦਨ ਲਈ ਸਿਹਤਮੰਦ ਸਬਜ਼ੀਆਂ ਦੀ ਨਰਸਰੀ ਅਤੇ ਸੁਰੱਖਿਅਤ ਕਾਸ਼ਤ ਦੀ ਮਹੱਤਤਾ ਚਾਨਣਾ ਪਾਇਆ ਅਤੇ ਸਿਖਿਆਰਥੀਆਂ ਨੂੰ ਸਵੈ-ਰੁਜ਼ਗਾਰ ਲਈ ਇਸ ਲਾਹੇਵੰਦ ਖੇਤੀ ਧੰਦੇ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ।

ਡਾ: ਸੁਖਵਿੰਦਰ ਸਿੰਘ ਔਲਖ, ਸਹਾਇਕ ਪ੍ਰੋਫੈਸਰ (ਸਬਜ਼ੀ ਵਿਗਿਆਨ), ਕੇ.ਵੀ.ਕੇ, ਹੁਸ਼ਿਆਰਪੁਰ, ਇਸ ਸਿਖਲਾਈ ਦੇ ਕੋਰਸ ਕੋਆਰਡੀਨੇਟਰ ਸਨ ਅਤੇ ਉਨ੍ਹਾਂ ਨੇ ਪੌਲੀਹਾਊਸ, ਸੁਰੰਗਾਂ ਵਿੱਚ ਕਾਸ਼ਤ, ਰਵਾਇਤੀ ਅਤੇ ਹਾਈਟੈੱਕ ਨਰਸਰੀ, ਸ਼ਿਮਲਾ ਮਿਰਚ, ਟਮਾਟਰ, ਬੀਜ ਰਹਿਤ ਖੀਰਾ, ਬੈਂਗਣ ਆਦਿ ਦੀ ਸੁਰੱਖਿਅਤ ਕਾਸ਼ਤ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੈਕਟੀਕਲ ਦੌਰਾਨ, ਸਿਖਿਆਰਥੀਆਂ ਨੇ ਕੇਵੀਕੇ ਪੌਲੀਹਾਊਸ ਵਿੱਚ ਪ੍ਰੋ-ਟਰੇ ਵਿੱਚ ਟਮਾਟਰ ਦੇ ਬੂਟੇ ਵੀ ਉਗਾਏ। ਅਗਾਂਹਵਧੂ ਕਿਸਾਨ ਤੇ ਨਰਸਰੀ ਉਤਪਾਦਕ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੀ ਵਿਗਿਆਨਕ ਸਲਾਹਕਾਰ ਕਮੇਟੀ ਦੇ ਮੈਂਬਰ ਗੁਰਵਿੰਦਰ ਸਿੰਘ, ਪਿੰਡ ਢੱਕੋਂ ਨੇ ਵੀ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਵਪਾਰਕ ਪਿਆਜ਼ ਦੀ ਨਰਸਰੀ ਉਤਪਾਦਨ ਅਤੇ ਸਬਜ਼ੀਆਂ ਦੀ ਕਾਸ਼ਤ ਬਾਰੇ ਵਿਹਾਰਕ ਸੁਝਾਅ ਦਿੱਤੇ। ਸਿਖਲਾਈ ਦੇ ਆਖਰੀ ਦਿਨ ਸੈਂਟਰ ਆਫ ਐਕਸੀਲੈਂਸ (ਸਬਜ਼ੀਆਂ) ਕਰਤਾਰਪੁਰ ਵਿਖੇ ਸਿਖਿਆਰਥੀਆਂ ਦਾ ਵਿੱਦਿਅਕ ਦੌਰਾ ਕਰਵਾਇਆ ਗਿਆ। ਜਿਸ ਦੌਰਾਨ ਅਨਮੋਲਦੀਪ ਸਿੰਘ ਔਲਖ, ਸਬਜ਼ੀ ਮਾਹਿਰ ਸਲਾਹਕਾਰ, ਸੀ.ਓ.ਈ. ਕਰਤਾਰਪੁਰ ਨੇ ਵਾਕ-ਇਨ-ਟਨਲ, ਨੈੱਟ ਹਾਊਸ ਅਤੇ ਪੌਲੀਹਾਊਸ ਅਧੀਨ ਨਰਸਰੀ ਪਾਲਣ ਅਤੇ ਸਬਜ਼ੀਆਂ ਦੀ ਕਾਸ਼ਤ ਦੀਆਂ ਨਵੀਨਤਮ ਤਕਨੀਕਾਂ ਦੀਆਂ ਪ੍ਰਦਰਸ਼ਨੀਆਂ ਵਿਖਾਈਆਂ ਅਤੇ ਸਿਖਿਆਰਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਸ੍ਰੀਮਤੀ ਰਜ਼ਾਨ, ਮਾਈਕਰੋ-ਸਿੰਚਾਈ ਮਾਹਿਰ, ਸੀ.ਓ.ਈ. ਕਰਤਾਰਪੁਰ ਨੇ ਸਿਖਿਆਰਥੀਆਂ ਨੂੰ ਵੱਖ-ਵੱਖ ਕਿਸਮਾਂ ਦੇ ਹਾਈਡ੍ਰੋਪੋਨਿਕਸ, ਤੁਪਕਾ ਸਿੰਚਾਈ, ਫਰਟੀਗੇਸ਼ਨ ਅਤੇ ਆਟੋਮੇਸ਼ਨ ਪ੍ਰਣਾਲੀ ਬਾਰੇ ਦੱਸਿਆ।

# ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਗਿਆਰਵੀਂ ਪ੍ਰਭਾਤ ਫੇਰੀ



**ਕਰਤਾਰਪੁਰ (ਹਰਮੇਸ਼ ਦੱਤ )** ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਤੋਂ ਅੰਮ੍ਰਿਤ ਵੇਲੇ 4:30 ਵਜੇ ਗਿਆਰਵੀਂ ਪ੍ਰਭਾਤ ਫੇਰੀ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ.) ਵਲੋਂ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਆਰੰਭ ਹੋਈ। ਇਹ ਪ੍ਰਭਾਤ ਫੇਰੀ ਗੁਰਦੁਆਰਾ ਸ੍ਰੀ ਥੰਮ੍ਹ ਜੀ ਸਾਹਿਬ ਤੋਂ ਆਰੰਭ ਹੋ ਕੇ ਸ਼ਹਿਰ ਦੀ ਪਰਿਕਰਮਾ ਕਰਦੇ ਹੋਏ ਕੌਂਸਲਰ ਮਨਜਿੰਦਰ ਕੌਰ ਵਿਸ਼ਵਕਰਮਾ ਮਾਰਕੀਟ ਅਤੇ ਸਮੂਹ ਸੰਗਤ ਮੁਹੱਲਾ ਚਰਖੜੀ ਵਾਲਾ ਵਿਖੇ ਪੁੱਜੀ। ਜਿੱਥੇ ਸ਼ਬਦ ਕੀਰਤਨ ਅਤੇ ਅਰਦਾਸ ਉਪਰੰਤ ਬਾਅਦ ਸੰਗਤਾਂ ਨੂੰ ਚਾਹ ਅਤੇ ਗੁਰੂ ਕਾ ਲੰਗਰ ਬੜੇ ਪਿਆਰ ਅਤੇ ਸਤਿਕਾਰ ਨਾਲ ਛਕਾਇਆ ਗਿਆ। ਇਸ ਮੌਕੇ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ.) ਦੇ ਚੇਅਰਮੈਨ ਗੁਰਪ੍ਰੀਤ ਸਿੰਘ ਖਾਲਸਾ, ਤਜਿੰਦਰ ਸਿੰਘ ਪ੍ਰਧਾਨ, ਗੁਰਦਿੱਤ ਸਿੰਘ ਖਜਾਨਚੀ, ਤਜਿੰਦਰ ਸਿੰਘ ਪ੍ਰੈੱਸ ਸਕੱਤਰ,ਜਗਜੀਤ ਸਿੰਘ ਛਾਬੜਾ, ਦਰਸ਼ਨ ਸਿੰਘ,ਉਂਕਾਰ ਸਿੰਘ ਵਿਲਖੂ,ਮੱਖਣ ਸਿੰਘ, ਪ੍ਰਿਤਪਾਲ ਸਿੰਘ ਛਾਬੜਾ, ਬਲਵੀਰ ਸਿੰਘ, ਸਾਬੀ ਸਿੰਘ,ਬਲਕਾਰ ਸਿੰਘ, ਰਾਜਵੀਰ ਸਿੰਘ, ਚਰਨਜੀਤ ਸਿੰਘ ਨਾਗੀ, ਸੁਰਿੰਦਰ ਸਿੰਘ, ਤਰਲੋਚਨ ਸਿੰਘ,ਰਣਦੀਪ ਸਿੰਘ, ਹਰਮਨ ਸਿੰਘ,ਹਰਜੋਧ ਸਿੰਘ, ਅਮਨਦੀਪ ਸਿੰਘ,ਜਗਜੀਤ ਸਿੰਘ,ਅਜੇਪਾਲ ਸਿੰਘ, ਗੁਰਵੀਰ ਸਿੰਘ, ਮਨੀਕਰਨ ਸਿੰਘ, ਮਨਕੀਰਤ ਸਿੰਘ,ਬਿੰਦਰ ਸਿੰਘ,ਮਨਜੀਤ ਸਿੰਘ, ਜਸਪ੍ਰੀਤ ਸਿੰਘ, ਕਰਨਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਅਮਰਜੀਤ ਸਿੰਘ,ਹਰਪ੍ਰੀਤ ਸਿੰਘ, ਰਵਿੰਦਰ ਸਿੰਘ, ਤਜਿੰਦਰ ਸਿੰਘ ਮਾਨ, ਸੁਖਪ੍ਰੀਤ ਸਿੰਘ, ਤਨਵੀਰ ਸਿੰਘ, ਸਰਬਜੋਤ ਸਿੰਘ, ਹਰਵਿੰਦਰ ਸਿੰਘ,ਬੀਬੀ ਰਾਜਵੰਤ ਕੌਰ, ਮਨਵੀਰ ਕੌਰ , ਕੁਲਵੰਤ ਕੌਰ, ਸੁਖਵਿੰਦਰ ਕੌਰ, ਮਨਦੀਪ ਕੌਰ, ਬਲਜਿੰਦਰ ਕੌਰ,ਉਪਿੰਦਰ ਕੌਰ,ਅਵਨੀਤ ਕੌਰ ਅਤੇ ਹੋਰ ਸੰਗਤਾਂ ਹਾਜਰ ਸਨ।

# 17 ਦਸੰਬਰ ਨੂੰ ਸਾਰੇ ਜ਼ਿਲ੍ਹਿਆਂ 'ਚ ਪੈਨਸ਼ਨਰ ਦਿਵਸ ਮਨਾਉਣ ਦਾ ਫੈਸਲਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**ਪੰਜਾਬ ਪੈਨਸ਼ਨਰ ਯੂਨੀਅਨ ਏਟਕ ਦੀ ਸੂਬਾਈ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਜਗਤਾਰ ਸਿੰਘ ਭੁੰਗਰਨੀ , ਪ੍ਰੇਮ ਚਾਵਲਾ, ਮਨਜੀਤ ਸਿੰਘ ਮਨਸੂਰਾਂ ਜ਼ਿਲ੍ਹਾ ਪੱਧਰ ਲੁਧਿਆਣਾ , ਮਨਜੀਤ ਸਿੰਘ ਗਿੱਲ ,ਮੁਕੰਦ ਲਾਲ ਨਵਾਂਸ਼ਹਿਰ , ਚਮਕੌਰ ਸਿੰਘ ਡਗਰੂ, ਸਵਰਨ ਸਿੰਘ ਹਠੂਰ , ਬਲਰਾਜ ਸਿੰਘ ਭੰਗੂ , ਕੁਲਵੰਤ ਸਿੰਘ ਚਾਨੀ ਫਰੀਦਕੋਟ , ਸੱਤ ਪਾਲ ਸਿੰਘ ਸਹਿਗਲ ਮੋਗਾ ਤੇ ਪ੍ਰਿਤਪਾਲ ਸਿੰਘ ਕੈਸ਼ੀਅਰ ਜਗਰਾਓਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਸਰਕਾਰ ਨੇ ਆਪਣੇ 20 ਮਹੀਨਿਆਂ ਦੇ ਕਾਰਜਕਾਲ ਦੌਰਾਨ ਲਗਾਤਾਰ ਪੈਨਸ਼ਨਰਾਂ ਤੇ ਮੁਲਾਜਮਾਂ ਦੀਆਂ ਹੱਕੀ ਮੰਗਾਂ ਨੂੰ ਨਜਰ ਅੰਦਾਜ ਕੀਤਾ ਹੈ । ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲ ਡੀ ਏ ਦੀਆਂ 12 ਫੀਸਦੀ

ਦੇ ਹਿਸਾਬ ਨਾਲ ਤਿੰਨ ਕਿਸ਼ਤਾਂ ਬਕਾਇਆ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਗਿਣੀ ਮਿਥੀ ਸਾਜ਼ਿਸ਼ ਤਹਿਤ ਘੇਸਲ ਮਾਰ ਕੇ ਬੈਠੀ ਹੈ , 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਤਨਖਾਹ ਕਮਿਸ਼ਨ ਦਾ ਬਣਦਾ ਬਕਾਇਆ ਦੇਣ ਬਾਰੇ ਪੰਜਾਬ ਸਰਕਾਰ ਨੇ ਚੁੱਪੀ ਸਾਧੀ ਹੋਈ ਹੈ , ਪੈਨਸ਼ਨਰਾਂ ਨੂੰ 2.59 ਦਾ ਗਣਾਂਕ ਨਹੀਂ ਦਿੱਤਾ ਜਾ ਰਿਹਾ । ਮੁੱਖ ਮੰਤਰੀ ਪੰਜਾਬ ਲਗਾਤਾਰ ਮੁਲਾਜਮਾਂ ਤੇ ਪੈਨਸ਼ਨਰਾਂ ਦੇ ਲਮਕ ਅਵਸਥਾ ਵਿੱਚ ਪਏ ਮਸਲੇ ਹੱਲ ਕਰਨ ਦੀ ਬਜਾਏ ਗੱਲਬਾਤ ਕਰਨ ਤੋਂ ਵੀ ਭੱਜ ਰਹੇ ਹਨ । ਫੈਸਲਾ ਕੀਤਾ ਗਿਆ ਕਿ 17 ਦਸੰਬਰ ਨੂੰ ਪੈਨਸਨਰ ਦਿਵਸ ਦੇ ਮੌਕੇ ਤੇ ਪੰਜਾਬ ਪੈਨਸ਼ਨਰਜ ਯੂਨੀਅਨ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਸਮਾਗਮ ਕੀਤੇ ਜਾਣਗੇ ਅਤੇ ਜਨਵਰੀ 2024 ਦੇ ਪਹਿਲੇ ਹਫਤੇ ਕਾਮਰੇਡ ਜਸਵੰਤ ਸਿੰਘ ਸਮਰਾ ਯਾਦਗਾਰੀ ਹਾਲ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਸੂਬਾ ਪੱਧਰੀ ਸਮਾਗਮ ਕੀਤਾ ਜਾਵੇਗਾ ਜੋਕਿ ਪੰਜਾਬ ਪੈਨਸਨਰ ਯੂਨੀਅਨ ਦੇ ਬਾਨੀ ਕਾਮਰੇਡ ਕੁਲਦੀਪ ਸਿੰਘ ਹੁਸ਼ਿਆਰਪੁਰ ਦੀ ਯਾਦ ਨੂੰ ਸਮਰਪਿਤ ਕੀਤਾ ਜਾਵੇਗਾ । ਇਸ ਤੋਂ ਇਲਾਵਾ ਏਟਕ ਅਤੇ ਹੋਰ ਜਨਤਕ ਜੱਥੇਬੰਦੀਆਂ ਵੱਲੋਂ ਤਿੰਨ ਦਿਨਾਂ ਦੇ ਐਕਸ਼ਨ ਪ੍ਰੋਗਰਾਮਾਂ ਦੌਰਾਨ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੇ ਐਕਸ਼ਨ ਵਿੱਚ ਪੰਜਾਬ ਪੈਨਸ਼ਨਰਜ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ । ਇਸ ਦੇ ਨਾਲ ਹੀ ਜਨਵਰੀ ਮਹੀਨੇ ਦੌਰਾਨ ਪੰਜਾਬ ਮੁਲਾਜਮ ਤੇ ਪੈਨਸਨਰ ਸਾਂਝਾ ਫਰੰਟ ਦੇ ਸੱਦੇ ਅਨੁਸਾਰ ਆਮ ਆਦਮੀ ਪਾਰਟੀ ਦੇ 92 ਵਿਧਾਇਕਾਂ ਅਤੇ ਮੰਤਰੀਆਂ ਦੇ ਘਰਾਂ ਸਾਹਮਣੇ ਹੋ ਰਹੇ ਐਕਸ਼ਨਾਂ ਵਿੱਚ ਵੀ ਪੰਜਾਬ ਪੈਨਸਨਰ ਯੂਨੀਅਨ ਪੂਰੀ ਸਰਗਰਮੀ ਨਾਲ ਹਿੱਸਾ ਲਵੇਗੀ । ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਬਲਦੇਵ ਸਿੰਘ ਬਟਾਲਾ , ਵੇਦ ਪ੍ਰਕਾਸ਼ ਬਟਾਲਾ ,ਅਜਮੇਰ ਸਿੰਘ ਮੋਗਾ , ਹਰਬੰਸ ਸਿੰਘ ਰੋਪੜ , ਮਹਿੰਦਰ ਸਿੰਘ ਰੋਪੜ , ਦਲਜੀਤ ਸਿੰਘ ਜਗਰਾਓਂ, ਸੋਮ ਨਾਥ ਅਰੋੜਾ, ਮਨਜੀਤ ਸਿੰਘ, ਸੰਤੋਖ ਸਿੰਘ ਜਲੰਧਰ , ਵਿਜੇ ਕੁਮਾਰ ਸ਼ਰਮਾ ਜਲੰਧਰ ,ਨਸੀਬ ਸਿੰਘ ਰੋਪੜ, ਸਵਰਨ ਸਿੰਘ ਤਰਨ ਤਾਰਨ, ਬਲਰਾਜ ਸਿੰਘ ਭੰਗੂ ਅੰਮ੍ਰਿਤਸਰ ,ਦਿਲਬਾਗ ਸਿੰਘ ,ਜਸਵੰਤ ਸਿੰਘ ਤਰਨ ਤਾਰਨ ਤੇ ਪ੍ਰੇਮ ਕੁਮਾਰ ਆਦਿ ਸ਼ਾਮਲ ਸਨ ।

# ਜਪਜੀ ਡੈਂਟਲ ਕਲੀਨਿਕ ਦੀ ਸ਼ੁਰੂਆਤ ਮੌਕੇ ਮਹਿਮਾਨਾਂ ਨੂੰ ਵੰਡੇ ਪੌਦੇ



**ਮੋਹਾਲੀ, (ਗੁਰਜੀਤ ਬਿੱਲਾ)**— ਮੋਹਾਲੀ ਦੇ ਸੈਕਟਰ 79 ਵਿੱਚ ਏਅਰਪੋਰਟ ਰੋਡ ਉਤੇ ਸਥਿਤ ਜਪਜੀ ਡੈਂਟਲ ਕਲੀਨਿਕ ਦੀ ਸ਼ੁਰੂਆਤ ਹੋਈ। ਇਸ ਮੌਕੇ ਉਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਭੈਣ ਮਨਪ੍ਰੀਤ ਕੌਰ, ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਹਰਜੋਤ ਸਿੰਘ ਬੈਂਸ, ਡਾ. ਬਲਬੀਰ ਸਿੰਘ, ਚੇਤਨ ਸਿੰਘ ਜੌੜੇਮਾਜਰਾ, ਬਲਕਾਰ ਸਿੰਘ, ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਐਮਐਲਏ ਪ੍ਰਿੰਸੀਪਲ ਬੁੱਧ ਰਾਮ ਸਿੰਘ, ਮੋਹਾਲੀ ਤੋਂ ਐਮਐਲਏ ਕੁਲਵੰਤ ਸਿੰਘ, ਆਮ ਆਦਮੀ ਪਾਰਟੀ ਦੇ ਹੋਰ ਐਮਐਲਏ ਅਤੇ ਪ੍ਰਸ਼ਾਸਨ ਦੇ ਵੱਖ ਵੱਖ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

ਕਲੀਨਿਕ ਦੇ ਡਾਇਰੈਕਟਰ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਅਤੇ ਕੋ-ਇੰਚਾਰਜ ਆਪ ਚੰਡੀਗੜ੍ਹ ਡਾ. ਐਸ.ਐਸ. ਆਹਲੂਵਾਲੀਆ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਸੁਆਗਤ ਕੀਤਾ। ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਰਾਗੀ ਜੱਥੇ ਵਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਉਤੇ ਡਾ. ਐਸ.ਐਸ. ਆਹਲੂਵਾਲੀਆ ਵਲੋਂ ਆਏ ਹੋਏ ਮਹਿਮਾਨਾਂ ਨੂੰ ਪੌਦੇ ਵੀ ਵੰਡੇ ਗਏ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਵਾਤਾਵਰਨ ਨੂੰ ਸਾਫ਼ ਰੱਖਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਵਾਤਾਵਰਨ ਨੂੰ ਹੋਰ ਰੁੱਖ ਲਗਾ ਕੇ ਹੀ ਸਾਫ਼ ਰੱਖਿਆ ਜਾ ਸਕਦਾ ਹੈ। ਵਾਤਾਵਰਣ ਨੂੰ ਸਾਫ਼ ਰੱਖ ਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਸਵਾਰ ਸਕਦੇ ਹਾਂ। ਇਸ ਲਈ ਸਾਨੂੰ ਸਾਰਿਆਂ ਨੂੰ ਆਪਣੇ ਆਲੇ ਦੁਆਲੇ ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾਉਣੇ ਚਾਹੀਦੇ ਹਨ।

# 157 ਕੱਚੇ ਅਧਿਆਪਕ ਸਰਕਾਰ ਵਿਰੁੱਧ ਆਰ-ਪਾਰ ਦੀ ਲੜਾਈ ਲਈ ਤਿਆਰ




**ਮੋਹਾਲੀ, ( ਗੁਰਜੀਤ ਬਿੱਲਾ)**—: ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ 6000 ਤਨਖਾਹ ਵਾਲੇ ਕੱਚੇ ਤੋਂ ਪੱਕੇ ਕੀਤੇ ਅਧਿਆਪਕਾਂ ਵਿੱਚ ਜਿੱਥੇ ਖੁਸ਼ੀ ਦੀ ਲਹਿਰ ਹੈ, ਉਥੇ ਹੀ 157 ਏਆਈਈ ਅਧਿਆਪਕ ਯੋਗਤਾ ਪੂਰੀਆਂ ਕਰਨ ਦੇ ਬਾਵਜੂਦ ਮਾਨ ਸਰਕਾਰ ਵਲੋਂ ਕੀਤੇ ਜਾ ਰਹੇ ਮਤਰੇਈ ਮਾਂ ਵਾਲੇ ਸਲੂਕ ਅਤੇ ਵਿਤਕਰੇਬਾਜੀ ਤੋਂ ਡਾਹਢੇ ਪ੍ਰੇਸ਼ਾਨ ਹਨ। ਇਹ ਅਧਿਆਪਕ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ।

ਮੋਹਾਲੀ ਪ੍ਰੈਸ ਕਲੱਬ ਵਿਖੇ ਆਪਣੀ ਵਿਥਿਆ ਸੁਣਾਉਂਦਿਆਂ ਜਥੇਬੰਦੀ ਦੇ ਆਗੂ ਹਰਮਨ ਸਿੰਘ ਸੰਗਰੂਰ ਅਤੇ ਸੂਬਾ ਕਨਵੀਨਰ ਮੈਡਮ ਤੇਜਿੰਦਰ ਕੌਰ ਪਟਿਆਲਾ ਨੇ ਦੱਸਿਆ ਕਿ ਸਾਡੀ ਪਹਿਲੀ ਨਿਯੁਕਤੀ 2009-10 'ਚ ਹੋਈ ਸੀ ਅਤੇ ਸਾਡੇ ਮਤੇ ਵੀ ਉਹਨਾਂ ਅਧਿਆਪਕਾਂ ਦੇ ਨਾਲ ਹੀ ਪਏ ਸਨ ਜਿਹੜੇ ਅਧਿਆਪਕਾਂ ਨੂੰ ਅਗਸਤ ਮਹੀਨੇ ਵਿੱਚ ਪੱਕੇ ਕੀਤਾ ਗਿਆ ਹੈ ਪਰ ਅਸੀਂ 157 ਅਧਿਆਪਕਾਂ ਅੱਜ ਵੀ ਕੱਚੇ ਹੀ ਹਾਂ ਅਤੇ ਯੋਗਤਾ ਤੇ ਤਜਰਬਾ ਵੀ ਪੂਰਾ ਕਰਦੇ ਹਾਂ। ਸਰਕਾਰ ਵਲੋਂ ਸਾਡੇ ਮਾਮਲੇ ਵਿੱਚ ਜਰੂਰੀ ਤਜਰਬੇ 'ਚ ਗੈਰ ਹੋਣ ਦੀ ਗੱਲ ਕਹੀ ਹੈ ਜਦਕਿ ਇਹ ਸਰਾਸਰ ਗਲਤ ਹੈ। ਉਹਨਾਂ ਭਰੇ ਮਨ ਨਾਲ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਕਰਕੇ 157 ਅਧਿਆਪਕਾਂ ਦੇ ਇੱਜ਼ਤ-ਮਾਣ ਨੂੰ ਵੱਡੀ ਢਾਹ ਲੱਗੀ ਸੀ। ਜਿਸ ਤੋਂ ਤੰਗ ਪ੍ਰੇਸ਼ਾਨ ਹੋ ਕੇ ਚੰਗੇ ਭਵਿੱਖ ਲਈ ਅਸੀਂ ਵਿਧਾਨ ਸਭਾ ਚੋਣਾਂ ਵਿੱਚ ਸ਼ਰੇਆਮ 'ਆਪ' ਪਾਰਟੀ ਦਾ ਸਮਰਥਨ ਕੀਤਾ ਸੀ। ਪਰ ਮਾਨ ਸਰਕਾਰ ਨੇ ਸਾਡੀ ਉਸ ਸਮਰਥਨ ਦੀ ਸਜਾ ਸਾਨੂੰ ਪਾਲਿਸੀ ਵਿੱਚ ਸ਼ਾਮਲ ਨਾ ਕਰਕੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨਕਲਾਬ ਦੀਆਂ ਗੱਲਾਂ ਕਰਨ ਵਾਲੇ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਦੇਣ ਵਾਲੇ ਹੁਣ ਸਾਨੂੰ ਸਾਰੇ ਕੱਚੇ ਅਧਿਆਪਕਾਂ ਨੂੰ ਇੱਕ ਅੱਖ ਨਾਲ ਕਿਉਂ ਨਹੀ ਦੇਖ ਰਹੇ? ਅਸੀਂ 157 ਵਲੰਟੀਅਰ ਅਧਿਆਪਕ, ਸਾਡੀ ਜਥੇਬੰਦੀ 'ਚੋਂ ਸਭ ਤੋਂ ਲਿਤਾੜਿਆ ਵਰਗ ਅਤੇ ਠੱਗੇ ਗਏ ਮਹਿਸੂਸ ਕਰ ਰਹੇ ਹਾਂ। ਦੂਜੇ ਪਾਸੇ ਮਾਨ ਸਰਕਾਰ ਵਲੋਂ ਢੰਡੋਰਾ ਪਿੱਟਿਆ ਜਾ ਰਿਹਾ ਹੈ ਕਿ ਅਸੀਂ 6000 ਵਾਲੇ ਸਾਰੇ ਅਧਿਆਪਕ ਪੱਕੇ ਕਰ ਦਿੱਤੇ ਹਨ ਪਰ 157 ਅਧਿਆਪਕ ਅੱਜ ਵੀ ਕੱਚੇ ਹੀ ਹਨ। ਮੁੱਖ ਮੰਤਰੀ ਦੀ ਕਹਿਣੀ ਤੇ ਕਰਨੀ 'ਚ ਬਹੁਤ ਫਰਕ ਹੈ।

ਉਹਨਾਂ ਕਿਹਾ ਕਿ ਸਰਕਾਰ ਸਾਡੇ ਨਾਲ ਵਿਤਕਰੇਬਾਜੀ ਬੰਦ ਕਰਕੇ ਸਾਨੂੰ ਪਾਲਿਸੀ ਵਿੱਚ ਵਿਚਾਰਨ ਅਤੇ ਸਾਡੀ ਤਨਖਾਹ ਇਹਨਾਂ ਬਰਾਬਰ 18000 ਰੁਪਏ ਕੀਤੀ ਜਾਵੇ, ਨਹੀਂ ਤਾਂ ਅਸੀਂ 6000 ਵਾਲੇ ਕੱਚੇ ਅਧਿਆਪਕ ਮਾਨ ਸਰਕਾਰ ਖਿਲਾਫ 15 ਦਸੰਬਰ 2023 ਨੂੰ ਮੋਰਚਾ ਵਿੱਢਣ ਲਈ ਮਜਬੂਰ ਹੋਵਾਂਗੇ। ਇਸ ਮੌਕੇ ਮੰਜੂ ਸ਼ਰਮਾ, ਸੀਮਾ ਰਾਣੀ ਬਠਿੰਡਾ, ਰੇਨੂੰ ਗੁਰਦਾਸਪੁਰ, ਸੁਖਬੀਰ ਮਾਨਸਾ, ਤੇਜਿੰਦਰ ਸਿੰਘ ਕਪੂਰਥਲਾ, ਸਾਹਿਬ ਸਿੰਘ ਫਾਜ਼ਿਲਕਾ, ਜਸਬੀਰ ਫਿਰੋਜ਼ਪੁਰ, ਮਹਿੰਦਰਪਾਲ ਫਾਜ਼ਿਲਕਾ, ਕਰਮਜੀਤ ਮੁਕਤਸਰ, ਕੁਲਵਿੰਦਰ ਕੌਰ ਰੋਪੜ ਆਦਿ ਹਾਜ਼ਰ ਸਨ।

# ਕੋਵਿਡ ਦਰਜ ਐੱਫ ਆਈ ਆਰ ਹੋਣਗੀਆਂ ਵਾਪਸ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਜਾਰੀ ਮਾਨਕ ਸੰਚਾਲਨ ਪ੍ਰਕ੍ਰਿਆਵਾਂ (ਐਸਓਪੀ) ਦੀ ਉਲੰਘਣਾ ਕਰਨ ਵਾਲੇ ਲੋਕਾਂ ਦੇ ਵਿਰੁੱਧ ਦਰਜ ਐਫਆਈਆਰ ਨੂੰ ਵਾਪਸ ਲੈਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਜਾਵੇਗੀ। ਨਿਗਮਾਂ ਦਾ ਉਲੰਘਣ ਕਰਨ 'ਤੇ 8275 ਏਫਆਈਆਰ ਦਰਜ ਹੋਈਆਂ ਸਨ, ਜਿਸ ਵਿਚ ਕੁੱਲ 14127 ਲੋਕਾਂ ਦੀ ਗ੍ਰਿਫਤਾਰੀਆਂ ਹੋਈਆਂ ਸਨ। ਮੁੱਖ ਮੰਤਰੀ ਨੇ ਇੱਥੇ ਪ੍ਰਬੰਧਿਤ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸੱਭ ਤੋਂ ਵੱਧ 1030 ਐਫਆਈਆਰ ਗੁਰੂਗ੍ਰਾਮ ਜ਼ਿਲ੍ਹੇ ਵਿਚ ਦਰਜ ਕੀਤੀ ਗਈ ਸੀ। ਝੱਜਰ ਵਿਚ 814, ਫਰੀਦਾਬਾਦ ਵਿਚ 765, ਕਰਨਾਲ ਵਿਚ 545 ਅਤੇ ਰੋਹਤਕ ਵਿਚ 646 ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਸਾਰੇ ਐਫਆਈਆਰ ਨੂੰ ਵਾਪਸ ਲੈਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਜ਼ਿਲ੍ਹਾ ਜੀਂਦ ਵਿਚ ਸਕੂਲੀ ਵਿਦਿਆਰਥਣ ਦੇ ਨਾਲ ਗਲਤ ਵਿਵਹਾਰ ਨੂੰ ਲੈ ਕੇ ਪੁੱਛੇ ਗਏ ਇਕ ਸੁਆਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਅਜਿਹੀ ਘਟਨਾ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕਰੇਗੀ, ਦੋਸ਼ੀ ਨੂੰ ਬਖਸ਼ਿਆ ਨਹੀਂ ਜਾਵੇਗਾ। ਪੁਲਸ ਵੱਲੋਂ ਮਾਮਲੇ ਵਿਚ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ । ਨਿੱਜੀ ਖੇਤਰ ਵਿਚ ਹਰਿਆਣਾ ਦੇ ਨੌਜੁਆਨਾਂ ਨੂੰ 75 ਫੀਸਦੀ ਰਾਖਵਾਂ ਦੇ ਮਾਮਲੇ ਵਿਚ ਪੁੱਛੇ ਗਏ ਸੁਆਲ ਦਾ ਜਵਾਬ ਦਿੰਦੇ ਹੋਏ ਮਨੋਹਰ ਲਾਲ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਹਰਿਆਣਾ ਸਰਕਾਰ ਸੁਪਰੀਮ ਕੋਰਟ ਵਿਚ ਅਪੀਲ ਕਰੇਗੀ। ਇਕ ਭਲਾਈਕਾਰੀ ਸੂਬੇ ਹੋਣ ਦੇ ਨਾਤੇ ਕੋਰਟ ਵਿਚ ਇਸ ਮਾਮਲੇ ਨੂੰ ਲੈ ਕੇ ਮਜਬੂਤ ਪੈਰਵੀ ਕਰੇਗੀ। ਸ਼ਹਿਰੀ ਸਥਾਨਕ ਨਿਗਮਾਂ ਦੇ ਚੋਣ ਦੇ ਸਬੰਧ ਵਿਚ ਮੁੱਖ ਮੰਤਰੀ ਨੇ ਕਿਹਾ ਕਿ 5 ਨਗਰ ਨਿਗਮਾਂ ਦਾ ਜਨਵਰੀ ਮਹੀਨੇ ਤਕ ਦਾ ਕਾਰਜਕਾਲ ਹੈ, ਉਸ ਦੇ ਬਾਅਦ ਇੰਨ੍ਹਾਂ ਨਿਗਮਾਂ ਦੇ ਚੋਣ ਹੋਣੇ ਹਨ। ਇਸ ਦੇ ਲਈ ਵਾਰਡਬੰਦੀ ਦਾ ਕੰਮ ਪੂਰਾ ਹੋ ਚੁੱਕਾ ਹੈ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਅਤੇ ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਡਾ. ਅਮਿਤ ਅਗਰਵਾਲ, ਮੁੱਖ ਮੰਤਰੀ ਦੇ ਉੱਪ ਪ੍ਰਧਾਨ ਸਕੱਤਰ ਕੇ ਮਕਰੰਦ ਪਾਂਡੂਰੰਗ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਾਜੀਵ ਜੇਟਲੀ, ਚੀਫ ਮੀਡੀਆ ਕੋਆਰਡੀਨੇਟਰ ਸੁਦੇਸ਼ ਕਟਾਰੀਆ, ਮੀਡੀਆ ਸਕੱਤਰ ਪ੍ਰਵੀਨ ਅੱਤਰੇਯ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਦੇ ਵਧੀਕ ਨਿਦੇਸ਼ਕ (ਪ੍ਰਸ਼ਾਸਕ) ਵਿਵੇਕ ਕਾਲੀਆ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਗੁਲਨੀਤ ਸਿੰਘ ਖੁਰਾਣਾ ਨੇ ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਵਜੋਂ ਚਾਰਜ ਸੰਭਾਲਿਆ



**ਮੋਰਿੰਡਾ ( ਜੈਜੀ ਸਰਦਾਰ )** ਆਈ.ਪੀ.ਐਸ. ਗੁਲਨੀਤ ਸਿੰਘ ਖੁਰਾਣਾ ਨੇ ਜ਼ਿਲ੍ਹਾ ਪੁਲਸ ਮੁਖੀ ਰੂਪਨਗਰ ਵਜੋਂ ਚਾਰਜ ਸੰਭਾਲ ਲਿਆ। 2012 ਬੈਚ ਦੇ (ਆਈ.ਪੀ.ਐਸ) ਅਧਿਕਾਰੀ ਗੁਲਨੀਤ ਸਿੰਘ ਖੁਰਾਣਾ ਇਸ ਤੋਂ ਪਹਿਲਾ ਜ਼ਿਲ੍ਹਾ ਬਠਿੰਡਾ, ਫਾਜ਼ਿਲਕਾ, ਮਾਨਸਾ, ਪਠਾਨਕੋਟ, ਅੰਮ੍ਰਿਤਸਰ (ਦਿਹਾਤੀ), ਤਰਨ ਤਾਰਨ ਅਤੇ ਮੋਗਾ ਆਦਿ ਵਿਖੇ ਬਤੌਰ ਜ਼ਿਲ੍ਹਾ ਪੁਲਸ ਮੁਖੀ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਖੁਰਾਣਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਹ ਜ਼ਿਲ੍ਹੇ ਅੰਦਰ ਅਮਨ-ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਪੂਰੀ ਜ਼ਿੰਮੇਵਾਰੀ ਨਾਲ ਆਪਣੀਆਂ ਸੇਵਾਵਾਂ ਨਿਭਾਉਣਗੇ। ਉਨ੍ਹਾਂ ਕਿਹਾ ਕਿ ਜਲਦ ਹੀ ਪੂਰੇ ਇਲਾਕੇ ਅਤੇ ਥਾਣਿਆਂ ਦਾ ਦੌਰਾ ਕਰਨਗੇ ਅਤੇ ਲੋੜ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ ਉਤੇ ਕੈਮਰੇ ਲਗਾਏ ਜਾਣਗੇ। ਇਸ ਤੋਂ ਇਲਾਵਾ ਟ੍ਰੈਫਿਕ ਦੀ ਸਮੱਸਿਆ ਅਤੇ ਕੁਝ ਸਥਾਨਾਂ ਉਤੇ ਰਾਤ ਸਮੇਂ ਪੈਟਰੋਲਿੰਗ ਯਕੀਨੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਕੇਵਲ ਕਾਨੂੰਨ ਅਨੁਸਾਰ ਹੀ ਮਾਈਨਿੰਗ ਕਰਨ ਦੀ ਇਜ਼ਾਜਤ ਦਿੱਤੀ ਜਾਵੇਗੀ ਜਦਕਿ ਗੈਰ ਕਾਨੂੰਨੀ ਤਰੀਕੇ ਨਾਲ ਮਾਈਨਿੰਗ ਪੂਰੀ ਸਖਤੀ ਨਾਲ ਨਜਿਠਿਆ ਜਾਵੇਗਾ ਅਤੇ ਇਸ ਨਾਲ ਸਬੰਧਿਤ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਓਵਰਲੋਡ ਟਿੱਪਰਾਂ, ਬਿਨਾਂ ਨੰਬਰ ਪਲੇਟਾਂ ਤੋਂ ਵਾਹਨਾਂ ਨੂੰ ਮੌਕੇ ਉਤੇ ਹੀ ਜਬਤ ਕੀਤਾ ਜਾਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਘਟਨਾ ਨੂੰ ਹੋਣ ਤੋਂ ਪਹਿਲਾਂ ਹੀ ਰੋਕਣਾ ਯਕੀਨੀ ਕੀਤਾ ਜਾ ਸਕੇ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਸੇ ਨਾਗਰਿਕ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਜਾਂ ਕੋਈ ਸ਼ਿਕਾਇਤ ਹੈ ਤਾਂ ਉਹ ਉਨ੍ਹਾਂ ਨੂੰ ਜਾਂ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕਰਨ ਅਤੇ 112 ਨੰਬਰ ਉਤੇ ਵੀ ਸੰਪਰਕ ਕਰ ਸਕਦੇ ਹਨ ਤਾਂ ਜੋ ਤੁਰੰਤ ਕਾਰਵਾਈ ਕੀਤੀ ਜਾ ਸਕੇ। ਇਸ ਮੌਕੇ ਆਈ.ਪੀ.ਐੱਸ. ਗੁਲਨੀਤ ਸਿੰਘ ਖੁਰਾਣਾ ਨੂੰ ਪੁਲਸ ਦੀ ਟੁਕੜੀ ਵਲੋਂ ਗਾਰਡ ਆਫ਼ ਆਨਰ ਨਾਲ ਸਨਮਾਨਿਤ ਕੀਤਾ ਗਿਆ।

# ਪਾਣੀ ਦੇ ਨਿਕਾਸ ਨੂੰ ਲੈ ਕੇ ਲਾਇਆ ਧਰਨਾ ਤੇ ਕੀਤਾ ਘਿਰਾਓ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** -ਸਥਾਨਕ ਨਗਰ ਕੌਂਸਲ ਦਫਤਰ ਵਿਖੇ ਪੇਂਡੂ ਮਜਦੂਰ ਯੂਨੀਅਨ ਦੀ ਅਗਵਾਈ ਵਿੱਚ ਵੱਖ ਵੱਖ ਜੱਥੇਬੰਦੀਆਂ ਵਲੋਂ ਧਰਨਾ ਲਗਾਇਆ ਗਿਆ ਅਤੇ ਘਿਰਾਓ ਕੀਤਾ ਗਿਆ । ਇਥੋਂ ਦੇ ਮੁਹੱਲਾ ਰਵਿਦਾਸ ਪੂਰਾ ਵਿਚ ਪਾਣੀ ਦੇ ਸੀਵਰੇਜ ਬੰਦ ਹੋਣ ਕਾਰਨ ਮੁਹੱਲਾ ਵਾਸੀ ਕਾਫੀ ਪ੍ਰੇਸ਼ਾਨ ਹਨ । ਮੁਹੱਲਾ ਵਾਸੀਆਂ ਦਾ ਕਹਿਣਾ ਹੈ ਕਿ ਗੰਦਾ ਪਾਣੀ ਘਰਾਂ ਵਿੱਚ ਆ ਵੜਦਾ ਹੈ ਅਤੇ ਡੇਂਗੂ ਵਰਗੀ ਭਿਆਨਕ ਬਿਮਾਰੀ ਦੇ ਫੈਲਣ ਦਾ ਡਰ ਬਣਿਆ ਰਹਿੰਦਾ ਹੈ । ਧਰਨਾ ਸਵੇਰੇ 11 ਵਜੇ ਸ਼ੁਰੂ ਹੋਇਆ ਅਤੇ ਕਿਸੇ ਵੀ ਅਧਕਾਰੀ ਵਲੋਂ ਕੋਈ ਗੱਲ ਨਾ ਸੁਣਨ ਤੇ ਈ ਓ ਦੇ ਦਫਤਰ ਦਾ ਘਿਰਾਓ ਕਰ ਦਿੱਤਾ । ਧਰਨੇ ਨੂੰ ਸੰਬੋਧਨ ਕਰਦਿਆਂ ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਾਮਰੇਡ ਹੰਸ ਰਾਜ ਪਬਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਕਾਂਗਰਸ ਅਤੇ ਅਕਾਲੀ ਭਾਜਪਾ ਸਰਕਾਰ ਦੇ ਰਾਹ ਤੇ ਪੈ ਗਈ ਹੈ ਲੋਕ ਆਪਣੀਆਂ ਮੰਗਾਂ ਲਈ ਸੜਕਾਂ ਅਤੇ ਰੇਲਵੇ ਦੀਆਂ ਲਾਈਨਾਂ ਵਿਚ ਦਿਨ ਰਾਤ ਧਰਨੇ ਮੁਜਾਹਰੇ ਕਰ ਰਹੇ ਹਨ ਅਤੇ ਮੁੱਖ ਮੰਤਰੀ ਦੂਜਿਆਂ ਸੂਬਿਆਂ ਵਿਚ ਚੋਣ ਪ੍ਰਚਾਰ ਵਿਚ ਰੁੱਝਿਆ ਹੋਇਆ ਹੈ । ਸਰਕਾਰ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਸਨ ਉਹਨਾਂ ਨੂੰ ਪੂਰੇ ਕਰਨ ਵਿਚ ਅਸਮਰਥ ਰਹੀ ਹੈ । ਉਹਨਾਂ ਨੇ ਬਣ ਰਹੇ ਸਰਕਾਰੀ ਸਕੂਲ ਦੀ ਇਮਾਰਤ ਨੂੰ ਪੂਰਾ ਨਾ ਕਰਨ ਅਤੇ ਸਕੂਲ ਵਿਚ ਪੈ ਰਹੇ ਗੰਦੇ ਪਾਣੀ ਨੂੰ ਨਾ ਰੋਕਣ ਲਈ ਨਗਰ ਕੌਂਸਲ ਦੇ ਈ ਓ ਅਤੇ ਸਥਾਨਕ ਵਿਧਾਇਕ ਨੂੰ ਜਿੰਮੇਵਾਰ ਠਹਿਰਾਇਆ। ਇਸ ਧਰਨੇ ਨੂੰ ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਆਗੂ ਰਸ਼ਪਾਲ ਸਿੰਘ ਸਮਰਾ, ਸਕੂਲ ਬਚਾਓ ਮੋਰਚਾ ਦੇ ਕਨਵੀਨਰ ਬਾਲ ਕ੍ਰਿਸ਼ਨ ਬਾਲੀ, ਨੰਬਰਦਾਰ ਯੂਨੀਅਨ ਦੇ ਆਗੂ ਅਸ਼ੋਕ ਸੰਧੂ, ਕਾਮਰੇਡ ਚੰਨਣ ਸਿੰਘ, ,ਨਿਰਮਲ ਸਿੰਘ ਸਿਧਮ, ਸ੍ਰੋਮਣੀ ਰੰਘਰੇਟਾ ਦੱਲ ਦੇ ਸੂਬਾ ਪ੍ਰਧਾਨ ਬਲਬੀਰ ਸਿੰਘ ਚੀਮਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਸੁਰਜੀਤ ਸਿੰਘ ਸਮਰਾ, ਉੱਘੇ ਸਮਾਜ ਸੇਵਕ ਤੇ ਸੀਨੀਅਰ ਪੱਤਰਕਾਰ ਰਵਿੰਦਰ ਭਾਰਦਵਾਜ, ਜਰਨੈਲ ਸਿੰਘ ਉੱਪਲ ਖਾਲਸਾ, , ਗੇਲੀ ਬੇਨਾਪੁਰੀ, ਆਦਿ ਹਾਜਰ ਸਨ। ਉਹਨਾਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਕ ਹਫਤੇ ਵਿੱਚ ਇਹ ਮਸਲੇ ਹੱਲ ਨਾ ਕੀਤੇ ਤਾਂ ਨੂਰਮਹਿਲ ਵਿਚ ਬੱਸਾਂ ਗੱਡੀਆਂ ਦਾ ਚੱਕਾ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ।

# ਸਕੂਲੀ ਬੱਚਿਆਂ ਨੂੰ ਦੁੱਧ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**—ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਕੁਲਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਹਰਵਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਵਿਖੇ ਸਕੂਲੀ ਬੱਚਿਆਂ ਨੂੰ ਦੁੱਧ ਪ੍ਰਤੀ ਜਾਗਰੂਕ ਕਰਨ ਲਈ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ 11ਵੀਂ ਅਤੇ 12ਵੀਂ ਕਲਾਸ ਦੇ 200 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਸੈਮੀਨਾਰ ਦੌਰਾਨ ਡਿਪਟੀ ਡਾਇਰੈਕਟਰ ਡੇਅਰੀ ਰਿਟਾਇਰਡ (ਸੇਵਾਮੁਕਤ:) ਦਵਿੰਦਰ ਸਿੰਘ ਨੇ ਬੱਚਿਆਂ ਨੂੰ ਦੁੱਧ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਐਸ.ਪੀ ਸਿੰਘ ਨੈਸਲੇ ਨੇ ਬੱਚਿਆਂ ਨੂੰ ਦੁੱਧ ਵਿੱਚ ਮਿਲਾਵਟ ਨੂੰ ਪਰਖਣ ਸਬੰਧੀ ਜਾਣਕਾਰੀ ਦਿੱਤੀ। ਵੇਰਕਾ ਮਿਲਕ ਪਲਾਂਟ ਤੋਂ ਮੈਡਮ ਭਾਵਨਾ ਅਤੇ ਪੂਨਮ ਦੀ ਟੀਮ ਨੇ ਦੁੱਧ ਦੀ ਟੈਸਟਿੰਗ ਕੀਤੀ ਅਤੇ ਤਕਰੀਬਨ 39 ਦੁੱਧ ਦੇ ਸੈਂਪਲ ਚੈਕ ਕੀਤੇ ਗਏ। ਡੇਅਰੀ ਵਿਕਾਸ ਵਿਭਾਗ ਵਲੋਂ ਸਕੂਲ ਪ੍ਰਿੰਸੀਪਲ ਤੇ 2 ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਅਖੀਰ ਵਿੱਚ ਸਕੂਲੀ ਬੱਚਿਆਂ ਨੂੰ ਰਿਫਰੈਸ਼ਮੈਂਟ ਦੇ ਤੌਰ 'ਤੇ ਦੁੱਧ ਦੀਆਂ ਬੋਤਲਾਂ ਵੀ ਦਿੱਤੀਆਂ ਗਈਆਂ। ਇਸ ਮੌਕੇ 'ਤੇ ਪ੍ਰਿੰਸੀਪਲ ਕਰਨ ਸ਼ਰਮਾ, ਮੈਡਮ ਸੀਮਾ ਸੈਣੀ, ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਸਕੂਲ 'ਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਕੇਸੀ ਪਬਲਿਕ ਸਕੂਲ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 554ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਗੁਰਦੁਆਰਾ ਸ੍ਰੀ ਸਿੰਘ ਸਭਾ ਸਾਹਿਬ ਚੰਡੀਗੜ੍ਹ ਚੌਕ ਦੇ ਭਾਈ ਲਵਪ੍ਰੀਤ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸੁਸ਼ੋਭਿਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ। ਪਾਠ ਉਪਰੰਤ ਭਾਈ ਲਵਪ੍ਰੀਤ ਸਿੰਘ ਨੇ ਬੱਚਿਆਂ ਨੂੰ ਦੱਸਿਆ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ ਤਾਂ ਸਮਾਜ ਦੀ ਧਾਰਮਿਕ, ਸਿਆਸੀ ਅਤੇ ਸਮਾਜਿਕ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਸੀ। ਔਰਤਾਂ 'ਤੇ ਅੱਤਿਆਚਾਰ ਹੋ ਰਹੇ ਸੀ, ਧਾਰਮਿਕ ਗੁਰੂਆਂ, ਸਿਆਸੀ ਅਤੇ ਸਮਾਜਿਕ ਹਾਲਾਤ ਅਜਿਹੇ ਸਨ ਕਿ ਕਿਸੇ ਨੂੰ ਇਨਸਾਫ਼ ਨਹੀਂ ਮਿਲ ਰਿਹਾ ਸੀ, ਸਮਾਜ 'ਚ ਜਾਤ-ਪਾਤ ਤੇ ਊਂਚ ਨੀਚ, ਵਿਤਕਰੇ ਦਾ ਬੋਲਬਾਲਾ ਵੱਧ ਰਿਹਾ ਸੀ। ਗੁਰੂ ਜੀ ਨੇ ਸਮਾਜ 'ਚ ਅਜਿਹੀ ਸਥਿਤੀ ਨੂੰ ਸੁਧਾਰਨਾ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਵਾਤਾਵਰਨ ਨੂੰ ਸਵੱਛ ਰੱਖਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤੋਂ ਬਾਅਦ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕੀਤਾ। ਸਕੂਲ ਦੀ ਪ੍ਰਿੰਸੀਪਲ ਆਸ਼ਾ ਸ਼ਰਮਾ ਅਤੇ ਅਧਿਆਪਕ ਹਰਦੀਪ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਉਪਦੇਸ਼ ਦਿੱਤਾ ਸੀ। ਉਨ੍ਹਾਂ ਸਮਾਜ ਨੂੰ ਪੜ੍ਹ-ਲਿਖ ਕੇ ਅੰਧ-ਵਿਸ਼ਵਾਸ 'ਚੋਂ ਨਿਕਲਣ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਾਰੇ ਜੀਵਾਂ ਨੂੰ ਇੱਕ ਸਮਾਨ ਦੱਸਿਆ ਹੈ। ਉਨ੍ਹਾਂ ਨੇ ਲੋਕ ਹਿੱਤ 'ਚ ਕਰਮਕਾਂਡਾਂ, ਅੰਧ ਵਿਸ਼ਵਾਸਾਂ ਅਤੇ ਗਲਤ ਰੀਤੀ ਰਸਮਾਂ ਤੋਂ ਦੂਰ ਰਹਿ ਕੇ ਕੇਵਲ ਇੱਕ ਪ੍ਰਭੂ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਸਕੂਲ 'ਚ ਲੰਗਰ ਵੀ ਲਗਾਇਆ ਗਿਆ। ਇਸ ਮੌਕੇ 'ਤੇ ਰਾਜਵੀਰ ਕੌਰ, ਕਿਰਨ ਸੋਬਤੀ, ਮੋਨਿਕਾ ਸ਼ਰਮਾ, ਹਰਦੀਪ ਸਿੰਘ, ਨੀਤੂ ਰਾਣੀ, ਰਜਨੀ, ਲਵਪ੍ਰੀਤ, ਕ੍ਰਿਤਿਕਾ, ਅਰਸ਼ਦੀਪ, ਗੁਰਪ੍ਰੀਤ, ਰੁਪਿੰਦਰ, ਮੋਨਿਕਾ ਰਾਣੀ, ਨੀਰਜ, ਨੀਨਾ, ਪੂਜਾ, ਨੀਲਮ, ਮੀਨੂੰ ਕੰਡਾ, ਮਨੀਸ਼ਾ, ਸੁਰਿੰਦਰ ਪਾਲ, ਰੰਜਨਾ, ਹੀਨਾ ਅਤੇ ਪੀ.ਆਰ.ਓ ਵਿਪਨ ਕੁਮਾਰ ਆਦਿ ਸਮੇਤ ਸਮੁੱਚਾ ਸਟਾਫ਼ ਹਾਜ਼ਰ ਰਿਹਾ।

# ਦਿ ਨੋਬੇਲ ਸਕੂਲ 'ਚ ਸੁਲੇਖ ਤੇ ਲੇਖ ਪ੍ਰਤੀਯੋਗਤਾ




**ਕਰਤਾਰਪੁਰ (ਹਰਮੇਸ਼ ਦੱਤ)** ਦਿ ਨੋਬੇਲ ਸਕੂਲ ਵਿੱਚ ਅਖਿਲ ਭਾਰਤੀ ਨਾਗਰਿਕ ਵਿਕਾਸ ਕੇਂਦਰ ਵੱਲੋਂ ਸੁਲੇਖ ਅਤੇ ਲੇਖ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿੱਚ ਕੁੱਲ 118 ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਵਿੱਚ 104 ਵਿਦਿਆਰਥੀ ਸੁਲੇਖ ਪ੍ਰਤੀਯੋਗਿਤਾ ਅਤੇ ਹੋਰ 14 ਵਿਦਿਆਰਥੀ ਲੇਖ ਪ੍ਰਤੀਯੋਗਿਤਾ ਦੇ ਸੀ। ਸਾਰੇ ਪ੍ਰਤੀਯੋਗੀਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਇਲਾਵਾ ਸੁਲੇਖ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ 'ਕਲਾ ਸ੍ਰੀ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਤੀਸਰੀ ਜਮਾਤ ਦੀ ਮਿਸ਼ਠੀ ਅਤੇ ਦਸਵੀਂ ਜਮਾਤ ਦੀ ਕਮਲਜੋਤ ਅੱਗੇ ਰਹੀਆਂ। ਦੂਸਰੇ ਪਾਸੇ ਲੇਖ ਪ੍ਰਤੀਯੋਗਤਾ ਵਿੱਚ ਅੱਗੇ ਰਹਿਣ ਵਾਲੀ ਵਿਦਿਆਰਥਣ ਛੇਵੀਂ ਜਮਾਤ ਦੀ ਪਹਿਲ ਨੂੰ 'ਵਿਦਿਆ ਭੂਸ਼ਣ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਪ੍ਰੋਫੈਸਰ ਸੀ. ਐਲ. ਕੋਛੜ, ਸਕੂਲ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਸਕੂਲ ਦੇ ਪ੍ਰਿੰਸੀਪਲ ਸੰਗੀਤ ਕੁਮਾਰ ਨੇ ਵਿਜੇਤਾ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਪ੍ਰਤੀਯੋਗਿਤਾਵਾਂ ਨਾਲ ਬੱਚਿਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਵਿਦਿਆਰਥੀਆਂ ਦੇ ਮਨੋਬਲ ਨੂੰ ਵਧਾਉਣ ਦੇ ਲਈ ਸਾਨੂੰ ਇਸ ਤਰ੍ਹਾਂ ਦੀਆਂ ਪ੍ਰਤੀਯੋਗਿਤਾਵਾਂ ਵਿੱਚ ਭਾਗ ਲੈਣ ਲਈ ਬੱਚਿਆਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

# ਜਨਤਕ ਜਥੇਬੰਦੀਆਂ ਦੇ ਸਾਂਝੇ ਮੰਚ ਵੱਲੋਂ ਕਿਸਾਨੀ ਧਰਨੇ ਦੀ ਹਮਾਇਤ

**ਜਲੰਧਰ (ਨ ਜ਼ ਸ)** -ਜਨਤਕ ਜਥੇਬੰਦੀਆਂ ਦੇ ਸਾਂਝੇ ਮੰਚ (ਜੇਪੀਐਮਓ) ਵਿੱਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਸੀਟੀਯੂ ਪੰਜਾਬ ਦੇ ਪ੍ਰਧਾਨ ਤੇ ਜਨਰਲ ਸਕੱਤਰ ਦੇਵ ਰਾਜ ਵਰਮਾ ਤੇ ਨੱਥਾ ਸਿੰਘ ਢੱਡਵਾਲ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਤੇ ਜਨਰਲ ਸਕੱਤਰ ਦਰਸ਼ਨ ਨਾਹਰ ਤੇ ਗੁਰਨਾਮ ਸਿੰਘ ਦਾਊਦ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਤੇ ਜਨਰਲ ਸਕੱਤਰ ਡ.ਾ ਸਤਨਾਮ ਸਿੰਘ ਅਜਨਾਲਾ ਤੇ ਕੁਲਵੰਤ ਸਿੰਘ ਸੰਧੂ,ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਤੇ ਜਨਰਲ ਸਕੱਤਰ ਸ਼ਤੀਸ ਰਾਣਾ ਤੇ ਤੀਰਥ ਬਾਸੀ, ਨਾਰਦਰਨ ਰੇਲਵੇ ਮੈਨਜ ਯੂਨੀਅਨ( ਐਨਆਰਐਮਯੂ) ਡਵੀਜ਼ਨ ਫਿਰੋਜ਼ਪੁਰ ਦੇ ਪ੍ਰਧਾਨ ਤੇ ਸਕੱਤਰ ਕੁਲਵਿੰਦਰ ਸਿੰਘ ਗਰੇਵਾਲ ਤੇ ਸ਼ਿਵ ਦੱਤ ਸ਼ਰਮਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਪ੍ਰਧਾਨ ਤੇ ਜਨਰਲ ਸਕੱਤਰ ਮਨਜਿੰਦਰ ਸਿੰਘ ਢੇਸੀ ਤੇ ਧਰਮਿੰਦਰ ਸਿੰਘ ਮੁਕੇਰੀਆਂ, ਔਰਤ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਪ੍ਰੋ ਸੁਰਿੰਦਰ ਗਿੱਲ ਜੈਪਾਲ ਨੇ ਇਥੋਂ ਜਾਰੀ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ 'ਸੰਯੁਕਤ ਕਿਸਾਨ ਮੋਰਚੇ' ਵਲੋਂ 26 ਤੋਂ 28 ਨਵੰਬਰ ਤੱਕ ਰਾਜਧਾਨੀ ਚੰਡੀਗੜ੍ਹ ਵਿਖੇ ਦਿੱਤੇ ਜਾ ਰਹੇ ਦਿਨ-ਰਾਤ ਦੇ ਤਿੰਨ ਰੋਜ਼ਾ ਧਰਨੇ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਉਪਰੋਕਤ ਆਗੂਆਂ ਨੇ ਮੰਗ ਕੀਤੀ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੀ ਮੰਨੀਆਂ ਮੰਗਾਂ ਲਾਗੂ ਕਰੇ ਅਤੇ ਰਹਿੰਦੀਆਂ ਮੰਗਾਂ ਦਾ ਨੇਕ ਨੀਅਤ ਨਾਲ ਯੋਗ ਨਿਪਟਾਰਾ ਕਰੇ।

# ਪੁਰਾਣੀ ਪੈਨਸ਼ਨ ਪ੍ਰਤੀ ਆਪ ਸਰਕਾਰ ਨਹੀਂ ਗੰਭੀਰ : ਪੀ ਪੀ ਪੀ ਐੱਫ




**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—

ਕੈਬਨਿਟ ਸਬ ਕਮੇਟੀ ਵੱਲੋਂ ਪੰਜਾਬ ਭਵਨ ਵਿਖੇ ਮੁਲਾਜਮ ਜੱਥੇਬੰਦੀਆਂ ਨਾਲ ਮੀਟਿੰਗਾਂ ਕਰਨ ਦਾ ਜਾਰੀ ਕੀਤਾ ਸਰਕਾਰੀ ਰੋਸਟਰ ਮਹਿਜ ਡਰਾਮਾ ਸਾਬਤ ਹੋਇਆ ਜਦੋਂ ਸਾਰੇ ਦਿਨ ਦੇ ਇੰਤਜਾਰ ਮਗਰੋਂ ਵੀ ਮੰਤਰੀਆਂ ਦੀ ਸਬ ਕਮੇਟੀ ਵੱਲੋਂ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ.ਪੀ.ਪੀ.ਐੱਫ.) ਸਮੇਤ ਹੋਰਨਾਂ ਜੱਥੇਬੰਦੀਆਂ ਨਾਲ ਮੀਟਿੰਗ ਨਹੀਂ ਕੀਤੀ ਗਈ। ਗੌਰਤਲਬ ਹੈ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ ਵੱਲੋਂ 19 ਨਵੰਬਰ ਨੂੰ ਸੰਗਰੂਰ ਵਿਖੇ ਕੀਤੀ ਸੂਬਾਈ ਰੈਲੀ ਅਤੇ ਮੁੱਖ ਮੰਤਰੀ ਨਿਵਾਸ ਵੱਲ ਕੀਤੇ ਮਾਰਚ ਮਗਰੋਂ ਸੰਗਰੂਰ ਪ੍ਰਸ਼ਾਸਨ ਵੱਲੋਂ ਕੈਬਨਿਟ ਸਬ ਕਮੇਟੀ ਨਾਲ ਫਰੰਟ ਦੀ 22 ਨਵੰਬਰ ਦੀ ਮੀਟਿੰਗ ਤੈਅ ਕਰਵਾਈ ਗਈ ਸੀ। ਪੀ.ਪੀ.ਪੀ.ਐੱਫ. ਸਮੇਤ ਪੰਜਾਬ ਭਵਨ ਵਿਖੇ ਸਬ ਕਮੇਟੀ ਨਾਲ ਮੀਟਿੰਗ ਲਈ ਪਹੁੰਚੀਆਂ ਕਈ ਮੁਲਾਜਮ ਜੱਥੇਬੰਦੀਆਂ ਦੇ ਪੱਲੇ ਨਿਰਾਸ਼ਾ ਹੀ ਪਈ ਕਿਉਂਕਿ ਲਗਭਗ 5-6 ਘੰਟਿਆਂ ਦੀ ਉਡੀਕ ਪਿਛੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅਗਲੇ ਦਿਨਾਂ ਵਿੱਚ ਮੀਟਿੰਗ ਦੀ ਮਿਤੀ ਦੁਬਾਰਾ ਤੈਅ ਕਰਕੇ ਗੱਲਬਾਤ ਕਰਨ ਦਾ ਕੇਵਲ ਜੁਬਾਨੀ ਭਰੋਸਾ ਦੇ ਦਿੱਤਾ ਗਿਆ। ਫਰੰਟ ਵੱਲੋਂ ਪੰਜਾਬ ਭਵਨ ਦੇ ਬਾਹਰ ਫੌਰੀ ਸੂਬਾ ਕਮੇਟੀ ਮੀਟਿੰਗ ਕਰਕੇ ਗੱਲਬਾਤ ਤੋਂ ਭੱਜੀ ਆਪ ਸਰਕਾਰ ਖਿਲਾਫ ਦਸੰਬਰ ਦੇ ਪਹਿਲੇ ਹਫਤੇ 'ਆਪ' ਦੇ ਮੰਤਰੀਆਂ/ ਵਿਧਾਇਕਾਂ ਦੇ ਘਰਾਂ ਅਤੇ ਦਫਤਰਾਂ ਅੱਗੇ ਆਪ ਸਰਕਾਰ ਦੇ ਪੁਤਲੇ ਫੂਕਣ ਦਾ ਫੈਸਲਾ ਕੀਤਾ ਗਿਆ। ਫਰੰਟ ਦੇ ਸੂਬਾ ਕਨਵੀਨਰ ਅਤਿੰਦਰ ਪਾਲ ਸਿੰਘ, ਜੋਨ ਕਨਵੀਨਰ ਗੁਰਬਿੰਦਰ ਸਿੰਘ ਖਹਿਰਾ, ਇੰਦਰ ਸੁਖਦੀਪ ਸਿੰਘ ਓਢਰਾ, ਸੂਬਾ ਪ੍ਰੈੱਸ ਸਕੱਤਰ ਸਤਪਾਲ ਸਮਾਨਵੀ, ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਮਨਜੀਤ ਸਿੰਘ ਦਸੂਹਾ ਅਤੇ ਸੁਖਦੇਵ ਡਾਨਸੀਵਾਲ ਨੇ ਦੱਸਿਆ ਕਿ ਬਦਲਾਅ ਦਾ ਨਾਅਰਾ ਲਾ ਕੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਦਾ ਮੁਲਾਜਮ ਮੰਗਾਂ ਪ੍ਰਤੀ ਰਵੱਈਆ ਪਿਛਲੀਆਂ ਸਰਕਾਰਾਂ ਦਾ ਹੀ ਦੁਹਰਾਅ ਹੈ। ਮੁਲਾਜਮਾਂ ਨੂੰ ਆਪਣੀਆਂ ਮੰਗਾਂ ਲਈ ਤਿੱਖੇ ਅਤੇ ਲਗਾਤਾਰ ਸੰਘਰਸ਼ਾਂ ਲਈ ਮਜਬੂਰ ਕਰਨਾ ਅਤੇ ਇਹਨਾਂ ਸੰਘਰਸ਼ਾਂ ਮਗਰੋਂ ਸਰਕਾਰ ਨਾਲ ਮਿਲਣ ਵਾਲੀਆਂ ਮੀਟਿੰਗਾਂ ਦਾ ਬੇਸਿੱਟਾ ਰਹਿਣਾ ਜਾਂ ਮੀਟਿੰਗ ਹੀ ਨਾ ਕਰਨਾ ਪੰਜਾਬ ਦੀ ਸਿਆਸੀ ਜਮਾਤ ਦਾ ਅਭਿੰਨ ਕਿਰਦਾਰ ਬਣ ਚੁੱਕਿਆ ਹੈ, ਜਿਸ ਤੋਂ ਅਜੋਕੀ ਸਰਕਾਰ ਕਿਸੇ ਵੀ ਤਰ੍ਹਾਂ ਵੱਖ ਨਹੀਂ। ਉਹਨਾਂ ਕਿਹਾ ਕਿ ਪੁਰਾਣੀ ਪੈਨਸ਼ਨ ਦਾ ਮੁੱਦਾ ਐੱਨ.ਪੀ.ਐੱਸ ਮੁਲਾਜਮਾਂ ਦੇ ਪਰਵਾਰਾਂ ਅਤੇ ਜ਼ਿੰਦਗੀਆਂ ਨਾਲ ਜੁੜਿਆ ਮਸਲਾ ਹੈ ਜਿਸ ਦੇ ਲਈ ਉਹ ਹਰ ਸੰਘਰਸ਼ੀ ਕੀਮਤ ਦੇ ਕੇ ਵੀ ਡਟੇ ਰਹਿਣਗੇ। ਉਹਨਾਂ ਕਿਹਾ ਕਿ ਮਾਨਯੋਗ ਕੈਬਨਿਟ ਮੰਤਰੀ ਦੇ ਦੁਬਾਰਾ ਮੀਟਿੰਗ ਤੈਅ ਕਰਵਾਉਣ ਦਾ ਭਰੋਸਾ ਵੀ ਜੇਕਰ ਲਾਰਾ ਸਾਬਤ ਹੋਇਆ ਤਾਂ ਕੈਬਨਿਟ ਸਬ ਕਮੇਟੀ ਦੇ ਮੁਲਾਜਮ ਵਿਰੋਧੀ ਰਵੱਈਏ ਖਿਲਾਫ ਫਰੰਟ ਵੱਲੋਂ ਉਲੀਕੇ ਰੋਸ ਮੁਜਾਹਰਿਆਂ ਦਾ ਸੇਕ ਆਪ ਸਰਕਾਰ ਨੂੰ ਝੱਲਣਾ ਪਵੇਗਾ। ਇਸ ਮੌਕੇ ਨਿਰਮਲ ਸਿੰਘ ਨਿਹਾਲਪੁਰ, ਵਰਿੰਦਰ ਸੈਣੀ, ਬਲਜੀਤ ਸਿੰਘ ਮਹਿਮੋਵਾਲ, ਮਨਜੀਤ ਸਿੰਘ ਬਾਬਾ, ਰਜਿੰਦਰ ਹੇਜਮਾਂ, ਜਸਮੀਤ ਸਿੰਘ, ਰੇਸ਼ਮ ਸਿੰਘ ਧੁੱਗਾ, ਵਰਿੰਦਰ ਸ਼ਹਿਬਾਜ਼ਪੁਰ, ਦਲਜੀਤ ਸਿੰਘ, ਰਾਜ ਕੁਮਾਰ, ਨੰਦ ਰਾਮ, ਜਸਵਿੰਦਰ ਝਿੰਗੜ, ਰਾਜੇਸ਼ ਚੌਹਾਨ, ਸੁਖਦੇਵ ਸਿੰਘ, ਜਰਨੈਲ ਸਿੰਘ ਆਦਿ ਵੀ ਹਾਜਰ ਸਨ।

# ਪ੍ਰਧਾਨ ਮਹਿਤਾ ਦੀ ਅਗਵਾਈ 'ਚ ਪੰਜਾਬ ਕ੍ਰਿਕਟ ਐਸੋਸੀਏਸ਼ਨ ਨਵੀਆਂ ਬੁਲੰਦੀਆਂ ਵੱਲ



**ਚੰਡੀਗੜ੍ਹ**–ਹਾਲ ਹੀ ਦੇ ਸਾਲਾਂ ਵਿੱਚ, ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀਸੀਏ) ਆਪਣੀ ਦੂਰਅੰਦੇਸ਼ੀ ਲੀਡਰਸ਼ਿਪ ਦੀ ਬਦੌਲਤ ਸਫਲਤਾ ਦਾ ਝੰਡੇ ਗੱਡਣ ਵਿਚ ਕਾਮਯਾਬ ਹੋਇਆ ਹੈ। ਜਿਵੇਂ ਕਿ ਅਸੀਂ ਦੀਵਾਲੀ ਦੇ ਤਿਉਹਾਰ ਦੀ ਰੌਣਕ ਵਿੱਚ ਖੁਸ਼ੀਆਂ ਮਨਾਉਂਦੇ ਹਾਂ, ਇਹ ਪੰਜਾਬ ਦੇ ਖਿਡਾਰੀਆਂ ਵਲੋਂ ਕੀਤੀਆਂ ਵੱਡੀਆਂ ਇਤਿਹਾਸਕ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਦਾ ਢੁਕਵਾਂ ਸਮਾਂ ਹੈ, ਜਿਨ੍ਹਾਂ ਨੇ ਪੰਜਾਬ ਨੂੰ ਕ੍ਰਿਕਟ ਦੇ ਖੇਤਰ ਵਿਚ ਨਵੀਆਂ ਬੁਲੰਦੀਆਂ 'ਤੇ ਪੁਹੰਚਾਇਆ ਹੈ। ਪੀ.ਸੀ.ਏ. ਨੇ ਨਾ ਸਿਰਫ਼ ਨਵੀਆਂ ਉਚਾਈਆਂ ਨੂੰ ਸਰ ਕੀਤਾ ਹੈ, ਸਗੋਂ ਭਾਰਤ ਵਿੱਚ ਇੱਕ ਕ੍ਰਿਕੇਟਿੰਗ ਪਾਵਰਹਾਊਸ ਵਜੋਂ ਆਪਣੀ ਸਥਿਤੀ ਨੂੰ ਵੀ ਮਜ਼ਬੂਤ ਕੀਤਾ ਹੈ। ਸ਼ਾਨਦਾਰ ਪ੍ਰਾਪਤੀਆਂ ਵਿੱਚੋਂ ਆਈ.ਪੀ.ਐਲ. ਟੂਰਨਾਮੈਂਟ ਮੈਚਾਂ ਦੀ ਸਫਲ ਮੇਜ਼ਬਾਨੀ ਮੌਕੇ ਇੱਕ ਮੈਚ ਦੌਰਾਨ ਸਭ ਤੋਂ ਵੱਧ ਟਿਕਟ ਦੀ ਵਿਕਰੀ ਦਾ ਰਿਕਾਰਡ ਕਾਇਮ ਕਰਨਾ ਸ਼ਾਮਲ ਹੈ। ਇਸ ਕਾਰਨਾਮੇ ਨੇ ਨਾ ਸਿਰਫ਼ ਪੀ.ਸੀ.ਏ. ਦੇ ਸੰਗਠਨਾਤਮਕ ਹੁਨਰ ਨੂੰ ਪ੍ਰਦਰਸ਼ਿਤ ਕੀਤਾ ਬਲਕਿ ਪੰਜਾਬ ਵਿੱਚ ਕ੍ਰਿਕਟ ਸੱਭਿਆਚਾਰ ਨੂੰ ਵੀ ਵੱਡੇ ਪੱਧਰ 'ਤੇ ਉਭਾਰਿਆ ਹੈ। ਪਹਿਲਾ ਸ਼ੇਰ-ਏ-ਪੰਜਾਬ ਕ੍ਰਿਕੇਟ ਕੱਪ ਸਥਾਨਕ ਪ੍ਰਤਿਭਾ ਨੂੰ ਸੇਧ ਦੇਣ ਲਈ ਪੀ.ਸੀ.ਏ ਦੀ ਵਚਨਬੱਧਤਾ ਦੀ ਨਿਰੰਤਰ ਗਵਾਹੀ ਭਰ ਰਿਹਾ ਹੈ। ਇਸ ਪਹਿਲਕਦਮੀ ਨੇ ਨਾ ਸਿਰਫ਼ ਪੰਜਾਬ ਦੇ ਕ੍ਰਿਕੇਟ ਖਿਡਾਰੀਆਂ ਨੂੰ ਇੱਕ ਵੱਡਾ ਮੰਚ ਪ੍ਰਦਾਨ ਕੀਤਾ ਹੈ ਬਲਕਿ ਖਿਡਾਰੀਆਂ ਵਿੱਚ ਵਿਸ਼ਵਾਸ ਵੀ ਪੈਦਾ ਕੀਤਾ ਹੈ, ਜਿਸ ਨਾਲ ਖੇਤਰ ਵਿੱਚ ਕ੍ਰਿਕਟ ਦੇ ਸੁਨਹਿਰੇ ਭਵਿੱਖ ਦਾ ਆਗਾਜ਼ ਹੋਇਆ ਹੈ। 30 ਸਾਲਾਂ ਦੇ ਲੰਮੇ ਵਕਫ਼ੇ ਉਪਰੰਤ ਸਈਅਦ ਮੁਸ਼ਤਾਕ ਅਲੀ ਜਿੱਤਣਾ ਪੀ.ਸੀ.ਏ. ਲਈ ਇੱਕ ਇਤਿਹਾਸਕ ਪਲ ਹੈ। ਪ੍ਰਧਾਨ ਅਮਰਜੀਤ ਸਿੰਘ ਮਹਿਤਾ ਵੱਲੋਂ ਪੀ.ਸੀ.ਏ ਵਲੋਂ ਵੱਖਰੇ ਤੌਰ 'ਤੇ 80 ਲੱਖ (ਬੀ.ਸੀ.ਸੀ.ਆਈ. ਦੁਆਰਾ ਘੋਸ਼ਿਤ ਕੀਤੀ ਗਈ ਰਕਮ ਦੇ ਬਰਾਬਰ) ਰੁਪਏ ਦੇ ਰਿਕਾਰਡ ਨਕਦ ਇਨਾਮ ਦੇ ਫੈਸਲੇ ਨਾਲ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਹੈ। ਪੀ.ਸੀ.ਏ ਨੇ ਬੱਚਿਆਂ ਦੀ ਪ੍ਰਤਿਭਾ ਨੂੰ ਤਰਾਸ਼ਨ ਲਈ, ਅੰਡਰ-14 ਟੂਰਨਾਮੈਂਟ ਕਈ ਸਾਲਾਂ ਦੇ ਵਕਫ਼ੇ ਤੋਂ ਬਾਅਦ ਮੁੜ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ, ਸੀਨੀਅਰ ਅਤੇ ਉਮਰ ਵਰਗ ਦੀਆਂ ਟੀਮਾਂ ਲਈ ਪੇਸ਼ੇਵਰ ਕੋਚਿੰਗ ਅਤੇ ਸਹਿਯੋਗੀ ਸਟਾਫ ਦੀਆਂ ਵਿਸ਼ੇਸ਼ ਸੇਵਾਵਾਂ ਲਈਆਂ ਜਾ ਰਹੀਆਂ ਹਨ, ਜੋ ਅਜਿਹੇ ਪ੍ਰਤਿਭਾ ਪੂਲ ਅਤੇ ਬੈਂਚ ਸਟਰੈਂਥ ਨੂੰ ਬਣਾਉਣ ਵਿੱਚ ਇੱਕ ਲੰਮਾ ਸਫ਼ਰ ਤੈਅ ਕਰੇਗਾ ਜੋ ਭਵਿੱਖ ਲਈ ਮੀਲ ਪੱਥਰ ਸਾਬਤ ਹੋਵੇਗਾ। ਮਹਿਲਾ ਕ੍ਰਿਕਟ ਨੂੰ ਮਜ਼ਬੂਤ ਕਰਨ ਲਈ ਨਵੀਂ ਪ੍ਰਣਾਲੀ ਬਣਾਉਣ ਲਈ ਜ਼ੋਰਾਂ 'ਤੇ ਕੰਮ ਚੱਲ ਰਿਹਾ ਹੈ, ਜਿਸ ਦੇ ਨਤੀਜੇ ਜਲਦ ਦੇਖਣ ਨੂੰ ਮਿਲਗੇ। ਕ੍ਰਿਕਟ ਦੇ ਖੇਤਰ ਤੋਂ ਪਰੇ, ਪੀਸੀਏ ਨੇ ਸਮਾਜਿਕ ਜ਼ਿੰਮੇਵਾਰੀ ਦੀ ਮਜ਼ਬੂਤ ਭਾਵਨਾ ਪ੍ਰਦਰਸ਼ਿਤ ਕੀਤੀ ਹੈ। ਸੂਬੇ ਵਿੱਚ ਆਏ ਹੜ੍ਹਾਂ ਦੌਰਾਨ ਮੁੱਖ ਮੰਤਰੀ ਰਾਹਤ ਫੰਡ ਲਈ 50 ਲੱਖ ਰੁਪਏ ਦਾ ਯੋਗਦਾਨ ਦੇ ਕੇ ਲੋੜ ਦੇ ਸਮੇਂ ਵਿੱਚ ਮਨੁੱਖਤਾ ਦੀ ਸਹਾਇਤਾ ਕਰਨ ਲਈ ਐਸੋਸੀਏਸ਼ਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪੀ.ਸੀ.ਏ ਮੋਹਾਲੀ ਨੇ ਦਰਸ਼ਕਾਂ ਲਈ ਮੈਚਾਂ ਸਮੇਂ ਆਵਾਜਾਈ ਨੂੰ ਸੁਚਾਰੂ ਬਣਾਉਣ ਅਤੇ ਸਟੇਡੀਅਮ ਦੇ ਆਲੇ-ਦੁਆਲੇ ਟਰੈਫਿਕ ਭੀੜ ਨੂੰ ਘੱਟ ਕਰਨ, ਲਈ ਇੱਕ ਸ਼ਾਨਦਾਰ ਮੁਫ਼ਤ ਸ਼ਟਲ ਸੇਵਾ ਦੀ ਵੀ ਸ਼ੁਰੂਆਤ ਕੀਤੀ ਹੈ। ਇਸ ਵਾਤਾਵਰਣ ਪੱਖੀ ਪਹਿਲਕਦਮੀ ਨੇ ਸਫਲਤਾਪੂਰਵਕ ਪਹੁੰਚਯੋਗਤਾ ਨੂੰ ਵਧਾਇਆ ਅਤੇ ਕ੍ਰਿਕਟ ਪ੍ਰੇਮੀਆਂ ਲਈ ਲੌਜਿਸਟਿਕਲ ਚੁਣੌਤੀਆਂ ਨੂੰ ਦੂਰ ਕੀਤਾ ਹੈ। ਨਿਊ ਚੰਡੀਗੜ੍ਹ ਵਿਖੇ ਨਵੇਂ ਕ੍ਰਿਕਟ ਸਟੇਡੀਅਮ ਦਾ ਮੁਕੰਮਲ ਹੋਣਾ ਇੱਕ ਵੱਡੀ ਪ੍ਰਾਪਤੀ ਹੈ। ਇਹ ਅਤਿ-ਆਧੁਨਿਕ ਸਹੂਲਤ ਮੌਜੂਦਾ ਪ੍ਰਬੰਧ ਦੇ ਅਣਥੱਕ ਯਤਨਾਂ ਅਤੇ ਵਚਨਬੱਧਤਾ ਦਾ ਸਬੂਤ ਹੈ। ਇਹ ਸਟੇਡੀਅਮ ਕ੍ਰਿਕਟ ਦੀ ਉੱਤਮਤਾ ਦਾ ਕੇਂਦਰ ਬਣਨ ਲਈ ਤਿਆਰ ਹੈ, ਜੋ ਖਿਡਾਰੀਆਂ ਅਤੇ ਪ੍ਰਸ਼ੰਸਕਾਂ ਲਈ ਵਿਸ਼ਵ ਪੱਧਰੀ ਥਾਂ ਤੇ ਸਹੂਲਤ ਪ੍ਰਦਾਨ ਕਰਦਾ ਹੈ। ਸਫਲਤਾ ਦੀ ਅਗਵਾਈ ਕਰਨ ਵਾਲੀ ਸਹਿਯੋਗੀ ਭਾਵਨਾ ਨੂੰ ਸਵੀਕਾਰ ਕਰਦੇ ਹੋਏ, ਪ੍ਰਧਾਨ ਅਮਰਜੀਤ ਸਿੰਘ ਮਹਿਤਾ ਨੇ ਲਾਈਫ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਦਾ ਅਟੁੱਟ ਸਮਰਥਨ ਪੀ.ਸੀ.ਏ ਦੀਆਂ ਪ੍ਰਾਪਤੀਆਂ ਦਾ ਆਧਾਰ ਹੈ। ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਸਹਿਯੋਗ ਨੇ ਪੀ.ਸੀ.ਏ. ਦੇ ਸਫਲਤਾ ਦੇ ਸਫਰ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਜਿਵੇਂ ਹੁਣ ਅਸੀਂ ਇੱਕ ਹੋਰ ਨਵੇਂ ਸਾਲ ਦੀ ਉਡੀਕ ਵਿੱਚ ਹਾਂ, ਪੰਜਾਬ ਕ੍ਰਿਕਟ ਐਸੋਸੀਏਸ਼ਨ ਵੀ ਹੋਰ ਵੱਡੀਆਂ ਪ੍ਰਾਪਤੀਆਂ ਦੇ ਸਿਖਰ 'ਤੇ ਹੈ। ਨਵੇਂ ਪ੍ਰਧਾਨ ਅਮਰਜੀਤ ਸਿੰਘ ਮਹਿਤਾ ਅਤੇ ਬਾਕੀ ਪ੍ਰਬੰਧਕੀ ਟੀਮ ਨੇ ਪਿਛਲੇ ਪ੍ਰਧਾਨਾਂ ਦੀ ਵਿਰਾਸਤ ਨੂੰ ਨਾ ਸਿਰਫ਼ ਬਰਕਰਾਰ ਰੱਖਿਆ ਗਿਆ ਹੈ, ਸਗੋਂ ਵਧਾਇਆ ਵੀ ਗਿਆ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਪੀ.ਸੀ.ਏ ਪੰਜਾਬ ਦੇ ਦਿਲ ਵਿੱਚ ਕ੍ਰਿਕਟ ਦੀ ਉੱਤਮਤਾ ਦਾ ਚਾਨਣ ਕਰਦਾ ਰਹੇਗਾ।

# ਸੁਖਵਿੰਦਰ ਪੰਛੀ ਦਾ ਧਾਰਮਿਕ ਟਰੈਕ 'ਸਤਿਗੁਰੂ ਬਾਜਾਂ ਵਾਲਾ' ਜਲਦ ਹੋਵੇਗਾ ਰਿਲੀਜ਼



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**- ਪਿਛਲੇ ਚਾਰ ਦਹਾਕਿਆਂ ਤੇ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਲੱਖਾਂ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਇੰਟਰਨੈਸ਼ਨਲ ਗਾਇਕ ਸੁਖਵਿੰਦਰ ਪੰਛੀ ਨਵੇਂ ਧਾਰਮਿਕ ਟਰੈਕ ਸਤਿਗੁਰੂ ਬਾਜਾਂ ਵਾਲਾ ਨਾਲ ਸੰਗਤਾਂ ਦੇ ਸਨਮੁੱਖ ਹੋ ਰਹੇ ਹਨ। ਇਸ ਟਰੈਕ ਦੇ ਗੀਤਕਾਰ ਅਜਾਇਬ ਸਿੰਘ ਚੀਮਾ ਯੂ ਐਸ ਏ, ਮਿਊਜਕ ਡਾਇਰੈਕਟਰ ਕਮਲ ਸੂਰਮਾ ,ਵੀਡਿਓ ਡਾਇਰੈਕਟਰ ਬਿੱਟੂ ਮਾਨ ਫਿਲਮਜ,ਕਬੱਡੀ ਪ੍ਰਮੋਟਰ ਬੂਟਾ ਲੋਧੀ ਢਿੱਲੋਂ ਯੂ ਐਸ ਏ, ਪ੍ਰੋਡਿਊਸਰ ਸਤਵਿੰਦਰ ਸਿੰਘ ਸੰਧਰ ਕੋਟਲੀ ਥਾਨ ਸਿੰਘ ਯੂ ਐਸ ਏ, ਪੰਜਾਬ ਰੇਡੀਓ ਯੂ ਕੇ ਦੇ ਐੱਮ ਡੀ ਸੁਰਜੀਤ ਸਿੰਘ ਘੁੰਮਣ, ਗੁਰਵਿੰਦਰ ਸਿੰਘ ਘੁੰਮਣ ਅਤੇ ਨਗਰ ਨਿਵਾਸੀ ਘੁੰਮਣ, ਪੇਸ਼ਕਸ਼ ਲੇਬਲ ਐਸ ਪੀ ਟਰੈਕ ਕੰਪਨੀ ਦਾ ਹੈ। ਇਹ ਟਰੈਕ ਬਹੁਤ ਜਲਦੀ ਸੋਸ਼ਲ ਸਾਈਟਾਂ ਯੂ ਟਿਊਬ ਅਤੇ ਵੱਖ ਵੱਖ ਚੈਨਲਾਂ ਤੇ ਵਰਲਡ ਵਾਈਡ ਰਿਲੀਜ਼ ਕਰ ਦਿੱਤਾ ਜਾਵੇਗਾ।

## ਐੱਸ ਐੱਫ ਸੀ ਗਰੁੱਪ ਨੇ ਕਰਵਾਇਆ ਗੁਰਪੁਰਬ ਨੂੰ ਸਮਰਪਤ ਸੁਖਮਨੀ ਸਾਹਿਬ ਦਾ ਪਾਠ



**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ਼ ਸੀ ਗਰੁੱਪ ਆਫ ਇੰਸਟੀਟਿਊਟਸ 'ਚ ਮੈਨੇਜਮੈਂਟ, ਸਟਾਫ਼ ਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਪਾਠ ਕਰਵਾਇਆ ਗਿਆ।ਇਸ ਉਪਰੰਤ ਕੀਰਤਨੀਏ ਜਥੇ ਵੱਲੋਂ ਸ਼ਬਦ ਕੀਰਤਨ 'ਚ 'ਜਨਮ ਮਰਨ ਸੁਖ ਨਾਤਾ, ਜਿੱਥੇ ਬਾਬਾ ਪੈਰ ਧਰੇ', 'ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਧ ਜੱਗ ਚਾਨਣ ਹੋਇਆ'ਆਦਿ ਪਾਵਨ ਸ਼ਬਦ ਸੁਣਾ ਕੇ ਸੰਗਤ ਨੂੰ ਨਿਹਾਲ ਕੀਤਾ।ਉਨ੍ਹਾ ਸੰਗਤਾਂ ਨੂੰ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੀ ਭਗਤੀ 'ਚ ਲੀਨ ਰਹਿ ਕੇ ਸਮਾਜ ਦਾ ਭਲਾ ਕੀਤਾ।ਸਾਨੂੰ ਹਮੇਸ਼ਾ ਆਪਣੇ ਧਰਮ ਦੇ ਪੱਕੇ ਰਹਿਣਾ ਚਾਹੀਦਾ ਤੇ ਸੱਚ ਦੀ ਪਾਲਣਾ ਕਰਨੀ ਚਾਹੀਦੀ ਹੈ। ਉਪਰੰਤ ਐੱਸ ਐੱਫ਼ ਸੀ ਗਰੁੱਪ ਆਫ ਇੰਸਟੀਟਿਊਟਜ਼ ਦੇ ਸੀਈਓ ਸ਼੍ਰੀ ਅਭਿਸ਼ੇਕ ਜਿੰਦਲ ਨੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਜੀ ਦੇ ਦਸੇ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ।ਹਰ ਇਨਸਾਨ ਦੇ ਭਵਸਾਗਰ ਤੋਂ ਪਾਰ ਜਾਣ ਦਾ ਰਾਹ ਪ੍ਰਭੂ ਦਾ ਸਿਮਰਨ ਹੀ ਹੈ। ਸਾਨੂੰ ਗੁਰੂ ਜੀ ਦੇ ਕਿਰਤ ਕਰੋ, ਨਾਮ ਜਪ, ਵੰਡ ਛੱਕੋ ਦੇ ਸਿਧਾਂਤ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ। ਇਸ ਮੌਕੇ ਐੱਸ ਐੱਫ਼ ਸੀ ਗਰੁੱਪ ਆਫ ਇੰਸਟੀਟਿਊਟਸ ਦੇ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਵਿਦਿਆਰਥੀਆਂ ਦੇ ਲੰਮੇ ਕੇਸ ਤੇ ਦਸਤਾਰ ਮੁਕਾਬਲੇ ਕਰਵਾਏ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਸਥਾਨਕ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਬੱਚਿਆਂ ਨੂੰ ਦਸਤਾਰ ਬੰਨ੍ਹਣ ਤੇ ਕੇਸਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਵਿੱਚ ਰੁਚੀ ਪੈਦਾ ਕਰਨ ਦੇ ਮਕਸਦ ਨਾਲ ਸਕੂਲ ਵਿਖੇ ਹਾਊਸ ਵਾਈਜ਼ ਵਿਦਿਆਰਥੀਆਂ ਦੇ ਲੰਮੇ ਕੇਸ ਤੇ ਦਸਤਾਰ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ 300 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਮੁਕਾਬਲਿਆਂ ਦੌਰਾਨ ਜੱਜਮੈਂਟ ਦੀ ਭੂਮਿਕਾ ਡੀ.ਪੀ.ਈ. ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ ਤੇ ਲਖਵਿੰਦਰ ਕੌਰ ਨੇ ਅਦਾ ਕੀਤੀ। ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਕੌਰ ਢਿੱਲੋਂ ਨੇ ਬੱਚਿਆਂ ਨੂੰ ਦਸਤਾਰ ਤੇ ਕੇਸਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਤੇ ਮਹਾਨ ਜਰਨੈਲਾਂ ਨੇ ਕੇਸਾਂ ਤੇ ਦਸਤਾਰ ਲਈ ਸ਼ਹਾਦਤ ਦਿੱਤੀ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਕੇਸਾਂ ਤੇ ਦਸਤਾਰ ਦਾ ਸਤਿਕਾਰ ਵੀ ਬਹਾਲ ਰੱਖੀਏ। ਇਸ ਮੌਕੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਸਮੇਤ ਸਟਾਫ ਮੈਂਬਰ ਵੀ ਹਾਜ਼ਰ ਸਨ।

## ਮਰਹੂਮ ਸਤਪਾਲ ਦੁਤਾਲ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੀਨੀਅਰ ਅਕਾਲੀ ਆਗੂ ਸਤਪਾਲ ਸਿੰਘ ਦੁਤਾਲ ਦੇ ਅਚਾਨਕ ਵਿਛੋੜੇ ਉੱਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ, ਵਿਧਾਨ ਸਭਾ ਹਲਕਾ ਚਮਕੌਰ ਸਾਹਿਬ ਦੇ ਇੰਚਾਰਜ ਡੀਟੀਓ ਕਰਨ ਸਿੰਘ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਸਵਰਗੀ ਸਤਪਾਲ ਸਿੰਘ ਦੇ ਗ੍ਰਹਿ ਵਿਖੇ ਪਹੁੰਚੇ। ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਕਿਹਾ ਕਿ ਸਵਰਗੀ ਸਤਪਾਲ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਵਰਕਰ ਸਨ ਤੇ ਪਿਛਲੇ ਲੰਬੇ ਸਮੇਂ ਤੋਂ ਉਹ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਆ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ, ਪੀਏਡੀਬੀ ਦੇ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਬਰਾਸ, ਯੂਥ ਅਕਾਲੀ ਆਗੂ ਵਰੁਣ ਕੁਮਾਰ ਕਾਂਸਲ, ਰਸਪਾਲ ਸਿੰਘ ਬਰਾਸ, ਗੁਰਦੀਪ ਸਿੰਘ ਡਰੋਲੀ, ਜੋਗਾ ਸਿੰਘ ਸਿੱਧੂ ਤੇ ਰਣਜੀਤ ਸਿੰਘ ਸਾਹੀ ਆਦਿ ਨੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ।

## ਸੁਪਰੀਮ ਕੌਨਵੈਂਟ ਸਕੂਲ 'ਚ ਕੋਰੀਓਗ੍ਰਾਫੀ ਮੁਕਾਬਲੇ



**ਜਗਰਾਉਂ (ਨਛੱਤਰ ਸੰਧੂ)**-ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ 'ਚ ਇੰਟਰ ਹਾਊਸ ਕੋਰੀਓਗ੍ਰਾਫੀ ਮੁਕਾਬਲੇ ਕਰਵਾਏ ਗਏ। ਕੋਰੀਓਗ੍ਰਾਫੀ ਮੁਕਾਬਲਿਆਂ 'ਚ ਚਾਰੇ ਹਾਊਸ ਭਗਤ ਸਿੰਘ, ਸੁਖਦੇਵ, ਰਾਜਗੁਰੂ ਅਤੇ ਨੇਤਾ ਜੀ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇੰਟਰ ਹਾਊਸ ਕੋਰੀਓਗ੍ਰਾਫੀ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਅਤੇ ਜੱਜਮੈਂਟ ਦੀ ਭੂਮਿਕਾ ਮਨਦੀਪ ਕੌਰ ਭਦੌੜ ਅਤੇ ਸਕੂਲ ਦੇ ਪ੍ਰੈਜ਼ੀਡੈਂਟ ਚਰਨ ਸਿੰਘ, ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ ਨੇ ਨਿਭਾਈ। ਪ੍ਰਿੰਸੀਪਲ ਸੰਦੀਪ ਕੁਮਾਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਕਲਚਰ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਅਤੇ ਬੋਲੀ ਬਾਰੇ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਮਨਦੀਪ ਕੌਰ ਭਦੌੜ ਨੇ ਬੱਚਿਆਂ ਨੂੰ ਪੰਜਾਬੀ ਸਾਹਿਤ ਦੀ ਜਾਣਕਾਰੀ ਦਿੱਤੀ। ਇਸੇ ਦੌਰਾਨ ਕੋਰੀਓਗ੍ਰਾਫੀ ਇੰਟਰ ਹਾਊਸ ਮੁਕਾਬਲੇ ਸ਼ੁਰੂ ਕਰਵਾਏ ਗਏ। ਕੋਰੀਓਗ੍ਰਾਫੀ ਵਿੱਚ ਅਲੱਗ ਅਲੱਗ ਵਿਸ਼ੇ ਜਿਵੇਂ ਦਾਜ ਪ੍ਰਥਾ, ਵਿਦੇਸ਼ ਜਾਣ ਰੁਝਾਨ, ਐਂਟੀ - ਟੈਰੋਰਿਜ਼ਮ, ਪੰਜਾਬੀ ਵਿਰਸ ਦੇ ਦੀ ਪੇਸ਼ਕਾਰੀ ਕੋਰੀਓਗ੍ਰਾਫੀ ਰਾਹੀਂ ਪੇਸ਼ ਕੀਤੀ। ਮੁਕਾਬਲਿਆਂ 'ਚ ਪਹਿਲੀ ਪੁਜ਼ੀਸ਼ਨ ਭਗਤ ਸਿੰਘ ਹਾਊਸ ਨੇ, ਦੂਜੇ ਦਰਜੇ 'ਤੇ ਨੇਤਾ ਜੀ ਹਾਊਸ ਰਿਹਾ। ਰਾਜਗੁਰੂ ਤੇ ਸੁਖਦੇਵ ਹਾਊਸ ਨੇ ਤੀਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਅੰਤ 'ਚ ਚੇਅਰਮੈਨ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਪ੍ਰੈਜ਼ੀਡੈਂਟ ਤੇ ਮਨਦੀਪ ਕੌਰ ਭਦੌੜ ਨੇ ਆਪਣੀਆਂ ਕਾਵਿ ਰਚਨਾਵਾਂ ਬੱਚਿਆਂ ਨਾਲ ਸਾਂਝੀਆਂ ਕੀਤੀਆਂ । ਪ੍ਰਿੰਸੀਪਲ ਸੰਦੀਪ ਕੁਮਾਰ ਜੇਤੂ ਟੀਮ ਦੇ ਵਿਦਿਆਰਥੀਆਂ ਨੂੰ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਸਭ ਦਾ ਧੰਨਵਾਦ ਕੀਤਾ।

## ਦੰਦਾਂ ਦੀ ਸਾਂਭ ਸੰਭਾਲ ਲਈ ਮੁਫਤ ਚੈੱਕਅਪ ਕੈਂਪ ਲਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਨਾਮਵਰ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜ਼ਪੁਰ ਰੋਇਲ ਵੱਲੋਂ ਛੋਟੇ ਬੱਚਿਆਂ ਦੇ ਦੰਦਾਂ ਦੀ ਸਾਂਭ ਸੰਭਾਲ ਦੇ ਮਕਸਦ ਨਾਲ ਇੱਕ ਮੁਫਤ ਡੈਂਟਲ ਚੈੱਕਅਪ ਕੈਂਪ ਲਾਇਆ ਗਿਆ।ਜੈਨਸਿਸ ਡੈਂਟਲ ਕਾਲਜ ਦੇ ਮਾਹਰ ਡਾਕਟਰਾਂ ਦੀ ਟੀਮ ਦੇ ਸਹਿਯੋਗ ਨਾਲ ਇਹ ਕੈਂਪ ਬਜੀਦਪੁਰ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਲਗਾਇਆ ਗਿਆ।ਇਸ ਕੈਂਪ ਦੌਰਾਨ ਜਿੱਥੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਗਈ, ਉੱਥੇ ਉਨ੍ਹਾਂ ਨੂੰ ਇਨ੍ਹਾਂ ਦੀ ਸਾਂਭ ਸੰਭਾਲ ਦੇ ਤਰੀਕੇ ਵੀ ਦੱਸੇ ਗਏ ਤੇ ਬੱਚਿਆਂ ਨੂੰ ਸਵੇਰੇ ਸ਼ਾਮ ਦੰਦਾਂ ਨੂੰ ਸਾਫ ਕਰਨ ਦੀ ਆਦਤ ਪਾਉਣ ਦੇ ਮਕਸਦ ਨਾਲ ਕਲੱਬ ਵੱਲੋਂ ਹਰੇਕ ਬੱਚੇ ਨੂੰ ਇੱਕ ਇੱਕ ਟੂਥ ਬਰਸ਼ ਤੇ ਟੂਥ ਪੇਸਟ ਗਿਫਟ ਕੀਤੀ ਗਈ। ਰੋਟਰੀ ਕਲੱਬ ਫਿਰੋਜ਼ਪੁਰ ਰੋਇਲ ਦੇ ਪ੍ਰਧਾਨ ਗੋਪਾਲ ਸਿੰਗਲਾ, ਉਪ ਪ੍ਰਧਾਨ ਵਿਕਾਸ ਬਜਾਜ, ਕੈਸ਼ੀਅਰ ਵਿਜੇ ਮੌਂਗਾ ਤੇ ਇਸ ਕੈਂਪ ਦੇ ਪ੍ਰੋਜੈਕਟ ਚੇਅਰਮੈਨ ਵਿਪਨ ਅਰੋੜਾ ਨੇ ਡਾਕਟਰਾਂ ਦੀ ਟੀਮ ਤੇ ਸਕੂਲ ਸਟਾਫ ਦਾ ਧੰਨਵਾਦ ਕੀਤਾ।ਇਸ ਮੌਕੇ ਨਿਰਮਲ ਮੌਂਗਾ, ਸੁਖਵਿੰਦਰ ਸਿੰਘ, ਰਜੀਵ ਸ਼ਰਮਾ ਦੁਆਰਾ ਇਸ ਕੈਂਪ ਵਿੱਚ ਸੇਵਾ ਨਿਭਾਈ ਗਈ।

## ਹੋਲੀ ਹਾਰਟ ਸਕੂਲ ਛਾਜਲੀ ਨੇ ਅਥਲੈਟਿਕਸ 'ਚ ਮਾਰੀਆਂ ਮੱਲਾਂ



**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਸਰਕਾਰ ਵੱਲੋਂ 67ਵੀਆਂ ਪੰਜਾਬ ਸਕੂਲ ਖੇਡਾਂ 2023-24 ਐਥਲੈਟਿਕਸ ਦੇ ਅੰਡਰ 17 ਦੇ ਮੁਕਾਬਲੇ ਸੰਗਰੂਰ ਵਿਖੇ ਕਰਾਏ ਗਏ, ਜਿਸ ਵਿੱਚ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦੇ ਵਿਦਿਆਰਥੀ ਗੁਰਵਿੰਦਰ ਸਿੰਘ ਪੁੱਤਰ ਬਾਦਲ ਸਿੰਘ ਛਾਜਲਾ ਨੇ 200 ਮੀਟਰ, 400 ਮੀਟਰ, 100×4 ਮੀਟਰ ਤੇ 4×400 ਰਿਲੇਅ ਰੇਸ ਵਿੱਚ ਭਾਗ ਲਿਆ, ਜਿਨ੍ਹਾਂ ਵਿੱਚੋਂ 400 ਮੀਟਰ 'ਚੋਂ ਤੀਜਾ ਤੇ 100×4 ਅਤੇ 4×400 ਰਿਲੇਅ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਮਨਦੀਪ ਚੱਠਾ, ਡਾਇ: ਅੰਮ੍ਰਿਤਪਾਲ ਸਿੰਘ ਤੇ ਸਕੂਲ ਦੀ ਪ੍ਰਿੰਸੀਪਲ ਮਮਤਾ ਰਾਣੀ ਨੇ ਗੁਰਵਿੰਦਰ ਸਿੰਘ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਹੋਰ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਕੀਤਾ ਅਤੇ ਭਵਿੱਖ ਲਈ ਹੋਰ ਮੱਲਾਂ ਮਾਰਨ ਦੀ ਕਾਮਨਾ ਕੀਤੀ। ਇਸ ਮੌਕੇ ਮਨਦੀਪ ਸਿੰਘ ਡੀ.ਪੀ.ਆਈ., ਲਖਵਿੰਦਰ ਸਿੰਘ ਤੇ ਹਰਿਮੰਦਰ ਸਿੰਘ ਹਾਜ਼ਰ ਸਨ।

# ਨਵ-ਨਿਯੁਕਤ ਐੱਸ ਐੱਸ ਪੀ ਵੱਲੋਂ ਬਾਘਾ ਪੁਰਾਣਾ ਥਾਣੇ ਦਾ ਦੌਰਾ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਵੱਡੀ ਗਿਣਤੀ 'ਚ ਕੀਤੇ ਪੁਲਸ ਅਧਿਕਾਰੀਆਂ ਦੇ ਤਬਾਲਿਆਂ ਦੇ ਨਾਲ ਨਾਲ ਮੋਗਾ ਜ਼ਿਲ੍ਹੇ ਦੇ ਐੱਸ ਐੱਸ ਪੀ ਜੇ. ਇਲਨਚੇਲੀਅਨ ਦੀ ਤਰੱਕੀ ਹੋਣ ਦੇ ਬਾਅਦ ਉਨ੍ਹਾਂ ਦਾ ਵੀ ਮੋਗਾ ਤੋਂ ਤਬਾਦਲਾ ਕੀਤਾ ਗਿਆ ਅਤੇ ਇਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਆਈ ਪੀ ਐੱਸ ਅਫ਼ਸਰ ਵਿਵੇਕਸ਼ੀਲ ਸੋਨੀ ਮੋਗਾ ਜ਼ਿਲ੍ਹੇ ਦੇ ਐੱਸ ਐੱਸ ਪੀ ਲਗਾਇਆ ਗਿਆ। ਐੱਸ ਐੱਸ ਪੀ ਵਿਵੇਕਸ਼ੀਲ ਸੋਨੀ ਵੱਲੋਂ ਆਪਣਾ ਅਹੁਦਾ ਸੰਭਾਲਣ ਦੇ ਬਾਅਦ ਅੱਜ ਅਚਾਨਕ ਐੱਸ ਪੀ ਅਜੇ ਰਾਜ ਨਾਲ ਸਥਾਨਕ ਥਾਣਾ ਦਾ ਜਾਇਜ਼ਾ ਲਿਆ ਗਿਆ, ਜਿੱਥੇ ਉਨ੍ਹਾਂ ਵੱਲੋਂ ਬਾਘਾ ਪੁਰਾਣਾ ਦੇ ਡੀ ਐੱਸ ਪੀ ਜਸਯਜੋਤ ਸਿੰਘ ਤੇ ਥਾਣਾ ਮੁਖੀ ਜਸਵਰਿੰਦਰ ਸਿੰਘ ਨਾਲ ਮੀਟਿੰਗ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਅਹੁਦਾ ਸੰਭਾਲਣ ਦੇ ਬਾਅਦ ਮੋਗਾ ਜ਼ਿਲ੍ਹੇ ਦੇ ਸਾਰੇ ਥਾਣਿਆਂ ਦੀ ਇੰਸਪੈਕਸ਼ਨ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਮੋਗਾ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਜ਼ਿਲ੍ਹੇ ਦੇ ਸਾਰੇ ਥਾਣਾ ਮੁਖੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਆਪਣੇ ਆਪਣੇ ਇਲਾਕਿਆਂ ਵਿੱਚ ਨਸ਼ਾ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ, ਕਿਸੇ ਵੀ ਮਾੜੇ ਅਨਸਰ ਨੂੰ ਸਿਰ ਚੁੱਕਣ ਨਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੋ ਵੀ ਮੋਗਾ ਜ਼ਿਲ੍ਹੇ ਦਾ ਪੁਲਸ ਅਧਿਕਾਰੀ ਵੱਲੋਂ ਆਪਣੀ ਡਿਊਟੀ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਮੋਗਾ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਉਹ ਪੁਲਸ ਦਾ ਸਹਿਯੋਗ ਜ਼ਰੂਰ ਦੇਣ। ਇਸ ਮੌਕੇ ਹੋਰ ਪੁਲਸ ਕਰਮਚਾਰੀ ਵੀ ਹਾਜ਼ਰ ਸਨ।



## ਗੁਜਰਾਤ ਦੀਆਂ ਸੰਗਤਾਂ ਨੇ ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਤੋਂ ਲਿਆ ਆਸ਼ੀਰਵਾਦ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲਿਆਂ ਤੋਂ ਗੁਜਰਾਤ ਦੀਆਂ ਸੰਗਤਾਂ ਆਸ਼ੀਰਵਾਦ ਲੈਣ ਲਈ ਗੁਰਦੁਆਰਾ ਸਾਹਿਬ ਪਿੰਡ ਖੁੰਮਣਾ ਵਿਖੇ ਪਹੁੰਚੀਆਂ। ਇਸ ਮੌਕੇ ਸੰਗਤਾਂ ਨੇ ਕਿਹਾ ਕਿ ਅਸੀਂ ਭਾਗਾਂ ਵਾਲੇ ਹਾਂ, ਜਿਨ੍ਹਾਂ ਨੂੰ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆਂ ਤੋਂ ਅਸ਼ੀਰਵਾਦ ਲੈਣ ਦਾ ਸੁਭਾਗਾ ਮੌਕਾ ਮਿਲਿਆ ਹੈ ਅਤੇ ਅੱਜ ਮਨ ਨੂੰ ਵੀ ਬਹੁਤ ਸਕੂਨ ਮਿਲਿਆ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਗੁਰੂਆਂ ਵੱਲੋਂ ਦਰਸਾਏ ਮਾਰਗ ਉੱਤੇ ਚੱਲਦੇ ਹੋਏ ਮਾਨਵਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਕਾਕਾ ਸਿੰਘ, ਗੁਰਵਿੰਦਰ ਸਿੰਘ, ਗੁਰੂਪਾਲ ਸਿੰਘ, ਬਲਜੀਤ ਕੌਰ, ਅਮਰਜੀਤ ਕੌਰ, ਤਨਵੀਰ ਸਿੰਘ ਆਦਿ ਸੰਗਤਾਂ ਮੌਜੂਦ ਸਨ।

## ਭਾਜਪਾ-ਜੇਜੇਪੀ ਗੱਠਜੋੜ ਸਰਕਾਰ ਨੂੰ ਖੂੰਜੇ ਲਾਉਣਗੇ ਸੂਬੇ ਦੇ ਲੋਕ : ਕੁਮਾਰੀ ਸ਼ੈਲਜਾ

*ਸਮਾਜ ਦਾ ਹਰ ਵਰਗ ਭਾਜਪਾ ਦੀਆਂ ਫਿਰਕੂ ਨੀਤੀਆਂ ਤੋਂ ਦੁਖੀ*



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਵਿਖੇ ਪੁੱਜੀ ਆਲ ਇੰਡੀਆ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ ਤੇ ਛੱਤੀਸਗੜ੍ਹ ਦੀ ਇੰਚਾਰਜ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਹਰਿਆਣਾ ਦੀ ਭਾਜਪਾ-ਜੇਜੇਪੀ ਗੱਠਜੋੜ ਸਰਕਾਰ ਨੇ ਪੂਰੇ ਸੂਬੇ ਦੇ ਲੋਕਾਂ ਨਾਲ ਧੋਖਾ ਕੀਤਾ ਹੈ।ਉਨ੍ਹਾ ਕਿਹਾ ਕਿ ਮੋਦੀ ਸਰਕਾਰ ਨੇ ਸਮਾਜ ਦੇ ਹਰ ਵਰਗ ਨੂੰ ਰੋਣ ਲਈ ਮਜਬੂਰ ਕਰ ਦਿੱਤਾ ਹੈ, ਪਰ ਹੁਣ ਸਮਾਂ ਬਦਲ ਰਿਹਾ ਹੈ ਤੇ ਲੋਕ ਚੋਣਾਂ ਦੀ ਉਡੀਕ ਕਰ ਰਹੇ ਹਨ ਤਾਂ ਜੋ ਫਿਰਕੂ ਸਰਕਾਰ ਨੂੰ ਅਲਵਿਦਾ ਕਹਿ ਸਕਣ। ਇਸ ਮੌਕੇ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਦੇਸ਼ ਅੰਦਰ ਭਾਜਪਾ ਦੀਆਂ ਸਾਜ਼ਿਸ਼ਾਂ ਭਰੀਆਂ ਨੀਤੀਆਂ ਨੂੰ ਆਮ ਲੋਕ ਭਾਂਪ ਚੁੱਕੇ ਹਨ।ਸਾਬਕਾ ਕੇਂਦਰੀ ਮੰਤਰੀ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਕਾਂਗਰਸ ਦੀ ਵੱਡੀ ਲਹਿਰ ਚੱਲ ਰਹੀ ਹੈ। ਉਨ੍ਹਾਂ ਦੇਸ਼ ਦੇ ਕਿਸਾਨਾਂ ਦੀ ਮੌਜੂਦਾ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਨਾਂ ਤਾਂ ਸਿੰਚਾਈ ਲਈ ਲੋੜੀਂਦੀ ਮਾਤਰਾ ਵਿੱਚ ਪਾਣੀ ਮਿਲ ਰਿਹਾ ਹੈ ਤੇ ਨਾ ਹੀ ਸਮੇਂ ਸਿਰ ਖਾਦ ਮਿਲ ਰਹੀ ਹੈ।ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਬੀਮਾ ਕਰਨ ਤੋਂ ਸਰਕਾਰ ਸਾਫ ਇਨਕਾਰ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੂੰ ਕਿਸਾਨ ਹਿਤੈਸ਼ੀ ਕਹਾਉਣ ਦਾ ਕੋਈ ਹੱਕ ਨਹੀਂ। ਕੁਮਾਰੀ ਸ਼ੈਲਜਾ ਦੀ ਆਮਦ ਮੌਕੇ ਸਾਬਕਾ ਸੰਸਦ ਮੈਂਬਰ ਚਰਨਜੀਤ ਸਿੰਘ ਰੋੜੀ, ਸਾਬਕਾ ਵਿਧਾਇਕ ਬਲਵਾਨ ਦੌਲਤਪੁਰੀਆ, ਵਿਨੀਤ ਕੰਬੋਜ, ਵੀਰਭਾਨ ਮਹਿਤਾ, ਨਵੀਨ ਕੇਡੀਆ, ਕਰਮਜੀਤ ਕੌਰ ਤੇ ਸੁਖਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

# ਸਿਵਲ ਹਸਪਤਾਲ 'ਚ 'ਸਾਡੇ ਬਜ਼ੁਰਗ ਸਾਡਾ ਮਾਣ' ਮੁਹਿੰਮ ਤਹਿਤ ਕੈਂਪ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਜ਼ੁਰਗ ਸਾਡਾ ਕੀਮਤੀ ਸਰਮਾਇਆ ਹਨ ਅਤੇ ਉਨ੍ਹਾਂ ਦਾ ਮਾਣ ਸਨਮਾਨ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਨਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਸਿਵਲ ਹਸਪਤਾਲ ਵਿਖੇ ਸਾਡੇ ਬਜ਼ੁਰਗ ਸਾਡਾ ਮਾਣ ਮੁਹਿੰਮ ਤਹਿਤ ਲਗਾਏ ਕੈਂਪ ਦੌਰਾਨ ਬਜ਼ੁਰਗਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਮੁੱਢ ਕਦੀਮ ਤੋਂ ਹੀ ਆਪਣੇ ਬਜ਼ੁਰਗਾਂ ਦਾ ਮਾਣ ਸਨਮਾਨ ਕਰਦੇ ਰਹੇ ਹਨ ਪ੍ਰੰਤੂ ਜਿਸ ਤੇਜ਼ੀ ਨਾਲ ਪੰਜਾਬ ਅੰਦਰ ਓਲਡ ਏਜ ਹੋਮ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਉਹ ਸਾਡੇ ਸਾਰਿਆਂ ਲਈ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦ ਫਿਜ਼ਾ ਦਾ ਆਨੰਦ ਮਾਣ ਰਹੇ ਹਾਂ। ਸਾਨੂੰ ਕਦੇ ਵੀ ਬਜ਼ੁਰਗਾਂ ਦੇ ਆਦਰ ਸਤਿਕਾਰ ਵਿੱਚ ਅਵੇਸਲਾ ਨਹੀਂ ਹੋਣਾ ਚਾਹੀਦਾ। ਇਸ ਕੈਂਪ ਦੌਰਾਨ ਬੁਢਾਪਾ ਪੈਨਸ਼ਨ ਦੇ 109 ਨਵੇਂ ਲਾਭਪਾਤਰਾਂ ਨੂੰ ਮਨਜ਼ੂਰੀ ਪੱਤਰ ਵੰਡੇ ਗਏ ਅਤੇ 658 ਬਜ਼ੁਰਗਾਂ ਦੀ ਨਜ਼ਰ ਚੈੱਕ ਕਰਕੇ ਮੁਫਤ ਐਨਕਾਂ ਤੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਤੋਂ ਇਲਾਵਾ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਨਵ ਨਿਯੁਕਤ ਆਂਗਨਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੀ ਵੰਡੇ ਗਏ। ਵਿਧਾਇਕ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਬਜ਼ੁਰਗਾਂ ਨੂੰ ਘਰਾਂ ਨੇੜੇ ਲੋੜੀਂਦੀਆਂ ਸਹੂਲਤਾਂ ਦੇਣ ਲਈ ਪੂਰੇ ਸਮਰਪਣ ਦੀ ਭਾਵਨਾ ਨਾਲ ਦਿਨ ਰਾਤ ਕੰਮ ਕਰ ਰਹੀ ਹੈ ਅਤੇ ਇਸੇ ਲੜੀ ਤਹਿਤ 27 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਾਲੇ ਦਿਨ ਲੋਕਾਂ ਦੇ ਘਰਾਂ ਵਿੱਚ ਰਾਸ਼ਨ ਪਹੁੰਚਾਉਣ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਲਾਈਨਾਂ ਵਿੱਚ ਨਾ ਲੱਗਣਾ ਪਵੇ। ਇਸ ਮੌਕੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਜਿਸ ਤੇਜ਼ੀ ਨਾਲ ਬੱਚਿਆਂ ਅੰਦਰ ਬਾਹਰ ਜਾਣ ਦਾ ਰੁਝਾਨ ਵੱਧ ਰਿਹਾ ਹੈ ਉਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨੌਜਵਾਨਾਂ ਨੂੰ ਪੰਜਾਬ ਅੰਦਰ ਹੀ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਵੱਡੀ ਗਿਣਤੀ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ ਹੈ ਅਤੇ ਸਰਕਾਰ ਬਜ਼ੁਰਗਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਿੱਚ ਕਿਸੇ ਕਿਸਮ ਦੀ ਦੇਰੀ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਅੱਜ ਦੇ ਕੈਂਪ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਰ ਡਾਕਟਰਾਂ ਵੱਲੋਂ ਬਜ਼ੁਰਗਾਂ ਦਾ ਮੁਫਤ ਚੈਕਅੱਪ ਕਰਕੇ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ ਅਤੇ ਆਯੂਸ਼ ਵਿਭਾਗ ਵੱਲੋਂ ਬਜ਼ੁਰਗਾਂ ਨੂੰ ਤੰਦਰੁਸਤ ਰੱਖਣ ਲਈ ਲਾਫਟਰ ਥੈਰੇਪੀ ਵੀ ਕਰਵਾਈ ਗਈ। ਇਸ ਮੌਕੇ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ, ਜ਼ਿਲ੍ਹਾ ਸਮਾਜਕ ਸੁਰੱਖਿਆ ਅਫਸਰ ਜੋਬਨਦੀਪ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਮੀਤ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ, ਬਹਾਦਰ ਖਾਨ, ਕਰਮ ਸਿੰਘ ਜੱਲ੍ਹਾ, ਮੋਹਿਤ ਸੂਦ, ਪ੍ਰਿਤਪਾਲ ਜੱਸੀ, ਬਲਵੀਰ ਸਿੰਘ ਸੋਢੀ, ਨਿਰਮਲ ਸਿੰਘ ਸੀੜਾ, ਸੰਤੋਖ ਸਿੰਘ, ਸਮੂਹ ਸੀ.ਡੀ.ਪੀ.ਓਜ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਜ਼ੁਰਗ ਹਾਜ਼ਰ ਸਨ।

## ਪਾਥਵੇਜ਼ ਗਲੋਬਲ ਸਕੂਲ 'ਚ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰੂ ਤੇਗ ਬਹਾਦਰ ਜੀ ਨੇ ਧਰਮ ਲਈ ਮਹਾਨ ਕੁਰਬਾਨੀ ਦਿੱਤੀ ਸੀ।

ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਤੋਂ ਬਾਅਦ ਆਪ ਜੀ ਦੀ ਕੁਰਬਾਨੀ ਨਾਲ ਭਾਰਤ ਦੀ ਦੱਬੀ ਕੁਚਲੀ ਤੇ ਹਾਕਮਾਂ ਦੇ ਜ਼ੁਲਮਾਂ ਹੇਠ ਕੁਰਲਾ ਰਹੀ ਕੌਮ ਆਪਣੇ ਹੱਕਾਂ ਲਈ ਕੁਰਬਾਨੀਆਂ ਦੇਣ ਲਈ ਤਿਆਰ ਹੋ ਗਈ। ਇਸ ਮੌਕੇ ਸਕੂਲ ਵੱਲੋਂ ਵਿਸ਼ੇਸ਼ ਸਵੇਰ ਦੀ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਅਧਿਆਪਕਾਂ ਦੁਆਰਾ ਸਪੀਚ ਤੇ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕਰਵਾਏ ਗਏ। ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ ਨੇ ਸਾਰੇ ਵਿਦਿਆਰਥੀਆਂ ਦੀ ਸ਼ਹੀਦੀ ਗੁਰਪੁਰਬ ਮੌਕੇ ਹੌਸਲਾ ਅਫਜ਼ਾਈ ਕੀਤੀ।

## ਡਿਪਟੀ ਕਮਿਸ਼ਨਰ ਨੇ ਆਪਣੀ ਹਾਜ਼ਰੀ 'ਚ ਕਰਵਾਈ ਸਕੂਲ ਵਾਹਨਾਂ ਦੀ ਚੈਕਿੰਗ



**ਫਾਜ਼ਿਲਕਾ (ਕ੍ਰਿਸ਼ਨ ਸਿੰਘ, ਨਿਸ਼ਾ ਸ਼ਰਮਾ)**-ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਆਈਏਐੱਸ ਨੇ ਸ਼ੁੱਕਰਵਾਰ ਸਵੇਰੇ ਬਾਲ ਸੁਰੱਖਿਆ ਦਫ਼ਤਰ ਦੀ ਟੀਮ ਨੂੰ ਨਾਲ ਲੈ ਕੇ ਸ਼ਹਿਰ ਵਿੱਚ ਸਕੂਲ ਵਾਹਨਾਂ ਦੀ ਆਪਣੀ ਹਾਜ਼ਰੀ 'ਚ ਚੈਕਿੰਗ ਕਰਵਾਈ। ਇਸ ਮੌਕੇ ਉਨ੍ਹਾ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਖਿਲਵਾੜ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਹੈ। ਸ਼ੁੱਕਰਵਾਰ ਦੀ ਸਵੇਰ ਡਿਪਟੀ ਕਮਿਸ਼ਨਰ ਬਾਲ ਸੁਰੱਖਿਆ ਯੂਨਿਟ, ਟ੍ਰੈਫਿਕ ਪੁਲਸ ਤੇ ਹੋਰ ਸਬੰਧਤ ਵਿਭਾਗਾਂ ਨੂੰ ਲੈ ਕੇ ਸ਼ਹਿਰ ਦੀ ਪ੍ਰਮੁੱਖ ਅਬੋਹਰ ਰੋਡ ਤੇ ਖੁਦ ਨਾਕਾ ਲਗਾਉਣ ਪਹੁੰਚੇ ਤੇ ਇੱਥੇ ਆਉਣ ਵਾਲੇ ਸਕੂਲ ਵਾਹਨਾਂ ਦੀ ਜਾਂਚ ਕਰਵਾਈ। ਜਾਂਚ ਦੌਰਾਨ ਕਈ ਵਾਹਨਾਂ ਵਿੱਚ ਊਣਤਾਈਆਂ ਪਾਈਆਂ ਗਈਆਂ, ਜਿਨ੍ਹਾਂ ਖਿਲਾਫ ਮੌਕੇ 'ਤੇ ਹੀ ਚਲਾਨ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਡਿਪਟੀ ਕਮਿਸ਼ਨਰ ਦੇ ਖੁਦ ਸੜਕ 'ਤੇ ਨਾਕਾ ਲਗਾ ਕੇ ਚੈਕਿੰਗ ਕਰਦਿਆਂ ਵੇਖ ਕੇ ਰਾਹਗੀਰ ਵੀ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਵਿਖਾਈ ਦਿੱਤੇ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬਾਲ ਸੁਰੱਖਿਆ ਯੂਨਿਟ ਤੇ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਸਕੂਲ ਮੁਖੀਆਂ ਨੂੰ ਵੀ ਪਾਬੰਦ ਕਰਨ ਕਿ ਉਨ੍ਹਾਂ ਦੇ ਸਕੂਲਾਂ ਦੀਆਂ ਵੈਨਾਂ ਸਾਰੇ ਸੁਰੱਖਿਆ ਮਾਪਦੰਡ ਪੂਰੀਆਂ ਕਰਦੀਆਂ ਹੋਣ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦਾ ਚੈਕਿੰਗ ਅਭਿਆਨ ਅੱਗੇ ਵੀ ਜਾਰੀ ਰਹੇਗਾ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੀਤੂ ਬਾਲਾ, ਸਿੱਖਿਆ ਵਿਭਾਗ ਤੋਂ ਸਤਿੰਦਰ ਬੱਤਰਾ ਤੇ ਪੁਲਸ ਵਿਭਾਗ ਦਾ ਸਟਾਫ ਹਾਜ਼ਰ ਸੀ।

## 2 ਗੈਂਗਸਟਰ ਗ੍ਰਿਫ਼ਤਾਰ, 32 ਬੋਰ ਪਿਸਤੌਲ ਸਮੇਤ 3 ਰੌਂਦ ਬਰਾਮਦ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**

ਸਤਿੰਦਰ ਸਿੰਘ ਆਈ ਪੀ ਐੱਸ ਸੀਨੀਅਰ ਕਪਤਾਨ ਪੁਲਸ, ਅੰਮ੍ਰਿਤਸਰ ਦਿਹਾਤੀ ਵੱਲੋਂ ਸਮਾਜ ਵਿਰੋਧੀ ਅਨਸਰਾ ਵਿਰੁੱਧ ਮੁਹਿੰਮ ਚਲਾਈ ਗਈ ਹੈ ਤੇ ਅਮਲ ਕਰਦਿਆ ਡੀਐੱਸਪੀ ਜੰਡਿਆਲਾ ਦੀ ਰਹਿਨੁਮਾਈ ਹੇਠ ਥਾਣਾ ਮਹਿਤਾ ਦੀ ਪੁਲਸ ਵੱਲੋਂ ਦੋ ਖਤਰਨਾਕ ਗੈਂਗਸਟਰਾਂ ਨੂੰ ਇਕ ਪਿਸਤੌਲ ਤੇ 3 ਰੌਂਦ ਸਮੇਤ ਗ੍ਰਿਫਤਾਰ ਕੀਤਾ ਹੈ। ਮੁੱਖ ਅਫਸਰ ਥਾਣਾ ਮਹਿਤਾ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਕਿ ਅਕੁਲ ਕੁਮਾਰ ਉਰਫ ਅਕੁਲ ਖੱਤਰੀ ਪੁੱਤਰ ਰਜੇਸ਼ ਕੁਮਾਰ ਵਾਸੀ ਚੌਂਕ ਮਹਿਤਾ ਜੋ ਕਿ ਇੱਕ ਖਤਰਨਾਕ ਗੈਂਗਸਟਰ ਹੈ ਜਿਸ ਉੱਪਰ ਪਹਿਲਾਂ ਹੀ 20 ਤੋਂ ਵੱਧ ਕਤਲ/ਕਤਲ ਦੀ ਕੋਸ਼ਿਸ਼ ਅਤੇ ਨਸ਼ਾ ਤਸਕਰੀ ਵਰਗੀਆਂ ਹੋਰ ਕਈ ਸੰਗੀਨ ਧਾਰਾਵਾਂ ਤਹਿਤ ਮੁਕੱਦਮੇ ਦਰਜ ਹਨ, ਦੇ ਘਰ ਉਸ ਦਾ ਸਾਥੀ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਉਰਫ ਗੜਗੱਜ ਪੁੱਤਰ ਸਵਿੰਦਰ ਸਿੰਘ ਵਾਸੀ ਭੈਣੀ ਗਿੱਲਾਂ ਥਾਣਾ ਕੰਬੋਅ ਜੋ ਕਿ ਇੱਕ ਖਤਰਨਾਕ ਅਪਰਾਧੀ ਹੈ ਅਤੇ ਉਸ ਉੱਪਰ ਵੀ ਤਕਰੀਬਨ 15 ਤੋਂ ਵੱਧ ਮੁਕੱਦਮੇ ਦਰਜ ਹਨ। ਸ਼ਮਸ਼ੇਰ ਸਿੰਘ ਉਰਫ ਸ਼ੇਰਾ ਉਰਫ ਗੜਗੱਜ ਮੁਕੱਦਮੇ ਵਿੱਚ ਅੰਮ੍ਰਿਤਸਰ ਵਿੱਚ ਲੋੜੀਂਦਾ ਹੈ, ਜੋ ਅਕੁਲ ਖੱਤਰੀ ਦੇ ਘਰ ਠਹਿਰਿਆ ਹੋਇਆ ਹੈ ਅਤੇ ਉਸ ਪਾਸ ਨਾਜਾਇਜ਼ ਹਥਿਆਰ ਵੀ ਹਨ ਜਿਸ 'ਤੇ ਕਾਰਵਈ ਕਰਦਿਆਂ ਥਾਣਾ ਮਹਿਤਾ ਵੱਲੋਂ ਆਪਣੀ ਰੇਡ ਪਾਰਟੀ ਦੀ ਮਦਦ ਨਾਲ ਅਕੁਲ ਕੁਮਾਰ ਉਰਫ ਅਕੁਲ ਖੱਤਰੀ ਅਤੇ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਉਰਫ ਗੜਗੱਜ ਨੂੰ ਇਕ ਪਿਸਤੌਲ 32 ਬੋਰ ਸਮੇਤ 3 ਰੌਂਦ ਅਤੇ ਇਕ ਮੋਟਰਸਾਇਕਲ ਸਮੇਤ ਗ੍ਰਿਫਤਾਰ ਕਰਕੇ ਉਕਤ ਦੋਵਾਂ ਦੋਸ਼ੀਆਂ ਖਿਲਾਫ ਥਾਣਾ ਮਹਿਤਾ ਵਿੱਚ ਪਰਚਾ ਦਰਜ ਕੀਤਾ ਗਿਆ ਹੈ। ਥਾਣਾ ਮੁਖੀ ਨੇ ਦੱਸਿਆ ਕਿ ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਿਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਇਨ੍ਹਾਂ ਪਾਸੋਂ ਹੋਰ ਕਈ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਦਿਵਿਆਂਗਜਨਾਂ ਨੂੰ ਰਾਸ਼ਟਰੀ ਰਾਜਮਾਰਗਾਂ 'ਤੇ ਟੋਲ 'ਚ ਸੌ ਫੀਸਦੀ ਛੋਟ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੇ ਹਿੱਤਾਂ ਲਈ ਲਗਾਤਾਰ ਕੰਮ ਰਹੀ ਹੈ। ਇਸ ਦਿਸ਼ਾ ਵਿੱਚ ਇਕ ਹੋਰ ਕਦਮ ਚੁੱਕਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਦਿਵਿਆਂਗਜਨਾਂ ਨੂੰ ਪੰਜਾਬ ਦੇ ਰਾਸ਼ਟਰੀ ਰਾਜਮਾਰਗਾਂ 'ਤੇ ਟੋਲ ਵਿੱਚ 100 ਫੀਸਦੀ ਛੋਟ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਦਿਵਿਆਂਗਜਨਾਂ ਦੇ ਨਾਮ 'ਤੇ ਰਜਿਸਟਰਡ ਵਹੀਕਲ, ਜੋ ਕਿ ਮੋਟਰ ਵਹੀਕਲ ਐਕਟ, 1988 ਅਤੇ ਇਸ ਦੇ ਅਧੀਨ ਬਣੇ ਨਿਯਮਾਂ ਦੇ ਅਧੀਨ ਦਿਵਿਆਂਗਜਨ ਮਲਕੀਅਤ ਅਧੀਨ ਰਜਿਸਟਰ ਹੋਏ ਹੋਣ, ਨੂੰ ਰਾਸ਼ਟਰੀ ਰਾਜਮਾਰਗਾਂ 'ਤੇ ਟੋਲ ਵਿੱਚ 100 ਪ੍ਰਤੀਸ਼ਤ ਰਿਆਇਤ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦਿਵਿਆਂਗਜਨਾਂ ਨੂੰ ਆਪਣੇ ਵਹੀਕਲਜ਼ ਦੀ ਰਜਿਸਟਰੇਸ਼ਨ ਸਰਟੀਫਿਕੇਟ ਵਿੱਚ ਮਲਕੀਅਤ ਦਿਵਿਆਂਗਜਨ ਵਜੋਂ ਦਰਜ ਕਰਾਉਣੀ ਹੋਵੇਗੀ। ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਕੋਈ ਵੀ ਦਿਵਿਆਂਗਜਨ ਆਪਣੇ ਨਵੇਂ ਜਾਂ ਪੁਰਾਣੇ ਵਹੀਕਲ ਦੀ ਮਲਕੀਅਤ ਦਿਵਿਆਂਗਜਨ ਵਜੋਂ ਟਰਾਂਸਪੋਰਟ ਵਿਭਾਗ ਵਿੱਚ ਬਿਨੇ-ਪੱਤਰ ਦੇ ਕੇ ਰਜਿਸਟਰਡ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਲਾਭ ਲੈਣ ਲਈ ਸਬੰਧਤ ਬਿਨੇਕਾਰਾਂ ਨੂੰ ਛੋਟ ਵਾਲਾ ਸਪੈਸ਼ਲ ਫਾਸਟ ਟੈਗ ਲੈਣਾ ਪਵੇਗਾ, ਜਿਸ ਸਬੰਧੀ ਉਨ੍ਹਾਂ ਨੂੰ https://exempted-fastag.nhai.org/exemptedfastag ਵੈੱਬਸਾਈਟ 'ਤੇ ਆਪਣੇ ਆਪ ਨੂੰ ਰਜਿਸਟਰਡ ਕਰਨਾ ਪਵੇਗਾ ਅਤੇ ਰਜਿਸਟਰੇਸ਼ਨ ਉਪਰੰਤ ਆਨਲਾਈਨ ਫਾਰਮ ਭਰਨ ਉਪਰੰਤ ਸਮਰੱਥ ਅਥਾਰਟੀ ਵੱਲੋਂ ਛੋਟ ਵਾਲਾ ਫਾਸਟ ਟੈਗ ਜਾਰੀ ਕੀਤਾ ਜਾਵੇਗਾ, ਜੋ ਕਿ ਦਿਵਿਆਂਗਜਨ ਨੂੰ ਆਪਣੇ ਵਹੀਕਲ 'ਤੇ ਲਗਾਉਣਾ ਪਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਸਬੰਧੀ ਜਾਰੀ ਨਿਯਮਾਂ ਸਬੰਧੀ ਮੁਕੰਮਲ ਜਾਣਕਾਰੀ ਵਿਭਾਗ ਦੀ ਵੈੱਬਸਾਈਟ https://sswcd.punjab.gov.in ਤੇ ਉਪਲਬਧ ਹੈ। ਇਸ ਤੋਂ ਇਲਾਵਾ ਜੇਕਰ ਦਿਵਿਆਂਗਜਨਾਂ ਨੂੰ ਇਸ ਸਹੂਲਤ ਦਾ ਲਾਭ ਲੈਣ ਵਿੱਚ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਇਸ ਸਬੰਧੀ ਉਹ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜਾਂ ਸਬੰਧਤ ਬਲਾਕ ਦੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦੇ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

## ਸਰਦੂਲਗੜ੍ਹ ਹਸਪਤਾਲ ਵਿਖੇ ਦੰਦਾਂ ਦੀ ਓ ਪੀ ਡੀ ਸ਼ੁਰੂ



**ਸਰਦੂਲਗੜ੍ਹ (ਅਵਤਾਰ ਜਟਾਣਾ)**

ਪੰਜਾਬ ਸਰਕਾਰ ਤੇ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਵੱਲੋਂ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੀ ਲੜੀ ਤਹਿਤ ਸਿਵਲ ਸਰਜਨ ਮਾਨਸਾ ਡਾਕਟਰ ਰਣਜੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਤੋਂ ਐੱਸ.ਡੀ.ਐੱਚ. ਸਰਦੂਲਗੜ੍ਹ ਵਿਖੇ ਦੰਦਾਂ ਦੇ ਮਾਹਰ ਡਾਕਟਰ ਬਲਜਿੰਦਰ ਸਿੰਘ ਵੱਲੋਂ ਓ.ਪੀ.ਡੀ. ਸੇਵਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਵਨੀਤ ਕੌਰ ਨੇ ਦੱਸਿਆ ਕਿ ਹਸਪਤਾਲ ਸਰਦੂਲਗੜ੍ਹ ਵਿਖੇ ਇਹ ਓ.ਪੀ.ਡੀ. ਹਫਤੇ ਦੇ ਦੋ ਦਿਨ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਹੋਵੇਗੀ। ਬਲਾਕ ਨੋਡਲ ਸਿਹਤ ਅਫਸਰ ਡਾਕਟਰ ਵੇਦ ਪ੍ਰਕਾਸ਼ ਸੰਧੂ ਨੇ ਕਿਹਾ ਕਿ ਕਲੀਨਿਕ ਲਈ ਲੋੜੀਂਦਾ ਸਾਮਾਨ ਤੇ ਚੇਅਰ ਉਪਲਬਧ ਹੋ ਚੁੱਕਿਆ ਹੈ, ਜਿਸ ਨਾਲ ਬਿਹਤਰ ਸੇਵਾਵਾਂ ਦਿੱਤੀਆਂ ਜਾ ਸਕਣਗੀਆਂ। ਅੱਜ 27 ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਬਲਾਕ ਐਜੂਕੇਟਰ ਤਿਰਲੋਕ ਸਿੰਘ ਤੇ ਹੋਰ ਮਰੀਜ਼ ਹਾਜ਼ਰ ਸਨ।

...ਸਫ਼ਾ 3 ਦੇ ਬਾਕੀ

### ਸੜਕ ਸੁਰੱਖਿਆ ਫੋਰਸ ...

ਸੰਭਾਵੀ ਜ਼ੋਨਾਂ ਵਰਗੀਆਂ ਪਰੇਸ਼ਾਨੀਆਂ ਨੂੰ ਦੂਰ ਕਰਨ ਲਈ ਮਹੱਤਵਪੂਰਨ ਸੜਕ ਸੁਰੱਖਿਆ ਜਾਣਕਾਰੀ ਵੀ ਪ੍ਰਦਾਨ ਕਰੇਗੀ। ਮੈਪਮਾਈਇੰਡੀਆ ਦੇ ਸੀ ਈ ਓ ਰੋਹਨ ਵਰਮਾ ਨੇ ਇਸ ਪਹਿਲਕਦਮੀ ਲਈ ਆਪਣਾ ਉਤਸ਼ਾਹ ਜ਼ਾਹਰ ਕਰਦਿਆਂ ਕਿਹਾ ਕਿ ਅਸੀਂ ਸਵਦੇਸ਼ੀ ਤਕਨੀਕਾਂ ਰਾਹੀਂ ਭਾਰਤੀਆਂ ਦੇ ਜੀਵਨ ਨੂੰ ਉੱਚਾ ਚੁੱਕਣ ਲਈ ਵਚਨਬੱਧ ਹਾਂ। ਪੰਜਾਬ ਟ੍ਰੈਫਿਕ ਪੁਲਿਸ ਨਾਲ ਮੈਪਲਸ ਦੀਆਂ ਸਲਾਹਾਂ ਅਤੇ ਯੋਜਨਾਵਾਂ ਦਾ ਏਕੀਕਰਣ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਯਾਤਰੀ ਫੀਡਬੈਕ ਅਤੇ ਰੀਅਲ-ਟਾਈਮ ਅਲਰਟ ਬਾਰੇ ਜਾਣਕਾਰੀ ਦੇ ਕੇ ਬਿਹਤਰ ਟ੍ਰੈਫਿਕ ਪ੍ਰਬੰਧਨ, ਸੜਕ ਸੁਰੱਖਿਆ ਅਤੇ ਸੁਚੱਜੀਆਂ ਐਮਰਜੈਂਸੀ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਯੋਗੀ ਯਤਨਾਂ ਵਿੱਚ ਹਿੱਸਾ ਲੈ ਸਕਦੇ ਹਨ।

ਦੱਸਣਯੋਗ ਹੈ ਕਿ ਮੈਪਲਸ ਐਪ ਰਾਹੀਂ ਸੂਬੇ ਵਿੱਚ ਐਂਬੂਲੈਂਸ ਆਪਰੇਟਰਾਂ ਨਾਲ ਐਂਬੂਲੈਂਸ ਦੀਆਂ ਸਥਿਤੀਆਂ ਬਾਰੇ ਰੀਅਲ-ਟਾਈਮ ਜਾਣਕਾਰੀ ਨੂੰ ਸਾਂਝਾ ਕਰਨ ਦੇ ਯੋਗ ਬਣਾਏਗਾ ਅਤੇ ਇਸ ਦੇ ਨਾਲ ਹੀ ਐਮਰਜੈਂਸੀ ਪ੍ਰਤੀਕਿਰਿਆ ਅਤੇ ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਨੂੰ ਹੋਰ ਮਜ਼ਬੂਤ ਕਰੇਗਾ।

## ਸੇਖਵਾਂ ਪੁਲਸ ਵੱਲੋਂ ਭਗੌੜਾ ਵਿਅਕਤੀ ਗ੍ਰਿਫਤਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਬੀਤੇ ਦਿਨੀਂ ਸੇਖਵਾਂ ਪੁਲਸ ਵੱਲੋਂ ਪਿੰਡ ਰਜ਼ਾਦਾ 'ਚੋ 30 ਗ੍ਰਾਮ ਅਫੀਮ ਬਰਾਮਦ ਕੀਤੀ ਗਈ ਜਿਸ ਦੇ ਸੰਬੰਧ ਵਿੱਚ ਪੁਲਸ ਵੱਲੋਂ ਮਲਕੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਰਜ਼ਾਦਾ ਦੇ ਖਿਲਾਫ ਥਾਣਾ ਸੇਖਵਾਂ ਦੇ ਅੰਦਰ ਮੁਕੱਦਮਾ ਨੰਬਰ 72 ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਜਿਸ ਤੋਂ ਬਾਅਦ ਅਦਾਲਤ ਵੱਲੋਂ ਉਕਤ ਵਿਅਕਤੀ ਨੂੰ ਭਗੌੜਾ ਕਰਾਰ ਕੀਤਾ ਗਿਆ ਸੀ। ਅੱਜ ਸੇਖਵਾਂ ਪੁਲਸ ਦੇ ਏਐੱਸਆਈ ਪਲਵਿੰਦਰ ਸਿੰਘ ਦੇ ਵੱਲੋਂ ਆਪਣੀ ਟੀਮ ਸਮੇਤ ਉਕਤ ਵਿਅਕਤੀ ਨੂੰ ਨਾਕੇਬੰਦੀ ਦੌਰਾਨ ਗ੍ਰਿਫਤਾਰ ਕੀਤਾ ਗਿਆ। ਜਾਣਕਾਰੀ ਅਨੁਸਾਰ ਥਾਣਾ ਸੇਖਵਾਂ ਦੇ ਐੱਸਐੱਚਓ ਗੁਰਦੇਵ ਸਿੰਘ ਦੇ ਵੱਲੋਂ ਦੱਸਿਆ ਗਿਆ ਕਿ ਸਬੰਧਤ ਵਿਅਕਤੀ ਖਿਲਾਫ ਥਾਣਾ ਸੇਖਵਾਂ ਦੇ ਅੰਦਰ ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਸੀ ਅਤੇ ਮਾਨਯੋਗ ਅਦਾਲਤ ਰਮਨ ਗੋਕਲਾਨੀ ਅਡੀਸ਼ਨਲ ਸੈਸ਼ਨ ਜੱਜ ਵੱਲੋਂ ਸੰਬੰਧਿਤ ਵਿਅਕਤੀ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਪੁਲਸ ਵੱਲੋਂ ਸੰਬੰਧਿਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਜੇਲ ਭੇਜ ਦਿੱਤਾ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ 'ਚ ਪ੍ਰਕਾਸ਼ ਪੁਰਬ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਚੀਫ਼ ਖਾਲਸਾ ਦੀਵਾਨ ਦੀ ਛਤਰ-ਛਾਇਆ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 24 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਹਰਜਸ ਕੀਰਤਨ ਗਾਇਨ ਕੀਤਾ ਗਿਆ। ਉਪਰੰਤ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕਵਿਤਾਵਾਂ ਦਾ ਗਾਇਨ ਕੀਤਾ ਗਿਆ। ਸਕੂਲ ਦੇ ਧਾਰਮਿਕ ਅਧਿਆਪਕ ਹਰਪਾਲ ਸਿੰਘ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਸਕੂਲ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਹੋਇਆਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੇ ਚੱਲ ਕੇ ਆਪਣੇ ਜੀਵਨ ਨੂੰ ਸਫ਼ਲ ਕਰਨ ਦੇ ਲਈ ਪ੍ਰੇਰਿਤ ਕੀਤਾ।


✓ YES BANK

Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED.| B-XX 2427 – 928, 1st Floor, Gobind Nagar, Ferozepur Road, Ludhiana – 141001, website: www.yesbank.in

**ਸਰਫੇਸੀ ਐਕਟ ਦੇ ਸੈਕਸ਼ਨ 13 (2) ਅਧੀਨ ਨੋਟਿਸ ਦੀ ਪ੍ਰਕਾਸ਼ਨਾ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਗਰੰਟਰਾਂ/ਡਾਇਰੈਕਟਰਾਂ/ਰਹਿਣਕਾਰਾਂ, ਜਿਨ੍ਹਾਂ ਨੇ ਬੈਂਕ ਤੋਂ ਲਈ ਕਰਜ਼ਾ ਸਹੂਲਤ ਦਾ ਮੂਲ ਅਤੇ ਵਿਆਜ ਵਾਪਸ ਮੋੜਨ 'ਚ ਅਸਫਲਤਾ ਦਿਖਾਈ ਅਤੇ ਜਿਨ੍ਹਾਂ ਦੇ ਕਰਜ਼ਾ ਖਾਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ 'ਐੱਸਟ ਕਲਾਸੀਫਿਕੇਸ਼ਨ ਗਾਈਡਲਾਈਨਜ਼' ਸ਼ਰਤਾਂ ਤੋਂ ਬਾਹਰੀ ਹੋਣ ਕਾਰਨ ਨਾਨ-ਪ੍ਰਫਾਰਮਿੰਗ ਐੱਸਟਸ (ਐੱਨ ਪੀ ਏ) ਵਰਗੀਕ੍ਰਿਤ ਕਰ ਦਿੱਤੇ ਗਏ ਹਨ। ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਦੇ ਸੈਕਸ਼ਨ 13 (2) ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 (ਸਰਫੇਸੀ ਐਕਟ) ਤਹਿਤ ਉਨ੍ਹਾਂ ਦੇ ਜਾਣਕਾਰੀ ਵਾਲੇ ਆਖਰੀ ਪਤਿਆਂ 'ਤੇ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਜਾਣਕਾਰੀ ਦਿੱਤੀ ਗਈ ਹੈ।

| ਕਰਜ਼ਦਾਰਾਂ/ਗਰੰਟਰਾਂ/ਸਕਿਉਰਟੀ ਪ੍ਰੋਵਾਈਡਰਾਂ ਦਾ ਨਾਂਅ | ਜਾਇਦਾਦਾਂ ਦਾ ਵੇਰਵਾ/ਲਾਗੂ ਸਕਿਉਰਡ ਐੱਸਟਸ ਦਾ ਪਤਾ ਅਤੇ ਰਹਿਣਕਾਰ | ਨੋਟਿਸ ਦੀ ਮਿਤੀ | ਐੱਨ ਪੀ ਏ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਏ ਕੇ ਫੈਸ਼ਨ ਰਾਹੀਂ ਇਸ ਦੇ ਮਾਲਕ ਰਾਮ ਗਾਂਧੀ ਮੰਡਲ, ਪਤਾ : ਨਿਊ ਨੰਦਾ ਕਾਲੋਨੀ, ਬੀ-32-1469/60, ਕੈਲਾਸ਼ ਨਗਰ ਰੋਡ, ਗਲੀ ਨੰ.-4, ਲੁਧਿਆਣਾ, ਪੰਜਾਬ-141007 ('ਕਰਜ਼ਦਾਰ') 2. ਸ੍ਰੀ ਰਾਮ ਗਾਂਧੀ ਮੰਡਲ ਮਾਰਫਤ ਰਾਮਬ੍ਰਿਸ਼ ਮੰਡਲ, ਪਤਾ : ਮਕਾਨ ਨੰ. 140, ਕੈਲਾਸ਼ ਨਗਰ ਰੋਡ, ਅਮੰਤ੍ਰਣ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007 ('ਸਹਿ-ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ') 3. ਸ੍ਰੀਮਤੀ ਸੁਨੀਤਾ ਮੰਡਲ ਮਾਰਫਤ ਰਾਮ ਗਾਂਧੀ ਮੰਡਲ, ਪਤਾ : ਮਕਾਨ ਨੰ. 140, ਕੈਲਾਸ਼ ਨਗਰ ਰੋਡ, ਅਮੰਤ੍ਰਣ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ 141007 ('ਸਹਿ-ਕਰਜ਼ਦਾਰ ਤੇ ਗਰੰਟਰ') | ਬੈਨਾਮਾ ਵਸੀਕਾ ਨੰ. 7051 ਮਿਤੀ 20.07.2021 ਅਨੁਸਾਰ ਵਪਾਰਕ ਜਾਇਦਾਦ, ਐੱਮ ਸੀ ਨੰ. ਬੀ-32-1469/60, ਰਕਬਾ 297 ਵਰਗ ਗਜ਼, ਖਸਰਾ ਨੰ. 17//1/2, ਖੱਤਾ ਨੰ. 48/48, ਜਮ੍ਹਾਂਬੰਦੀ ਸਾਲ 2005-06, ਪਿੰਡ ਕਾਕੋਵਾਲ, ਹਦਬਸਤ ਨੰ. 80, ਅਬਾਦੀ ਵਿਸ਼ਾਲ ਨਗਰ, ਨੇੜੇ ਨਿਊ ਨੰਦਾ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਸੁਰੇਸ਼ ਕੁਮਾਰ ਸਾਈਡ 52', ਦੱਖਣ : ਲਲਨ ਕੁਮਾਰ ਸਾਈਡ 52', ਪੂਰਬ : ਗਲੀ ਨੰ. 20' ਚੌੜੀ ਸਾਈਡ50' 9', ਪੱਛਮ : ਗੁਆਂਢ ਸਾਈਡ 50' 9' ਰਹਿਣਕਾਰ : ਸ੍ਰੀ ਰਾਮ ਗਾਂਧੀ ਮੰਡਲ ਮਾਰਫਤ ਰਾਮਬ੍ਰਿਸ਼ ਮੰਡਲ। | 27TH OCT. 2023 | 13TH SEP. 2023 | Rs. 42,23,930/- as on 27.10.2023 |
| 1. ਸ੍ਰੀ ਵਿਸ਼ਾਲ ਅੱਗਰਵਾਲ ਪੁੱਤਰ ਬਲਦੇਵ ਕ੍ਰਿਸ਼ਨ, ਪਤਾ : ਮਕਾਨ ਨੰ. 31, ਨਿਊ ਰਾਜਾ ਗਾਰਡਨ ਐਕਸਟੈਂਸ਼ਨ, ਲੇਨ ਨੰ. 2, ਮਾਡਲ ਟਾਊਨ ਜਲੰਧਰ, ਨਾਲ ਹੀ : ਮਕਾਨ ਨੰ. 45, ਨਿਜਾਤਮ ਨਗਰ ਜਲੰਧਰ ਪੰਜਾਬ-144001 ('ਕਰਜ਼ਦਾਰ, ਰਹਿਣਕਾਰ ਤੇ ਗਰੰਟਰ') 2. ਸ੍ਰੀਮਤੀ ਸ਼ਿਲਪਾ ਅੱਗਰਵਾਲ ਪਤਨੀ ਵਿਸ਼ਾਲ ਅੱਗਰਵਾਲ, ਪਤਾ : ਮਕਾਨ ਨੰ. 31, ਨਿਊ ਰਾਜਾ ਗਾਰਡਨ ਐਕਸਟੈਂਸ਼ਨ, ਲੇਨ ਨੰ. 2, ਮਾਡਲ ਟਾਊਨ, ਜਲੰਧਰ, ਨਾਲ ਹੀ : ਮਕਾਨ 45, ਨਿਜਾਤਮ ਨਗਰ, ਜਲੰਧਰ, ਪੰਜਾਬ-144001 ('ਸਹਿ-ਕਰਜ਼ਦਾਰ' ਰਹਿਣਕਾਰ ਅਤੇ ਗਰੰਟਰ') | ਬੈਨਾਮਾ ਨੰ. 461 ਮਿਤੀ 15.04.2009 ਅਤੇ 7193 ਮਿਤੀ 24.12.2013 ਅਨੁਸਾਰ ਦੁਕਾਨ ਨੰ. 04, ਰਕਬਾ 1 ਮਰਲਾ 96 ਵਰਗ ਫੁੱਟ, ਖਸਰਾ ਨੰ. 1275/495,1279/499, 1281/501,502, 1283/503, 1284/504, 500 ਖਿੰਗਰਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਨੰ. 5, ਦੱਖਣ : ਨੰ. 3, ਪੂਰਬ : ਮਾਲਕ, ਪੱਛਮ : ਰੋਡ, ਰਹਿਣਕਾਰ : ਸ੍ਰੀ ਵਿਸ਼ਾਲ ਅੱਗਰਵਾਲ ਪੁੱਤਰ ਬਲਦੇਵ ਕ੍ਰਿਸ਼ਨ ਅਤੇ ਸ੍ਰੀਮਤੀ ਸ਼ਿਲਪਾ ਅੱਗਰਵਾਲ ਪਤਨੀ ਵਿਸ਼ਾਲ ਅੱਗਰਵਾਲ। | 27TH OCT. 2023 | 13TH SEP. 2023 | Rs. 47,22,298.39 as on 27.10.2023 |
| 1. ਨੈਨਾ ਦੇਵੀ ਮਾਰਫਤ ਨਰ ਬਹਾਦੁਰ, ਪਤਾ : ਗੁਰਮੇਲ ਪਾਰਕ ਟਿੱਬਾ ਰੋਡ, ਗਲੀ ਨੰ. 03 ਨੇੜੇ ਗਗਨਦੀਪ ਮਾਡਲ ਸੀਨੀ. ਸੈਕੰ. ਸਕੂਲ, ਜਮਾਲਪੁਰ ਅਵਾਣਾ, ਲੁਧਿਆਣਾ, ਨਾਲ ਹੀ : ਨਰ ਬਹਾਦੁਰ, ਮਕਾਨ ਨੰ. 6669, ਗਲੀ ਨੰ. 2, ਨਿਊ ਪ੍ਰੀਤ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ ਪੰਜਾਬ-141007 ('ਕਰਜ਼ਦਾਰ, ਰਹਿਣਕਾਰ ਤੇ ਗਰੰਟਰ') 2. ਕ੍ਰਿਤੀ ਕਪੂਰ ਪੁੱਤਰ ਸੰਜੇ ਕਪੂਰ, ਪਤਾ : ਗੁਰਮੇਲ ਪਾਰਕ, ਟਿੱਬਾ ਰੋਡ, ਗਲੀ ਨੰ. 3, ਨੇੜੇ ਗਗਨਦੀਪ ਮਾਡਲ ਸੀਨੀ. ਸੈਕੰ. ਸਕੂਲ, ਜਮਾਲਪੁਰ ਅਵਾਣਾ, ਲੁਧਿਆਣਾ, ਨਾਲ ਹੀ : ਪਿੰਡ ਪਤਲੀਕੁਹਲ, ਡਾਕਖਾਨਾ ਪਤਲੀਕੁਹਲ ਤਹਿਸੀਲ ਮਨਾਲੀ, ਬਾਰੀ (22/36) ਕੁੱਲੂ, ਹਿਮਾਚਲ ਪ੍ਰਦੇਸ਼ 175129, ਨਾਲ ਹੀ : ਨਰ ਬਹਾਦੁਰ, ਮਕਾਨ ਨੰ. 6669, ਗਲੀ ਨੰ. 2, ਨਿਊ ਪ੍ਰੀਤ ਨਗਰ, ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007 ('ਸਹਿ-ਕਰਜ਼ਦਾਰ ਅਤੇ ਗਰੰਟਰ') | ਗੈਰ ਖੇਤੀਬਾੜੀ ਵਾਲੀ ਜਾਇਦਾਦ ਰਕਬਾ 146-2/3 ਵਰਗ ਗਜ਼ (ਜਾਇਦਾਦ ਨੰ. ਬੀ-31-1703/8/12673) ਜਮਾਲਪੁਰ ਅਵਾਣਾ, ਲੁਧਿਆਣਾ, ਖੱਤਾ ਨੰ. 692/746-693/747, ਖਸਰਾ ਨੰ. 37//17, 37//24/2, ਜਮ੍ਹਾਂਬੰਦੀ ਸਾਲ 2011-2012, ਪਿੰਡ ਜਮਾਲਪੁਰ ਅਵਾਣਾ, ਹਦਬਸਤ ਨੰ. 177, ਅਬਾਦੀ ਗੁਰਮੇਲ ਪਾਰਕ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਗਲੀ 20 ਫੁੱਟ, ਦੱਖਣ : ਗੁਆਂਢ 20 ਫੁੱਟ, ਪੂਰਬ : ਹੋਰ ਜਾਇਦਾਦ 66 ਫੁੱਟ, ਪੱਛਮ : ਕਾਮਨ ਸਰਵਿਸ ਸੈਂਟਰ 66 ਫੁੱਟ। ਰਹਿਣਕਾਰ : ਨੈਨਾ ਦੇਵੀ ਮਾਰਫਤ ਨਰ ਬਹਾਦੁਰ। | 16TH NOV. 2023 | 13TH SEP. 2023 | Rs. 35,60,709.80 as on 16.11.2023 |

ਉਪਰੋਕਤ ਕਰਜ਼ਦਾਰ ਅਤੇ/ਜਾਂ ਉਨ੍ਹਾਂ ਦੇ ਗਰੰਟਰ/ਰਹਿਣਕਾਰ (ਜਦੋਂ ਵੀ ਲਾਗੂ ਹੋਵੇ) ਨੂੰ ਬਕਾਇਆ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ 60 ਦਿਨ ਗੁਜ਼ਰ ਜਾਣ ਤੋਂ ਬਾਅਦ ਸਰਫੇਸੀ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ। ਇਸ ਤੋਂ ਅੱਗੇ ਇਹ ਵੀ ਤੁਹਾਡੇ ਧਿਆਨ 'ਚ ਲਿਆਂਦਾ ਜਾਂਦਾ ਹੈ ਕਿ ਉਕਤ ਐਕਟ ਦੇ ਸੈਕਸ਼ਨ 13 (8) ਤਹਿਤ, ਜੇਕਰ ਸਾਡੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਤੈਅ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕਰ ਦਿੱਤੇ ਜਾਂਦੇ ਹਨ ਤਾਂ ਸਾਡੇ ਵੱਲੋਂ ਸਕਿਉਰਡ ਐੱਸਟ ਵਿਕਰੀ ਜਾਂ ਤਬਦੀਲ ਨਹੀਂ ਕੀਤੇ ਜਾਣਗੇ ਅਤੇ ਸਾਡੇ ਵੱਲੋਂ ਸਕਿਉਰਡ ਐੱਸਟ ਨੂੰ ਤਬਦੀਲ ਜਾਂ ਵਿਕਰੀ ਕਰਨ ਸੰਬੰਧੀ ਅਗਲੇ ਕਦਮ ਨਹੀਂ ਉਠਾਏ ਜਾਣਗੇ।

ਮਿਤੀ : 25 ਨਵੰਬਰ, 2023 — ਸਹੀ/- ਅਧਿਕਾਰਤ ਅਫਸਰ
ਸਥਾਨ : ਪੰਜਾਬ — ਵਾਸਤੇ ਯੈੱਸ ਬੈਂਕ ਲਿਮਟਿਡ


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ 6 ਨੂੰ : ਗੰਡੀਵਿੰਡ

## ਤਿਆਰੀਆਂ ਸਬੰਧੀ ਸੂਬਾ ਵਰਕਿੰਗ ਕਮੇਟੀ ਮੀਟਿੰਗ ਅੱਜ

**ਤਰਨ ਤਾਰਨ (ਨ ਜ਼ ਸ)**—ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਮਰਹੂਮ ਕਾਮਰੇਡ ਭਗਵਾਨ ਸਿੰਘ ਅਣਖੀ ਦੀ ਯਾਦ ਵਿੱਚ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ 32ਵੀਂ ਬਰਸੀ 6 ਦਸੰਬਰ ਨੂੰ ਅਣਖੀ ਯਾਦਗਾਰੀ ਭਵਨ ਪਟਿਆਲਾ ਵਿਖੇ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਈ ਜਾਵੇਗੀ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਬਰਸੀ ਦੀਆਂ ਤਿਆਰੀਆਂ ਸਬੰਧੀ ਸੂਬਾ ਵਰਕਿੰਗ ਕਮੇਟੀ ਮੀਟਿੰਗ ਅੱਜ 25 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਰੱਖੀ ਗਈ ਹੈ ਜਿਸ ਵਿੱਚ ਸੂਬੇ ਭਰ ਦੀ ਲੀਡਰਸ਼ਿਪ ਪਹੁੰਚ ਕੇ ਬਰਸੀ ਮਨਾਉਣ ਅਤੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਮੁਲਾਜ਼ਮ/ਮਜ਼ਦੂਰ ਤੇ ਕਿਸਾਨ ਵਿਰੋਧੀ ਨੀਤੀਆਂ ਖਿਲਾਫ 26 ਨਵੰਬਰ ਤੋਂ 28 ਨਵੰਬਰ ਤੱਕ ਤਿੰਨ ਦਿਨ ਦੇਸ਼ ਦੇ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਗਵਰਨਰ ਹਾਊਸ ਸਾਹਮਣੇ 10 ਕੇਂਦਰੀ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸਾਂਝੇ ਸੱਦੇ 'ਤੇ ਲਗਾਏ ਜਾ ਰਹੇ ਰੋਸ ਧਰਨਿਆਂ ਦੇ ਪਹਿਲੇ ਦਿਨ ਪੰਜਾਬ ਏਟਕ ਦੇ ਸੱਦੇ 'ਤੇ 26 ਨਵੰਬਰ ਨੂੰ ਬਿਜਲੀ ਕਾਮਿਆਂ ਦੀ ਭਰਵੀਂ ਸ਼ਮੂਲੀਅਤ ਕਰਵਾਉਣ ਦੀਆਂ ਤਿਆਰੀਆਂ ਸਬੰਧੀ ਚਰਚਾ ਕੀਤੀ ਜਾਵੇਗੀ। ਗੰਡੀਵਿੰਡ ਨੇ ਕਿਹਾ ਕਿ ਬਰਸੀ ਮੌਕੇ ਹਰੇਕ ਸਾਲ ਦੀ ਤਰ੍ਹਾਂ ਕਾਮਰੇਡ ਅਣਖੀ ਦੀ ਨਿੱਘੀ ਯਾਦ ਵਿੱਚ ਸਾਲ 2024 ਦੀ ਡਾਇਰੀ ਅਤੇ ਮਾਸਿਕ 'ਬਿਜਲੀ ਉਜਾਲਾ' ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ ਜਾਵੇਗਾ।

# ਸਿੱਖਾਂ ਦੀ ਵੋਟ ਬਣਾਉਣ ਵਾਲੇ ਫਾਰਮ ਨੂੰ ਸਤਨਾਮ ਸਿੰਘ ਗਿੱਲ ਵੱਲੋਂ ਰੱਦ ਕਰਨ ਦੀ ਮੰਗ

**ਬੁਤਾਲਾ (ਨਿਰਮਲ ਸਿੰਘ ਸੰਘਾ)**

ਕੇਸਾਧਾਰੀ 'ਸਿੱਖ' ਨੂੰ ਗੁਰਦੁਆਰਾ ਚੋਣਾਂ 'ਚ ਵੋਟਰ ਵਜੋਂ ਤਸਦੀਕ ਕਰਨ ਲਈ ਪ੍ਰਕਾਸ਼ਿਤ ਕੀਤੇ ਗਏ ਫਾਰਮ 'ਚ ਜਾਤ ਅਧਾਰਿਤ ਵੱਖਰੇਵਾਂ ਪਾਉਣ ਲਈ ਖੇਡੀ ਗਈ ਕੋਝੀ ਚਾਲ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਮੌਜੂਦਾ 'ਫਾਰਮ' ਜਿਸ 'ਚ ਅਨੁਸੂਚਿਤ ਜਾਤੀ ਦੇ ਲੋਕਾਂ ਦੀ ਸ਼ਨਾਖਤ ਕਰਨ ਲਈ ਗੁਰਧਾਮਾਂ ਦੇ ਵੋਟਰਾਂ ਵਜੋਂ ਸ਼ਨਾਖਤ ਕਰਨ ਲਈ ਵਰਤੋਂ 'ਚ ਲਿਆਂਦੀ ਗਈ ਕੂਟਨੀਤੀ ਦਾ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ.) ਦੇ ਫਾਊਂਡਰ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਸ਼ਰੇਆਮ ਵਿਰੋਧ ਕੀਤਾ ਹੈ। ਜਾਤ-ਪਾਤ ਦਾ ਵਖਰੇਵਾਂ ਪਾਉਣ ਅਤੇ ਸਿੱਖ ਸਮਾਜ ਨੂੰ ਅਲੱਗ-ਥਲੱਗ ਕਰਨ ਲਈ ਅਨੁਸੂਚਿਤ ਜਾਤੀ ਅਧਾਰਿਤ ਕੇਸਾਧਾਰੀ ਸਿੱਖ ਨੂੰ ਵੋਟਰ ਤਸਲੀਮ ਕਰਨ ਲਈ ਸ਼ਰਾਰਤੀ ਦਿਮਾਗ ਨਾਲ ਪ੍ਰਕਾਸ਼ਿਤ ਕੀਤੇ ਗਏ ਫਾਰਮ ਨੂੰ 'ਰੱਦ' ਕਰਨ ਸਤਨਾਮ ਸਿੰਘ ਗਿੱਲ ਨੇ ਕਮਿਸ਼ਨਰ ਗੁਰਦੁਆਰਾ ਚੋਣਾਂ ਨੂੰ ਚੰਡੀਗੜ੍ਹ ਵਿਖੇ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਨਵਾਂ ਤੇ ਸਿੱਖਾਂ ਲਈ ਇੱਕਸਾਰ ਫਾਰਮ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕੇਸਾਧਾਰੀ ਸਿੱਖਾਂ ਲਈ ਵੋਟਰ ਫਾਰਮ ਖੁਦ ਆਪਣੀ ਪ੍ਰਿੰਟਿੰਗ ਪ੍ਰੈੱਸ 'ਚ ਪ੍ਰਕਾਸ਼ਤ ਕਰਨ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਧੜੱਲੇ ਨਾਲ ਇਹ ਫਾਰਮ ਵੰਡੇ ਜਾ ਰਹੇ ਹਨ ਜਦੋਂਕਿ ਇਸ 'ਚ ਪਾਈ ਗਈ ਵੱਡੀ ਖਾਮੀ ਨੂੰ ਦੂਰ ਕਰਕੇ ਸਿੱਖੀ ਸਿਧਾਂਤ ਅਤੇ ਮਾਨਿਸ ਕੀ ਜਾਤਿ ਸਭੈ ਏਕੋ ਪਹਿਚਾਨਬੋ ਦੇ ਸੰਕਲਪ ਨੂੰ ਬੇਅਸਰ ਕਰਦੇ ਇਸ ਫਾਰਮ ਨੂੰ ਛਾਪਣ ਵਾਲੇ ਦੀ ਭਾਲ ਕਰਨੀ ਚਾਹੀਦੀ ਹੈ ਕਿਉਂਕਿ ਫਾਰਮ ਪ੍ਰਕਾਸ਼ਿਤ ਕਰਨ ਵਾਲੇ ਨੇ ਨਾ ਹੀ ਆਪਣੀ ਪ੍ਰਿੰਟਿੰਗ ਪ੍ਰੈੱਸ ਦਾ ਹਵਾਲਾ ਦਿੱਤਾ ਹੈ ਨਾ ਹੀ ਇਹ ਵੇਰਵਾ ਦਿੱਤਾ ਹੈ ਕਿ ਜੇਕਰ ਕਿਸੇ ਨੇ ਹੋਰ ਫਾਰਮ ਪ੍ਰਕਾਸ਼ਿਤ ਕਰਵਾਉਣੇ ਹੋਣ ਤਾਂ ਪ੍ਰਕਾਸ਼ਕ ਨਾਲ ਸੰਪਰਕ ਕਿਵੇਂ ਕਰੇਗਾ? ਗਿੱਲ ਨੇ ਦੱਸਿਆ ਕਿ ਸੇਵਾ ਮੁਕਤ ਜਸਟਿਸ ਸ਼੍ਰੀ ਐੱਸ. ਐੱਸ. ਸਾਰੋ ਨੂੰ ਉਨ੍ਹਾਂ ਨੇ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਕਤ ਫਿਰਕੂ ਸੋਚ ਨਾਲ ਲਬਰੇਜ਼ ਫਾਰਮ ਜੋ ਕਿ ਸਿੱਖੀ ਸਿਧਾਂਤ ਨੂੰ ਢਾਅ ਲਗਾ ਰਿਹਾ ਹੈ ਇਸ ਨੂੰ ਪ੍ਰਕਾਸ਼ਤ ਕਰਨ ਵਾਲੇ ਪਬਲੀਸ਼ਰ ਅਤੇ ਪ੍ਰਿੰਟਿੰਗ ਪ੍ਰੈੱਸ ਦਾ ਪਤਾ ਕਰਨ ਲਈ ਵਿਸ਼ੇਸ਼ ਜਾਂਚ ਟੀਮ ਨੂੰ ਪੜਤਾਲ ਸੌਂਪੀ ਜਾਵੇ ਤਾਂ ਕਿ ਫਾਰਮ ਪਿੱਛੇ ਵੱਖਵਾਦੀ ਸੋਚ ਦੇ ਹਮਾਇਤੀਆਂ ਦੀ ਸ਼ਨਾਖਤ ਕਰਕੇ ਸਿੱਖ ਸਮਾਜ ਸਾਹਮਣੇ ਉਨ੍ਹਾਂ ਨੂੰ ਬੇਪਰਦਾ ਕੀਤਾ ਜਾ ਸਕੇ।



## ਕਮਾਦ 'ਚੋਂ ਮਿਲੇ ਜ਼ਖ਼ਮੀ ਵਿਅਕਤੀ ਦੀ ਹਸਪਤਾਲ 'ਚ ਮੌਤ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਦੀਆਂ ਤੋਂ ਪਿੰਡ ਖਾਰਾ ਨੂੰ ਜਾਣ ਵਾਲੀ ਸੜਕ ਦੇ ਕੰਢੇ ਕਮਾਦ ਦੇ ਖੇਤ ਵਿੱਚੋਂ ਇਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਜਿਸ ਦੀ ਬਾਅਦ ਵਿਚ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਵਿਅਕਤੀ ਦੀ ਪਹਿਚਾਣ ਬਲਵਿੰਦਰਜੀਤ ਸਿੰਘ ਪੁੱਤਰ ਅਰਜੁਨ ਸਿੰਘ ਉਮਰ ਕਰੀਬ 60 ਸਾਲ ਮੁਹੱਲਾ ਪ੍ਰਤਾਪ ਨਗਰ ਵਜੋਂ ਹੋਈ ਹੈ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਬਲਵਿੰਦਰਜੀਤ ਸਿੰਘ ਦੇ ਜੀਜਾ ਸੁਖਦੇਵ ਸਿੰਘ ਨੇ ਕਿਹਾ ਕਿ ਬਲਵਿੰਦਰਜੀਤ ਸਵੇਰੇ 9 ਵਜੇ ਆਪਣੇ ਘਰ ਤੋਂ ਸਾਡੇ ਘਰ ਲਈ ਨਿਕਲਿਆ ਪਰ ਉਹ ਘਰ ਨਹੀਂ ਪਹੁੰਚਿਆ। ਕੁਝ ਚਿਰ ਬਾਅਦ ਹੀ ਸੂਚਨਾ ਮਿਲੀ ਕਿ ਉਹ ਜ਼ਖ਼ਮੀ ਹਾਲਤ ਵਿੱਚ ਖਾਰਾ ਰੋਡ 'ਤੇ ਪਿਆ ਹੈ। ਜਾ ਕੇ ਦੇਖਿਆ ਤਾਂ ਉਹ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਪਿਆ ਸੀ। ਉਸ ਨੂੰ ਤੁਰੰਤ ਕਾਦੀਆਂ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਵੱਲੋਂ ਜਵਾਬ ਮਿਲਣ 'ਤੇ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਪਰਿਵਾਰ ਦੇ ਮੈਂਬਰਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਕਾਬੂ ਕਰ ਕੇ ਸਖਤ ਕਾਰਵਾਈ ਕੀਤੀ ਜਾਵੇ। ਦੂਜੇ ਪਾਸੇ ਪੁਲਸ ਨੇ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਥਾਣਾ ਮੁਖੀ ਨਰਿੰਦਰ ਸਿੰਘ ਦੀ ਇੰਸਪੈਕਟਰ ਵਜੋਂ ਤਰੱਕੀ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਜ਼ਿਲਾ ਪੁਲਸ ਤਰਨਤਾਰਨ ਅਧੀਨ ਆਉਂਦੇ ਸਰਹੱਦੀ ਥਾਣਾ ਸਰਾਏ ਅਮਾਨਤ ਖਾਂ ਵਿਖੇ ਥਾਣਾ ਮੁਖੀ ਐੱਸ. ਆਈ. ਨਰਿੰਦਰ ਸਿੰਘ ਵੱਲੋਂ ਬਤੌਰ ਥਾਣਾ ਮੁਖੀ ਨਿਭਾਈਆਂ ਜਾ ਰਹੀਆਂ ਵੱਡਮੁੱਲੀਆਂ ਸੇਵਾਵਾਂ ਸਦਕਾ ਜ਼ਿਲਾ ਪੁਲਸ ਤਰਨਤਾਰਨ ਮੁਖੀ ਅਸ਼ਵਨੀ ਕਪੂਰ ਵੱਲੋਂ ਉਨਾਂ ਨੂੰ ਡੀਜੀਪੀ ਡਿਸਕ  ਨਾਲ ਸਨਮਾਨਿਤ ਕਰਦਿਆਂ ਸਟਾਰ ਲਗਾ ਕੇ ਇੰਸਪੈਕਟਰ ਬਣਾਇਆ ਗਿਆ। ਇਸ ਮੌਕੇ ਐੱਸਪੀ (ਡੀ) ਇਨਵੈਸਟੀਗੇਸ਼ਨ ਵਿਸ਼ਾਲਜੀਤ ਸਿੰਘ, ਐੱਸਪੀ ਹੈੱਡਕੁਆਰਟਰ ਮਨਿੰਦਰ ਸਿੰਘ, ਡੀਐੱਸਪੀ ਸਿਟੀ ਤਰਨ ਤਾਰਨ ਤਰਸੇਮ ਮਸੀਹ, ਡੀਐੱਸਪੀ ਹਰਿੰਦਰ ਸਿੰਘ ਗਿੱਲ, ਡੀਐੱਸਪੀ ਪੱਟੀ ਜਸਪਾਲ ਸਿੰਘ ਢਿੱਲੋਂ, ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਆਦਿ ਵੀ ਹਾਜ਼ਰ ਸਨ।



# ਦੋ ਸਿੱਖ ਵਕੀਲਾਂ ਦੀ ਜੱਜਾਂ ਵਜੋਂ ਨਿਯੁਕਤੀ ਨੂੰ ਦਰਕਿਨਾਰ ਕਰਨਾ ਮੰਦਭਾਗਾ : ਬਲੇਰ, ਸੰਧੂ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਅਕਾਲੀ ਦਲ (ਅ) ਦੇ ਕੌਮੀ ਜਰਨਲ ਸਕੱਤਰ ਹਰਪਾਲ ਸਿੰਘ ਬਲੇਰ ਅਤੇ ਉਪਕਾਰ ਸਿੰਘ ਸੰਧੂ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੀ ਨਿਯੁਕਤੀ ਕਰਨ ਵੇਲੇ ਮਾਣਯੋਗ ਸੁਪਰੀਮ ਕੋਰਟ ਵੱਲੋਂ ਕੀਤੀਆਂ ਸਿਫਾਰਸ਼ਾਂ ਵਿੱਚੋਂ ਦੋ ਸਿੱਖ ਵਕੀਲਾਂ ਨੂੰ ਬਾਹਰ ਰੱਖੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਅਤੇ ਇਸਨੂੰ ਸਿੱਖਾਂ ਨਾਲ ਇਕ ਵਾਰ ਫਿਰ ਕੀਤਾ ਗਿਆ ਵਿਤਕਰੇ ਭਰਿਆ ਸਲੂਕ ਕਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅ) ਦੇ ਜ਼ਿਲਾ ਪ੍ਰੈੱਸ ਸਕੱਤਰ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਬਿਆਨ ਵਿੱਚ ਦਲ ਦੇ ਕੌਮੀ ਜਰਨਲ ਸਕੱਤਰ ਹਰਪਾਲ ਸਿੰਘ ਬਲੇਰ ਅਤੇ ਉਪਕਾਰ ਸਿੰਘ ਸੰਧੂ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੀਆਂ ਸਿਫਾਰਸ਼ਾਂ ਨੂੰ ਦਰਕਿਨਾਰ ਕਰਦਿਆਂ ਕੇਂਦਰ ਵਿੱਚ ਬੈਠੀ ਹਿੰਦੂਤਵੀ ਸਰਕਾਰ ਵੱਲੋਂ ਦੋ ਸਿੱਖ ਵਕੀਲਾਂ ਹਰਮੀਤ ਸਿੰਘ ਗਰੇਵਾਲ ਅਤੇ ਦੀਪਿੰਦਰ ਸਿੰਘ ਨਲਵਾ ਦੀਆਂ ਬਤੌਰ ਜੱਜ ਨਿਯੁਕਤੀਆਂ ਨਾ ਕਰਕੇ ਜਿੱਥੇ ਕੇਂਦਰ ਸਰਕਾਰ ਦੀ ਸਿੱਖਾਂ ਪ੍ਰਤੀ ਮਾੜੀ ਸੋਚ ਉਜਾਗਰ ਹੋਈ ਹੈ ਉਥੇ ਕੇਂਦਰ ਦਾ ਸਿੱਖ ਵਿਰੋਧੀ ਚਿਹਰਾ ਵੀ ਨੰਗਾ ਹੋਇਆ ਹੈ।

ਸ. ਬਲੇਰ ਅਤੇ ਸੰਧੂ ਨੇ ਕਿਹਾ ਕਿ ਕੇਂਦਰ ਵੱਲੋਂ ਇਹ ਨਿਯੁਕਤੀਆਂ ਨਾ ਕਰਨ ਉਪਰੰਤ ਸੁਪਰੀਮ ਕੋਰਟ ਵੱਲੋਂ ਸਿੱਖਾਂ ਪ੍ਰਤੀ ਅਪਣਾਏ ਇਸ ਵੱਖਵਾਦੀ ਰਵੱਈਏ 'ਤੇ ਟਿੱਪਣੀ ਕਰਨਾ ਕੇਂਦਰ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਮੋਹਰੀ ਹੋ ਕੇ ਹਮੇਸ਼ਾ ਹਰ ਪ੍ਰਕਾਰ ਦਾ ਯੋਗਦਾਨ ਪਾਇਆ ਹੈ, ਪਰ ਭਾਰਤ ਦੀਆਂ ਕੇਂਦਰੀ ਸਰਕਾਰਾਂ ਵੱਲੋਂ ਸਿੱਖਾਂ ਦੇ ਹੱਕਾਂ ਨੂੰ ਅਕਸਰ ਦਬਾਉਣ ਦੀਆਂ ਹੀ ਖ਼ਬਰਾਂ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਜਿੱਥੇ ਸੀਨੀਆਰਤਾ ਦੀ ਗੱਲ ਆਉਂਦੀ ਹੈ ਉਥੇ ਕੇਂਦਰ ਸਰਕਾਰ ਇਸ ਮਾਮਲੇ ਵਿੱਚ ਪਿੱਕ ਐਂਡ ਚੂਜ਼ ਨਹੀਂ ਕਰ ਸਕਦੀ।

# ਪੰਜਾਬ ਖੇਤ ਮਜ਼ਦੂਰ ਸਭਾ ਦਾ ਅਜਲਾਸ ਅੱਜ : ਜੋਗਿੰਦਰ ਵਲਟੋਹਾ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਪੰਜਾਬ ਖੇਤ ਮਜ਼ਦੂਰ ਸਭਾ ਦਾ ਅਜਲਾਸ ਅਤੇ ਰੈਲੀ 25 ਨਵੰਬਰ ਨੂੰ ਹੋ ਰਹੀ ਹੈ। ਇਸ ਰੈਲੀ ਨੂੰ ਜ਼ਿਲੇ ਦੇ ਆਗੂ ਅਤੇ ਬਲਾਕ ਪੱਧਰ ਦੇ ਆਗੂ ਸੰਬੋਧਨ ਕਰਨਗੇ। ਪਿੰਡਾਂ/ਕਸਬਿਆਂ ਵਿੱਚ ਮੀਟਿੰਗਾਂ ਕਰਕੇ ਵੱਡੀ ਗਿਣਤੀ ਵਿੱਚ ਮਜ਼ਦੂਰ ਸਾਥੀ ਇਸ ਰੈਲੀ 'ਚ ਪਹੁੰਚਣਗੇ। ਮਜ਼ਦੂਰ ਸਭਾ ਦੇ ਆਗੂ ਇਸ ਰੈਲੀ ਨੂੰ ਸਫਲ ਬਣਾਉਣਗੇ। ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿਚ ਸਾਥੀ ਪਹੁੰਚਣਗੇ। ਇਹ ਵਿਚਾਰ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲੇ ਦੇ ਆਗੂ ਕਾਮਰੇਡ ਜੋਗਿੰਦਰ ਸਿੰਘ ਵਲਟੋਹਾ ਨੇ ਇਕ ਪ੍ਰੈੱਸ ਮਿਲਣੀ ਦੌਰਾਨ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਮਜ਼ਦੂਰਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਕਰ ਦਿਆਂਗੇ। ਸਾਡੀਆਂ ਮੰਗਾਂ ਇਸ ਪ੍ਰਕਾਰ ਹਨ ਕਿ ਨਰੇਗਾ ਕੰਮ ਕਰਨ ਲਈ ਪੂਰਾ ਸਾਲ ਦਿੱਤਾ ਜਾਵੇ, ਦਿਹਾੜੀ ਦਾ ਬਾਰਾਂ ਘੰਟੇ ਵਾਲਾ ਨੋਟੀਫਿਕੇਸ਼ਨ ਰੱਦ ਕਰ ਕੇ ਅਠ ਘੰਟੇ ਕੀਤਾ ਜਾਵੇ, ਬੁਢਾਪਾ ਪੈਨਸ਼ਨ, ਅੰਗਹੀਣ ਪੈਨਸ਼ਨ ਪੰਜ ਹਜ਼ਾਰ ਕੀਤੀ ਜਾਵੇ, ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਮਕਾਨ ਬਣਾਉਣ ਲਈ ਪੰਜ ਲੱਖ ਰੁਪਏ ਦਿੱਤੇ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਮੇਜਰ ਸਿੰਘ ਜੋਧ ਸਿੰਘ ਵਾਲਾ, ਕਾਮਰੇਡ ਕਾਬਲ ਸਿੰਘ ਆਸਲ ਉਤਾੜ, ਕਾਮਰੇਡ ਲਾਲ ਸਿੰਘ ਵਲਟੋਹਾ, ਜੱਗਾ ਮਸੀਹ, ਕਾਮਰੇਡ ਨਿਸ਼ਾਨ ਸਿੰਘ, ਬੇਅੰਤ ਸਿੰਘ, ਸਵਰਨ ਸਿੰਘ, ਅਮਨਦੀਪ ਕੌਰ ਅਤੇ ਜਗੀਰ ਕੌਰ ਵਲਟੋਹਾ ਆਦਿ ਹਾਜ਼ਰ ਸਨ।

**ਪਿੰਡਾਂ/ ਕਸਬਿਆਂ 'ਚੋਂ ਮਜ਼ਦੂਰ ਸਾਥੀ ਕਰਨਗੇ ਭਰਵੀਂ ਸ਼ਮੂਲੀਅਤ**

# ਗੁਰਦੁਆਰਾ ਟਿੱਬੀ ਸਾਹਿਬ ਚਚਰਾੜੀ ਵਿਖੇ ਅੱਖਾਂ ਦਾ 20ਵਾਂ ਮੁਫਤ ਕੈਂਪ ਭਲਕੇ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਸੰਤ ਬਾਬਾ ਗੁਰਦਿੱਤਾ ਗੁਰਦੁਆਰਾ ਟਿੱਬੀ ਸਾਹਿਬ ਪਿੰਡ ਚਚਰਾੜੀ, ਤਹਿਸੀਲ, ਜ਼ਿਲ੍ਹਾ ਜਲੰਧਰ ਵਿਖੇ ਸੰਤ ਬਾਬਾ ਬਲਬੀਰ ਸਿੰਘ ਦੀ ਸਰਪ੍ਰਸਤੀ ਹੇਠ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜਿੱਥੇ 25 ਨਵੰਬਰ ਨੂੰ ਮਹਾਨ ਕੀਰਤਨ ਦਰਬਾਰ ਸਮਾਗਮ ਕਰਵਾਇਆ ਜਾ ਰਿਹਾ ਹੈ, ਉੱਥੇ 26 ਨਵੰਬਰ, ਦਿਨ ਐਤਵਾਰ ਨੂੰ ਅੱਖਾਂ ਦਾ 20ਵਾਂ ਮੁਫਤ ਕੈਂਪ ਆਯੋਜਿਤ ਕੀਤਾ ਜਾਵੇਗਾ। ਇਸ ਸੰਬੰਧੀ ਸੰਤ ਬਾਬਾ ਬਲਬੀਰ ਸਿੰਘ ਦੇ ਸਿੱਖ ਪੰਥ ਦੇ ਉੱਘੇ ਢਾਡੀ ਗਿਆਨੀ ਸੁਖਦੇਵ ਸਿੰਘ ਬਾਦਲ ਤੇ ਸਮਾਜ ਸੇਵਕ ਮੱਖਣ ਸਿੰਘ ਫਰਿਆਦ ਦੀ ਹਾਜ਼ਰੀ 'ਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿੱਥੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਗੁਰਦਿੱਤਾ ਗੁਰਦੁਆਰਾ ਟਿੱਬੀ ਸਾਹਿਬ ਪਿੰਡ ਚਚਰਾੜੀ, ਤਹਿਸੀਲ, ਜ਼ਿਲ੍ਹਾ ਜਲੰਧਰ ਵਿਖੇ 25 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਮਹਾਨ ਕੀਰਤਨ ਦਰਬਾਰ ਸਜਾਇਆ ਜਾਵੇਗਾ, ਜਿਸ 'ਚ ਸਿੱਖ ਪੰਥ ਦੇ ਮਹਾਨ ਕੀਰਤਨੀਏ ਬਾਬਾ ਪਿਆਰਾ ਸਿੰਘ ਸਿਰਥਲੇ ਵਾਲੇ ਤੇ ਬਾਬਾ ਮਨਵੀਰ ਸਿੰਘ ਨਾਨਕਸਰ ਵਾਲੇ ਅਤੇ ਸੰਤ-ਮਹਾਂਪੁਰਸ਼ਾਂ ਵਲੋਂ ਸੰਗਤਾਂ ਨੂੰ ਗੁਰ- ਇਤਿਹਾਸ ਸੁਣਾ ਕੇ ਨਿਹਾਲ ਕੀਤਾ ਜਾਵੇਗਾ। 26 ਨਵੰਬਰ, ਦਿਨ ਐਤਵਾਰ ਨੂੰ ਸਵੇਰੇ 8 ਵਜੇ ਤੋਂ ਆਯੋਜਿਤ ਕੀਤੇ ਜਾ ਰਹੇ ਅੱਖਾਂ ਦੇ 20ਵੇਂ ਮੁਫਤ ਕੈਂਪ ਦੌਰਾਨ ਸੀਐੱਮਸੀ ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦਾ ਮੁਆਇਨਾ ਕੀਤਾ ਜਾਵੇਗਾ ਅਤੇ ਲੋੜਵੰਦ ਮਰੀਜ਼ਾਂ ਦੇ ਟਾਂਕੇ ਤੋਂ ਬਿਨਾਂ ਅਪ੍ਰੇਸ਼ਨ ਕਰਨ ਤੋਂ ਇਲਾਵਾ ਮੁਫਤ ਲੈਂਜ਼ ਪਾਏ ਜਾਣਗੇ।

## 20/50 ਲੱਖ ਦੀ ਫਿਰੌਤੀ ਮੰਗਣ 'ਤੇ ਦੋ ਗੈਂਗਸਟਰਾਂ ਵਿਰੁੱਧ ਕੇਸ ਦਰਜ

**ਧਾਰੀਵਾਲ,(ਮਨਦੀਪ ਸਿੰਘ ਵਿੱਕੀ)**-ਗੈਂਗਸਟਰ ਹੈਰੀ ਚੱਠਾ ਅਤੇ ਲੰਡਾ ਹਰੀਕੇ ਨੇ ਪਿੰਡ ਡੇਹਰੀਵਾਲ ਦਰੋਗਾ ਦੇ ਰਹਿਣ ਵਾਲੇ ਇਕ ਵਿਅਕਤੀ ਨੂੰ ਵੱਟਸਐਪ ਕਾਲ ਕਰਕੇ ਕ੍ਰਮਵਾਰ 20 ਲੱਖ ਰੁਪਏ ਅਤੇ 50 ਲੱਖ ਦੀ ਮੰਗ ਕੀਤੀ। ਇਸ ਸੰਬੰਧੀ ਥਾਣਾ ਧਾਰੀਵਾਲ ਦੇ ਐੱਸਐੱਚਓ ਸਬ ਇੰਸਪੈਕਟਰ ਸਰਬਜੀਤ ਸਿੰਘ ਚਾਹਲ ਨੇ ਦੱਸਿਆ ਕਿ ਮਨਦੀਪ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਡੇਹਰੀਵਾਲ ਦਰੋਗਾ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਗੈਂਗਸਟਰ ਹੈਰੀ ਚੱਢਾ ਵੱਲੋਂ ਉਸ (ਮਨਦੀਪ ਸਿੰਘ) ਦੇ ਮੋਬਾਈਲ ਨੰਬਰ ਤੇ ਵੱਟਸਐਪ ਕਾਲ ਕਰਕੇ ਉਸ ਕੋਲੋਂ 20 ਲੱਖ ਰੁਪਏ ਦੀ ਮੰਗ ਕੀਤੀ ਤਾਂ ਉਸਨੇ 5 ਲੱਖ ਰੁਪਏ 2 ਅਣਪਛਾਤੇ ਵਿਅਕਤੀਆਂ ਨੂੰ ਦੇ ਦਿੱਤੇ ਅਤੇ ਬਾਅਦ ਵਿੱਚ ਦੁਬਾਰਾ +1(709)2092114 ਅਤੇ +1(365)803-0409 ਤੋਂ ਕਾਲ ਕਰਕੇ ਲੰਡਾ ਹਰੀਕੇ ਨੇ 50 ਲੱਖ ਰੁਪਏ ਦੀ ਮੰਗ ਕੀਤੀ ਅਤੇ ਪੈਸੇ ਨਾ ਦੇਣ ਦੀ ਸੂਰਤ ਵਿੱਚ ਮਾਰ ਦੇਣ ਦੀਆਂ ਧਮਕੀਆਂ ਦੇ ਰਹੇ ਹਨ। ਥਾਣਾ ਮੁਖੀ ਨੇ ਦੱਸਿਆ ਕਿ ਏਐੱਸਆਈ ਰਾਜਵਿੰਦਰ ਸਿੰਘ ਨੇ ਮਨਦੀਪ ਸਿੰਘ ਦੇ ਬਿਆਨਾਂ ਅਨੁਸਾਰ ਹੈਰੀ ਚੱਠਾ, ਲੰਡਾ ਹਰੀਕੇ ਅਤੇ 2 ਅਣਛਾਤੇ ਵਿਅਕਤੀਆਂ ਵਿਰੁੱਧ ਧਾਰਾ 384,387, 506 ਭ. ਦ. ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਮੋਬਾਈਲ ਫ਼ੋਨ ਝਪਟਣ ਵਾਲੇ ਦੋ ਨੌਜਵਾਨਾਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਸ਼ੂਗਰ ਮਿੱਲ ਪਨਿਆੜ ਨਜ਼ਦੀਕ ਇਕ ਨੌਜਵਾਨ ਪਾਸੋਂ ਮੋਬਾਇਲ ਫ਼ੋਨ ਖੋਹਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਦੀਨਾਨਗਰ ਪੁਲਿਸ ਨੂੰ ਕੀਤੀ ਸ਼ਿਕਾਇਤ ਵਿਚ ਨੌਜਵਾਨ ਨੇ ਦੱਸਿਆ ਕਿ ਉਹ ਸ਼ੂਗਰ ਮਿੱਲ ਪਨਿਆੜ ਵਿਖੇ ਪ੍ਰਾਈਵੇਟ ਤੌਰ 'ਤੇ ਕੰਮ ਕਰਦਾ ਹੈ। ਬੀਤੇ ਦਿਨੀਂ ਜਦੋਂ ਉਹ ਰੋਟੀ ਖਾਣ ਲਈ ਪਨਿਆੜ ਸ਼ੂਗਰ ਮਿੱਲ ਪਨਿਆੜ ਦੇ ਬਾਹਰ ਹਾਈਵੇ ਸਰਵਿਸ ਰੋਡ ਤੋਂ ਥੋੜ੍ਹਾ ਅੱਗੇ ਪੁੱਜਾ ਤਾਂ ਪਿੱਛੋ ਇੱਕ ਮੋਟਰਸਾਇਕਲ ਜਿਸ 'ਤੇ ਦੋ ਲੜਕੇ ਸਵਾਰ ਸਨ ਜਿਨ੍ਹਾਂ ਹੱਥ ਵਿੱਚ ਫੜਿਆ ਮੋਬਾਇਲ ਫੋਨ ਮਾਰਕਾ ਰੈੱਡ. ਮੀ ਝਪਟ ਮਾਰ ਕੇ ਖੋਹ ਲਿਆ ਅਤੇ ਫਰਾਰ ਹੋ ਗਏ। ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਦੋ ਨਾਮਲੂਮ ਵਿਅਕਤੀਆਂ ਖ਼ਿਲਾਫ਼ 379 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਲੋਕ ਏਕਤਾ ਲਹਿਰ ਦੀ ਮਹੀਨਾਵਾਰ ਮੀਟਿੰਗ 'ਚ ਲਾਮਿਸਾਲ ਇਕੱਠ, ਇਕਜੁੱਟਤਾ ਦਾ ਦਿੱਤਾ ਹੋਕਾ

**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**

ਕਸਬਾ ਹਰੀਕੇ ਪੱਤਣ ਅੰਦਰ ਨਸ਼ੇ ਅਤੇ ਗੁੰਡਾਗਰਦੀ ਖਿਲਾਫ ਗਠਿਤ ਲੋਕ ਏਕਤਾ ਲਹਿਰ ਦੀ ਮਹੀਨਾਵਾਰ ਮੀਟਿੰਗ ਕਸਬੇ ਦੇ ਵਿਸ਼ਰਾਮ ਘਰ ਵਿੱਚ ਹੋਈ, ਜਿਸ ਵਿੱਚ ਦੁਕਾਨਦਾਰਾਂ ਦੀ ਭਰਵੀ ਸ਼ਮੂਲੀਅਤ ਦੇ ਨਾਲ ਨਾਲ ਔਰਤਾਂ ਨੇ ਵੀ ਹਾਜ਼ਰੀ ਭਰੀ। ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਸਵਰਨ ਸਿੰਘ ਖਹਿਰਾ, ਗੁਰਨਿਸ਼ਾਨ ਸਿੰਘ ਮਨਾਵਾਂ, ਸਾਹਿਬ ਸਿੰਘ ਸੰਧੂ, ਡਾਕਟਰ ਜੋਗਾ ਸਿੰਘ ਵਿਰਕ, ਮਨਬੀਰ ਸਿੰਘ, ਕੁਲਦੀਪ ਸਿੰਘ ਪਨੇਸਰ, ਸ਼ੇਰਬੀਰ ਸਿੰਘ, ਜਸਕਰਨ ਸਿੰਘ, ਧਰਮ ਸਿੰਘ, ਰਣਬੀਰ ਸਿੰਘ ਨੇ ਆਪਣੇ ਵਿਚਾਰ ਰੱਖੇ। ਬੁਲਾਰਿਆਂ ਨੇ ਕਿਹਾ ਕਿ ਨਸ਼ੇ ਵਰਗੇ ਸਮਾਜਿਕ ਕੋਹੜ ਨੂੰ ਖਤਮ ਕਰਨ ਲਈ ਪਿੰਡ ਵਾਸੀਆਂ ਦੀ ਏਕਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਗੁੰਡਾਗਰਦੀ ਤੋਂ ਖੌਫਜ਼ਦਾ ਦੁਕਾਨਦਾਰ ਹੁਣ ਖੁਦ ਨੂੰ ਆਜ਼ਾਦ ਫਿਜ਼ਾ 'ਚ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਗੱਲ ਰਾਹ ਤੋਂ ਭਟਕੇ ਨੌਜਵਾਨਾਂ ਦੀ ਸਲਾਮਤੀ ਲਈ ਔਰਤਾਂ ਹੁਣ ਘਰਾਂ ਤੋਂ ਬਾਹਰ ਆ ਕੇ ਆਵਾਜ਼ ਬੁਲੰਦ ਕਰ ਰਹੀਆਂ ਹਨ। ਅੰਤ ਵਿੱਚ ਲਹਿਰ ਦੇ ਪ੍ਰਧਾਨ ਬਲਬੀਰ ਸਿੰਘ ਸ਼ਾਹ ਨੇ ਜਿਥੇ ਵੱਡੀ ਗਿਣਤੀ ਵਿੱਚ ਹਾਜ਼ਰ ਹੋਣ ਬਦਲੇ ਨਗਰ ਵਾਸੀਆਂ ਦਾ ਧੰਨਵਾਦ ਕੀਤੇ ਉਥੇ ਹੀ ਨਸ਼ਾ ਤਸਕਰਾਂ ਨੂੰ ਵੰਗਾਰ ਦਿੰਦਿਆਂ ਕਿਹਾ ਕਿ ਸਮਝੌਤਾ ਅਤੇ ਮੁਆਫੀ ਦੀ ਖਾਤਾ ਖਤਮ ਕਰ ਦਿੱਤਾ ਗਿਆ। ਇਸ ਤੋਂ ਬਾਅਦ ਹਰੇਕ ਤਸਕਰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਉਨ੍ਹਾਂ ਕਿਹਾ ਕਿ ਥਾਣਾ ਮੁਖੀ ਕੇਵਲ ਸਿੰਘ ਨੇ ਭਰੋਸਾ ਦਿਵਾਇਆ ਕਿ ਆਪਣੇ ਘਰਾਂ ਤੋਂ ਫਰਾਰ ਤਸਕਰਾਂ ਨੂੰ ਵੀ ਜਲਦੀ ਕਾਬੂ ਕਰਕੇ ਕਾਨੂੰਨ ਮੁਤਾਬਿਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਤਸਕਰਾਂ ਦੇ ਵਾਰਸਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਫੜੇ ਜਾਣ ਮਗਰੋਂ ਕਿਸੇ ਵੀ ਕਮੇਟੀ ਮੈਂਬਰ ਪਾਸ ਜਾ ਕੇ ਕਾਨੂੰਨੀ ਕਾਰਵਾਈ ਵਿੱਚ ਢਿੱਲ ਲਈ ਮਜਬੂਰ ਕਰਨ ਦੀ ਬਜਾਏ ਅੱਜ ਤੋਂ ਹੀ ਲਹਿਰ ਦਾ ਹਿੱਸਾ ਬਣ ਕੇ ਪਿੰਡ ਨੂੰ ਨਸ਼ਾ ਮੁਕਤ ਕਰਨ ਵਿੱਚ ਯੋਗਦਾਨ ਪਾਉਣ। ਪਿੰਡ ਵਾਸੀਆਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਫਤਵਾ ਦਿੰਦਿਆਂ ਆਖਰੀ ਤਸਕਰ ਨੂੰ ਕਾਬੂ ਕਰਨ ਤੱਕ ਸਾਥ ਦੇਣ ਦੀ ਵਚਨਬੱਧਤਾ ਦੁਹਰਾਈ।



# ਸਿੱਖ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ 'ਤੇ ਧਾਮੀ ਨੇ ਕੀਤਾ ਇਤਰਾਜ਼



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਦੇ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 1684 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿੱਚੋਂ 788 ਨੂੰ ਵੀਜ਼ਾ ਨਾ ਦੇਣਾ ਬੇਹੱਦ ਮੰਦਭਾਗਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਥੇ ਵਿਚ ਹਮੇਸ਼ਾ ਹੀ ਪੰਜਾਬ ਦੇ ਕੋਟੇ ਅਨੁਸਾਰ ਹੀ ਪਾਸਪੋਰਟ ਭੇਜੇ ਜਾਂਦੇ ਹਨ, ਪਰ ਦੁੱਖ ਦੀ ਗੱਲ ਹੈ ਕਿ ਇਸ ਵਾਰ 50 ਫੀਸਦੀ ਦੇ ਲਗਪਗ ਸ਼ਰਧਾਲੂਆਂ ਦੇ ਵੀਜ਼ੇ ਕੱਟ ਕੇ ਭਾਵਨਾਵਾਂ ਤੋੜੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਵੱਲ ਵਿਸ਼ੇਸ਼ ਤੌਰ 'ਤੇ ਗੌਰ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਾਕਿਸਤਾਨ ਦੌਰੇ ਦੌਰਾਨ ਉਨ੍ਹਾਂ ਨੇ ਇਹ ਮਾਮਲਾ ਵੀ ਉਠਾਇਆ ਸੀ, ਜਿਸ ਦੌਰਾਨ ਪਾਕਿਸਤਾਨ ਦੇ ਸਬੰਧਤ ਅਧਿਕਾਰੀਆਂ ਨੇ ਯਕੀਨ ਦਿਵਾਇਆ ਸੀ ਕਿ ਉਹ ਇਸ 'ਤੇ ਸੁਹਿਰਦਤਾ ਨਾਲ ਕਾਰਜ ਕਰਨਗੇ। ਪਰੰਤੂ ਦੁੱਖ ਦੀ ਗੱਲ ਹੈ ਕਿ ਪਹਿਲਾਂ ਦੀ ਤਰ੍ਹਾਂ ਹੀ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਵੀਜ਼ਿਆਂ ਤੋਂ ਵਿਰਵੇ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਜਲਦ ਹੀ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਨੂੰ ਮਿਲਣ ਵਾਸਤੇ ਵਫ਼ਦ ਵੀ ਭੇਜਿਆ ਜਾਵੇਗਾ। ਵਰਨਣਯੋਗ ਹੈ ਕਿ ਪਹਿਲੇ ਪਾਤਸ਼ਾਹ ਜੀ ਦੇ ਪ੍ਰਕਾਸ਼ ਪੁਰਬ ਮੌਕੇ 25 ਨਵੰਬਰ ਨੂੰ ਜਥਾ ਪਾਕਿਸਤਾਨ ਲਈ ਰਵਾਨਾ ਹੋਣਾ ਹੈ, ਜਿਥੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਦੇ ਸਮਾਗਮ ਹੋਣਗੇ। ਇਹ ਜਥਾ ਵੱਖ-ਵੱਖ ਗੁਰਧਾਮਾਂ ਦੀ ਯਾਤਰਾ ਮਗਰੋਂ 4 ਦਸੰਬਰ ਨੂੰ ਭਾਰਤ ਵਾਪਸ ਪਰਤੇਗਾ।

## ਐਚ ਐਮ ਡੀ ਗਲੋਬਲ ਫਿਰ ਤੋਂ ਨੰਬਰ 1 'ਤੇ

**ਲੁਧਿਆਣਾ** : ਨੋਕੀਆ ਫੋਨ ਬਣਾਉਣ ਵਾਲੀ ਕੰਪਨੀ, ਐਚ ਐਮ ਡੀ ਵਿਸ਼ਵ, ਫੀਚਰ ਫੋਨ ਮਾਰਕੀਟ ਇੱਕ ਫਿਰ ਤੋਂ ਨਿਰਵਿਵਾਦ ਦੇ ਰੂਪ ਵਿੱਚ ਉਭਰਦਾ ਹੈ, ਜਿਸ ਨੇ ਮੁੱਲ ਦੀ ਮਾਤਰਾ ਦੀ ਮਾਰਕੀਟਿੰਗ ਵਿੱਚ ਸਥਾਨ ਪ੍ਰਾਪਤ ਕੀਤਾ ਹੈ ਅਤੇ (ਵੌਲਯੂਮ) ਦੇ ਸਿਰਲੇਖ ਖਾਤੇ ਤੋਂ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਹ ਗੱਲ '23 ਦੀ ਤੀਸਰੀ ਦੀ ਰਿਪੋਰਟ 'ਚ ਕਹੀ ਗਈ। ਆਈ ਡੀ ਸੀ ਦੀ ਰਿਪੋਰਟ ਦੇ ਅਨੁਸਾਰ ਐਚ ਐਮ ਡੀ ਵਿਸ਼ਵਵਿਆਪੀ ਨੇ ਮੁੱਲ ਦੇ ਹਿਸਾਬ ਨਾਲ 30.7% ਮਾਰਕੀਟ ਮਜ਼ਬੂਤੀ ਹਾਸਲ ਕੀਤੀ ਹੈ, ਜੋ ਕਿ ਵਿੱਤੀ ਸਾਲ 2023 ਦੀ ਦੂਜੇ ਪਾਸੇ ਦੀ ਤੁਲਨਾ ਵਿੱਚ 4.2% ਦੀ ਮਹੱਤਵਪੂਰਨ ਵਾਧਾ ਹੈ। ਮਾਤਰਾ ਦੇ ਲਿਖਣਾਜ ਤੋਂ, ਬ੍ਰਾਂਡ ਦੇ ਪਾਸ 22.4% ਸਰਾਹਣਯੋਗ ਬਾਜ਼ਾਰਦਾਰੀ ਹੈ, ਜੋ ਕਿ ਪਿਛਲਾ ਵਿਕਾਸ ਦੀ ਤੁਲਨਾ ਵਿੱਚ 2.3% ਦੀ ਸ਼ਕਤੀ ਵਧਦੀ ਹੈ।  ਕਈ ਸਟ੍ਰੈਟੈਕ ਪਹਿਲੋਂ ਅਤੇ ਫੀਚਰ ਫੋਨ ਬਾਜ਼ਾਰ ਵਿੱਚ ਐੱਚ.ਐੱਮ.ਡੀ. ਦੇ ਮਾਡਲ ਦੇ ਪ੍ਰਦਰਸ਼ਨ ਵਿੱਚ ਯੋਗਦਾਨ ਪਾਇਆ ਜਾਂਦਾ ਹੈ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਇਨਾਮ ਵੰਡੇ ਗਏ




**ਅਜਨਾਲਾ,(ਸੁਖਤਿੰਦਰ ਸਿੰਘ ਰਾਜੂ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ ਤਰਨਤਾਰਨ ਜ਼ੋਨ ਦੇ ਖੇਤਰ ਅਜਨਾਲਾ ਵੱਲੋਂ ਭਾਈ ਬਲਜੀਤ ਸਿੰਘ ਚੇਅਰਮੈਨ, ਗੁਰਚਰਨ ਸਿੰਘ ਜਨਰਲ ਸਕੱਤਰ, ਖੇਤਰੀ ਪ੍ਰਬੰਧਕ ਹਰਪ੍ਰਤਾਪ ਸਿੰਘ ਅਜਨਾਲਾ ਵੱਲੋਂ ਸੇਂਟ ਪੀਟਰ ਕੌਨਵੈਂਟ ਸਕੂਲ ਡਿਆਲ ਭੜੰਗ ਵਿਖੇ 19 ਅਗਸਤ 2023 ਨੂੰ ਲਏ ਨੈਤਿਕ ਸਿੱਖਿਆ ਪੇਪਰ ਵਿੱਚੋਂ ਅੱਵਲ ਰਹੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਹਰਪ੍ਰਤਾਪ ਸਿੰਘ ਅਜਨਾਲਾ ਨੇ ਬੱਚਿਆਂ ਨੂੰ ਨੈਤਿਕ ਕਦਰਾਂ-ਕੀਮਤਾਂ, ਉਸਾਰੂ ਸਮਾਜ ਸਿਰਜਣ, ਨਸ਼ਿਆਂ ਤੋਂ ਦੂਰ ਰਹਿਣ ਆਦਿ ਸਬੰਧੀ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ। ਪ੍ਰਿੰਸੀਪਲ ਸੰਜੀਵ ਸ਼ਰਮਾ ਨੇ ਉਸਾਰੂ ਸਮਾਜ ਸਿਰਜਣ ਵਿੱਚ ਸਟੱਡੀ ਸਰਕਲ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਐੱਮ. ਡੀ. ਗੁਰਪ੍ਰੀਤ ਸਿੰਘ ਅਤੇ ਸਮੂਹ ਅਧਿਆਪਕ ਹਾਜ਼ਰ ਸਨ ।

# ਪੁਲਸ ਕਮਿਸ਼ਨਰ ਭੁੱਲਰ ਦਾ ਸਨਮਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਨਿਯੁਕਤ ਹੋਣ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਗੁਰਪ੍ਰੀਤ ਸਿੰਘ ਭੁੱਲਰ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਨਵ-ਨਿਯੁਕਤ ਪੁਲਸ ਕਮਿਸ਼ਨਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਧਾਮੀ ਨੇ ਗੁਰਪ੍ਰੀਤ ਸਿੰਘ ਭੁੱਲਰ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤਿਆਂ 'ਤੇ ਟ੍ਰੈਫਿਕ ਵਿਵਸਥਾ ਵੱਲੋਂ ਉਚੇਚਾ ਧਿਆਨ ਦੇਣ ਲਈ ਆਖਿਆ, ਜਿਸ 'ਤੇ ਪੁਲਸ ਕਮਿਸ਼ਨਰ ਨੇ ਗੰਭੀਰਤਾ ਨਾਲ ਕਾਰਜ ਕਰਨ ਦੀ ਵਚਨਬੱਧਤਾ ਪ੍ਰਗਟਾਈ। ਇਸ ਮੁਲਾਕਾਤ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭੁੱਲਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਗੁਰੂ ਨਗਰੀ ਦੀ ਬੇਹਤਰੀ ਲਈ ਕਾਰਜਸ਼ੀਲ ਅਤੇ ਤਤਪਰ ਰਹਿੰਦੀ ਹੈ ਅਤੇ ਇਸੇ ਤਹਿਤ ਹੀ ਭਵਿੱਖ ਵਿਚ ਵੀ ਪੁਲਸ ਪ੍ਰਸ਼ਾਸਨ ਨੂੰ ਲੋੜੀਂਦਾ ਸਹਿਯੋਗ ਦਿੱਤਾ ਜਾਵੇਗਾ। ਪੁਲਿਸ ਕਮਿਸ਼ਨਰ ਭੁੱਲਰ ਨੇ ਕਿਹਾ ਕਿ ਉਹ ਸ਼ਹਿਰ ਦੀ ਇਤਿਹਾਸਕ ਮਹੱਤਤਾ ਦੇ ਮੱਦੇਨਜ਼ਰ ਹਰ ਪੱਖ ਤੋਂ ਸੰਜੀਦਾ ਭਾਵਨਾ ਨਾਲ ਕਾਰਜ ਕਰਨ ਦਾ ਯਤਨ ਕਰਨਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਹਰਜਾਪ ਸਿੰਘ ਸੁਲਤਾਨਵਿੰਡ, ਅਵਤਾਰ ਸਿੰਘ ਵਣਵਾਲਾ, ਹਰਪਾਲ ਸਿੰਘ ਜੱਲਾ, ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਡੀ ਸੀ ਪੀ ਪਰਮਿੰਦਰ ਸਿੰਘ ਭੰਡਾਲ ਆਦਿ ਮੌਜੂਦ ਸਨ।



# ਭਿੱਖੀਵਿੰਡ ਵਾਸੀ ਬੁਲੇਟ ਮੋਟਰਸਾਈਕਲਾਂ ਦੇ ਪਟਾਕਿਆਂ ਤੋਂ ਪ੍ਰੇਸ਼ਾਨ

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਹੋਵੇਗੀ ਸਖਤ ਕਾਰਵਾਈ : ਡੀ ਐੱਸ ਪੀ

**ਭਿੱਖੀਵਿੰਡ/ਭਿੱਖੀਵਿੰਡ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਿੱਖੀਵਿੰਡ ਦੇ ਬਾਜ਼ਾਰਾਂ 'ਚ ਬੁਲੇਟ ਮੋਟਰਸਾਈਕਲਾਂ ਦੇ ਪਟਾਕੇ ਆਮ ਸੁਣਨ ਨੂੰ ਮਿਲਦੇ ਹਨ। ਭਿਆਨਕ ਆਵਾਜ਼ ਵਾਲੇ ਸਾਇਲੈਂਸਰ ਮੋਟਰਸਾਈਕਲਾਂ 'ਤੇ ਲਗਵਾ ਕੇ ਕੁਝ ਕੁ ਨੌਜਵਾਨ ਸ਼ਹਿਰ ਵਾਸੀਆਂ ਨੂੰ ਨਿੱਤ ਪ੍ਰੇਸ਼ਾਨ ਕਰਦੇ ਹਨ, ਪਰ ਭਿੱਖੀਵਿੰਡ ਪੁਲਸ ਇਨ੍ਹਾਂ ਸ਼ਰਾਰਤੀ ਅਨਸਰਾਂ 'ਤੇ ਨਕੇਲ ਕੱਸਣ 'ਚ ਨਾਕਾਮ ਸਾਬਤ ਹੋ ਰਹੀ ਹੈ। ਉਪਰੋਕਤ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਕੁਝ ਕੁ ਸ਼ਰਾਰਤੀ ਅਨਸਰ ਬੁਲੇਟ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਭਿੱਖੀਵਿੰਡ ਦੇ ਬਾਜ਼ਾਰ 'ਚ ਪਟਾਕੇ ਪਵਾਉਂਦੇ ਹਨ, ਜਿਸ ਕਾਰਨ ਦਿਲ ਦੇ ਮਰੀਜ਼ਾਂ ਤੇ ਬਜ਼ੁਰਗਾਂ ਦੀ ਜਾਨ 'ਤੇ ਬਣ ਆਉਂਦੀ ਹੈ, ਪਰ ਚੌਕ 'ਚ ਖੜ੍ਹੇ ਭਿੱਖੀਵਿੰਡ ਪੁਲਸ ਦੇ ਮੁਲਾਜ਼ਮ ਇਨ੍ਹਾਂ ਨੌਜਵਾਨਾਂ ਖਿਲਾਫ ਕੋਈ ਕਾਰਵਾਈ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਬੁਲੇਟ ਮੋਟਰਸਾਈਕਲਾਂ ਦੇ ਪਟਾਕਿਆਂ ਨਾਲ ਛੋਟੇ ਬੱਚਿਆਂ 'ਤੇ ਦੁਕਾਨਦਾਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਮੋਟਰਸਾਈਕਲ ਸਵਾਰ ਕੰਪਨੀ ਵੱਲੋਂ ਆਇਆ ਸਾਇਲੈਂਸਰ ਲਾਹ ਕੇ ਭਿਆਨਕ ਆਵਾਜ਼ ਵਾਲੇ ਸਾਇਲੈਂਸਰ ਲਗਵਾ ਕੇ ਸ਼ਰੇਆਮ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹਨ। ਉਨ੍ਹਾਂ ਕਿਹਾ ਕਿ ਮੋਟਰਸਾਈਕਲਾਂ 'ਤੇ ਲੱਗੇ ਪ੍ਰੈਸ਼ਰ ਹਾਰਨ ਕਮਜ਼ੋਰ ਦਿਲ ਵਾਲਿਆਂ ਦੀ ਜਾਨ ਖਤਰੇ 'ਚ ਪਾਉਂਦੇ ਹਨ। ਇਸ ਮੌਕੇ ਪੰਜਾਬ ਸਿੰਘ ਕੰਬੋਕੇ ਨੇ ਐੱਸਐੱਸਪੀ ਤਰਨ ਤਾਰਨ ਤੋਂ ਮੰਗ ਕੀਤੀ ਕਿ ਬੁਲੇਟ ਮੋਟਰਸਾਈਕਲਾਂ ਦੇ ਸਾਇਲੈਂਸਰਾਂ ਦੀ ਜਾਂਚ ਕੀਤੀ ਜਾਵੇ ਅਤੇ ਪਟਾਕੇ ਪਵਾਉਣ ਵਾਲੇ ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀ. ਐੱਸ. ਪੀ. ਪ੍ਰੀਤ ਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਭਿੱਖੀਵਿੰਡ 'ਚ ਬੁਲੇਟ ਦੇ ਪਟਾਕੇ ਪਵਾ ਕੇ ਸ਼ਹਿਰ ਵਾਸੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਸ਼ਰਾਰਤੀ ਅਨਸਰਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।





## ਸ਼ਮਸ਼ਾਨਘਾਟ 'ਚੋਂ ਨਲਕਾ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਕਲਾਨੌਰ ਪੁਲਿਸ ਨੇ ਸ਼ਮਸ਼ਾਨਘਾਟ ਵਿਚੋਂ ਨਲਕਾ ਅਤੇ ਮੋਟਰਸਾਈਕਲ ਚੋਰੀ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦੋ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਸ. ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਿੱਟੂ ਮਸੀਹ ਪੁੱਤਰ ਅਨਵਰ ਮਸੀਹ ਵਾਸੀ ਗੋਸਲ ਨੇ ਕਿਹਾ ਕਿ ਮੈਂ ਆਪਣੇ ਪਿੰਡ ਵਿੱਚ ਬਣੇ ਕਬਰਸਤਾਨ ਦੀ ਦੇਖ-ਰੇਖ ਕਰਦਾ ਹਾਂ। ਉਨ੍ਹਾਂ ਕਿਹਾ ਕਬਰਸਤਾਨ ਵਿੱਚ ਕਾਫੀ ਪੁਰਾਣਾ ਇੱਕ ਨਲਕਾ ਹੈ ਜਿਸ ਉਪਰ ਪਾਣੀ ਕੱਢਣ ਲਈ ਮੋਟਰ ਲਗਾਈ ਸੀ। ਉਸ ਨੇ ਦੱਸਿਆ ਕਿ ਜਦੋਂ ਮੈਂ ਬੀਤੇ ਦਿਨੀਂ ਸਵੇਰੇ 11.30 ਵਜੇ ਕਬਰਸਤਾਨ ਵੱਲ ਫੇਰਾ ਮਾਰਨ ਗਿਆ ਤਾਂ ਦੇਖਿਆ ਕਿ ਦੋ ਵਿਅਕਤੀ ਕਬਰਸਤਾਨ ਵਿੱਚ ਲੱਗੇ ਨਲਕੇ ਅਤੇ ਮੋਟਰ ਨੂੰ ਚੋਰੀ ਖੋਲ੍ਹ ਰਹੇ ਸੀ ਜੋ ਮੈਨੂੰ ਦੇਖ ਕੇ ਨਲਕਾ ਅਤੇ ਮੋਟਰ ਉਥੇ ਹੀ ਛੱਡ ਕੇ ਆਪਣੇ ਮੋਟਰਸਾਈਕਲ ਜਿਸ ਦੇ ਪਿੱਛੇ ਜੁਗਾੜੂ ਰੇੜ੍ਹਾ ਬਣਿਆ ਹੋਇਆ ਸੀ ਤੇ ਸਵਾਰ ਹੋ ਕੇ ਭੱਜ ਗਏ। ਪੁਲਸ ਉਕਤ ਵਿਅਕਤੀਆਂ ਖ਼ਿਲਾਫ਼ 379 ਅਤੇ 511 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਵਾਈਡੈਕਸ ਇੰਡੀਆ ਵੱਲੋਂ ਅਤਿ-ਆਧੁਨਿਕ ਕਲੀਨਿਕ 'ਸਿਮਰਨ ਸਾਊਂਡ ਸੈਂਟਰ' ਦਾ ਉਦਘਾਟਨ

**ਲੁਧਿਆਣਾ** : ਵਾਈਡੈਕਸ ਇੰਡੀਆ ਨੇ ਭਾਰਤ ਵਿੱਚ ਸੁਣਨ ਦੀ ਦੇਖਭਾਲ ਨੂੰ ਵਧਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਦੇ ਮਾਣ ਵਜੋਂ ਲੁਧਿਆਣਾ, ਪੰਜਾਬ 'ਚ ਆਪਣੇ ਨਵੀਨਤਮ ਉੱਦਮ-ਸਿਮਰਨ ਸਾਊਂਡ ਸੈਂਟਰ ਦਾ ਉਦਘਾਟਨ ਕੀਤਾ। ਇਸ ਅਤਿ-ਆਧੁਨਿਕ ਕਲੀਨਿਕ ਦਾ ਉਦਘਾਟਨ ਅਵਿਨਾਸ਼ ਪਵਾਰ, ਸੀ.ਈ.ਓ., ਡਬਲਯੂ.ਐੱਸ. ਆਡੀਓਲਾਜੀ ਇੰਡੀਆ ਨੇ ਪ੍ਰਸਿੱਧ ਭਾਰਤੀ ਪਲੇਬੈਕ ਗਾਇਕਾ ਅਤੇ ਵਾਈਡੈਕਸ ਸਾਊਂਡ ਅੰਬੈਸਡਰ, ਪਦਮਸ੍ਰੀ ਅਨੁਰਾਧਾ ਪੌਡਵਾਲ ਨਾਲ ਕੀਤਾ। ਇਸ ਮੌਕੇ ਸਿਮਰਨ ਸਾਊਂਡ ਸੈਂਟਰ ਦੇ ਦੂਰਦਰਸੀ ਡਾਇਰੈਕਟਰ ਸਿਮਰਨ ਕੌਰ ਅਤੇ ਨਵਦੀਪ ਕੰਵਰ ਵੀ ਹਾਜ਼ਰ ਸਨ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਅਵਿਨਾਸ਼ ਪਵਾਰ ਸੀ.ਈ.ਓ ਨੇ ਕਿਹਾ, "ਭਾਰਤ ਨੂੰ ਸੁਣਨ ਸ਼ਕਤੀ ਦੇ ਨੁਕਸਾਨ ਤੋਂ ਪ੍ਰਭਾਵਿਤ ਇਸ ਦੀ ਵੱਡੀ ਆਬਾਦੀ ਦੇ ਨਾਲ ਇੱਕ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੁੱਖ ਤੌਰ 'ਤੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਅਤੇ ਪਹੁੰਚ ਵਿੱਚ ਪਾੜੇ ਦੇ ਕਾਰਨ। ਅਸੀਂ ਵਾਈਡੈਕਸ ਇੰਡੀਆ ਨੂੰ ਸਮਰਪਿਤ ਹਾਂ।"

# ਸੈਨਾ ਦੀ ਭਰਤੀ ਲਈ ਟ੍ਰੇਨਿੰਗ ਕੈਂਪ 1 ਦਸੰਬਰ ਤੋਂ ਸ਼ੁਰੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਕਮਾਂਡਰ ਬਲਜਿੰਦਰ ਵਿਰਕ (ਰਿਟਾ:), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ, ਗੁਰਦਾਸਪੁਰ ਨੇ ਦੱਸਿਆ ਕਿ ਤਿਬੜੀ ਕੈਂਟ ਵਿਖੇ ਆਰਮੀ ਦੀ ਭਰਤੀ ਰੈਲੀ ਸਮਪਤ ਹੋ ਚੁੱਕੀ ਹੈ ਅਤੇ ਅਗਲੀ ਭਰਤੀ ਦਾ ਨਵਾਂ ਦੌਰ ਜਲਦੀ ਸ਼ੁਰੂ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੈਨਾ, ਬੀਐੱਸਐੱਫ, ਸੀਆਰਪੀਐੱਫ, ਸੀਆਈਐੱਸਐੱਫ ਅਤੇ ਪੰਜਾਬ ਪੁਲਸ ਵਿੱਚ ਭਰਤੀ ਹਿੱਤ ਅਗਲਾ ਟ੍ਰੇਨਿੰਗ ਕਾਡਰ ਦਫ਼ਤਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ (ਨੇੜੇ ਗੁਰੂ ਨਾਨਕ ਪਾਰਕ) ਗੁਰਦਾਸਪੁਰ ਵਿਖੇ ਮਿਤੀ 01 ਦਸੰਬਰ 2023 ਤੋਂ ਸ਼ੁਰੂ ਹੋ ਰਿਹਾ ਹੈ। ਇਸ ਕਾਡਰ ਵਿੱਚ ਸਾਬਕਾ ਸੈਨਿਕਾਂ/ਉਨ੍ਹਾਂ ਦੀਆਂ ਵਿਧਵਾਵਾਂ ਦੇ ਬੱਚੇ ਅਤੇ ਸੇਵਾ ਕਰ ਰਹੇ ਸੈਨਿਕਾਂ ਅਤੇ ਸਿਵਲੀਅਨਾਂ ਦੇ ਬੱਚਿਆਂ ਨੂੰ ਭਰਤੀ ਸਬੰਧੀ ਸਿਖਲਾਈ ਦਿੱਤੀ ਜਾਵੇਗੀ ਜਿਸ ਵਿੱਚ ਸਰੀਰਕ ਫਿਟਨੈੱਸ ਦੇ ਨਾਲ ਨਾਲ ਲਿਖਤੀ ਪ੍ਰੀਖਿਆ ਦੀ ਵੀ ਸਿਖਲਾਈ ਦਿੱਤੀ ਜਾਵੇਗੀ। ਕਮਾਂਡਰ ਬਲਜਿੰਦਰ ਵਿਰਕ ਨੇ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੇ ਸਾਰੇ ਸਰਟੀਫਿਕੇਟ ਨਾਲ ਲੈ ਕੇ ਦਫ਼ਤਰੀ ਸਮੇਂ ਦੌਰਾਨ ਦਾਖਲਾ ਕਰਵਾ ਸਕਦੇ ਹਨ। ਉਨ੍ਹਾਂ ਸਮੂਹ ਪਬਲਿਕ ਨੂੰ ਅਪੀਲ ਕੀਤੀ ਹੈ ਕਿ ਸੈਨਾ ਦੀ ਭਰਤੀ ਇੱਕ ਮੁਫ਼ਤ ਸੇਵਾ ਹੈ, ਜਿਸ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਪੈਸਾ ਨਹੀਂ ਲੱਗਦਾ। ਇਸ ਲਈ ਭਰਤੀ ਏਜੰਟਾਂ ਤੋਂ ਬਚ ਕੇ ਰਿਹਾ ਜਾਵੇ ਅਤੇ ਭਰਤੀ ਲਈ ਏਧਰ-ਉਧਰ ਏਜੰਟਾਂ ਪਿਛੇ ਭੱਜਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਭਰਤੀ ਟ੍ਰੇਨਿੰਗ ਲਈ ਇਸ ਦਫ਼ਤਰ ਰਹੀਂ ਵਿਸ਼ੇਸ਼ ਉਪਰਾਲਾ ਕੀਤਾ ਹੋਇਆ ਹੈ, ਜਿਸ ਦਾ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ ਅਤੇ ਵੱਧ ਤੋਂ ਵੱਧ ਤੋਂ ਬੱਚੇ ਟ੍ਰੇਨਿੰਗ ਪ੍ਰਾਪਤ ਕਰਨ। ਉਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੌਜਵਾਨ ਲੜਕਿਆਂ ਨੂੰ ਨਿਰੋਈ ਖੁਰਾਕ ਦੇਣ ਅਤੇ ਸਰੀਰਕ ਤੌਰ 'ਤੇ ਫਿਟ ਰੱਖਣ, ਆਪਣੇ ਬੱਚਿਆਂ ਨੂੰ ਨਸ਼ਿਆਂ ਵਿੱਚ ਨਾ ਪੈਣ ਦੇਣ ਅਤੇ ਪੜ੍ਹਨ ਲਈ ਉਤਸਾਹਿਤ ਕਰਨ ਤਾਂ ਜੋ ਉਹ ਸੈਨਾ ਵਿੱਚ ਭਰਤੀ ਹੋ ਸਕਨ ਅਤੇ ਇੱਕ ਸਿਹਤਮੰਦ ਸੈਨਿਕ ਦੇ ਤੌਰ 'ਤੇ ਦੇਸ਼ ਦੀ ਸੇਵਾ ਕਰਦੇ ਹੋਏ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਸਕਣ।

# ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ 'ਚ ਫਤਿਹ ਮਾਰਚ ਹੈਦਰਾਬਾਦ ਪੁੱਜਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਪਾਸ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਨਿਸ਼ਾਨ ਨਗਾਰਿਆਂ, ਸ਼ਸਤਰਾਂ, ਬਸਤਰਾਂ ਅਤੇ ਹੁਕਮਨਾਮਿਆਂ ਦਾ ਖਜ਼ਾਨਾ ਹੈ ਜਿਸ ਦੇ ਦਰਸ਼ਨ ਕਰਵਾਉਣ ਅਤੇ ਗੁਰੂ ਦਾ ਸੰਦੇਸ਼ ਸੰਗਤਾਂ ਤੀਕ ਪੁਹੰਚਾਉਣ ਲਈ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਪਿਛਲੇ ਦੋ ਹਫਤਿਆਂ ਤੋਂ ਅਕਾਲੀ ਬਾਬਾ ਫੂਲਾ ਸਿੰਘ ਫਤਿਹ ਮਾਰਚ ਲੈ ਕੇ ਧਰਮ ਪ੍ਰਚਾਰ ਦੀ ਯਾਤਰਾ ਤੇ ਹਨ। ਇਹ ਫਤਿਹ ਮਾਰਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁਰਦੁਆਰਾ ਨਾਨਕਸ਼ੀਰਾ ਸਾਹਿਬ ਬਿਦਰ ਕਰਨਾਟਕਾ ਤੋਂ ਹੁੰਦਾ ਹੋਇਆ ਤੇਲੰਗਾਨਾ ਹੈਦਰਾਬਾਦ ਵਿਖੇ ਪੁੱਜਾ ਹੈ। ਤੇਲੰਗਾਨਾ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਹੈਦਰਾਬਾਦ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਬੁੱਢਾ ਦਲ ਵੱਲੋਂ ਸੰਗਤਾਂ ਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਬੁੱਢਾ ਦਲ ਪਾਸ ਗੁਰੂ ਸਾਹਿਬਾਨ ਤੇ ਸਿੱਖ ਜਰਨੈਲਾਂ ਦੇ ਸ਼ਸਤਰਾਂ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਟਾਰ, ਸ੍ਰੀ ਗੁਰੂ ਗੋਬਿੰਦ ਸਾਹਿਬ ਦੀ ਸ੍ਰੀ ਸਾਹਿਬ, ਸਾਹਿਬਜ਼ਾਦਾ ਫਤਿਹ ਸਿੰਘ ਦੀ ਢਾਲ, ਅਕਾਲੀ ਬਾਬਾ ਫੂਲਾ ਸਿੰਘ ਦਾ ਖੰਜਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਮਸ਼ੀਰ, ਸ਼ਹੀਦ ਬਾਬਾ ਦੀਪ ਸਿੰਘ ਦੀ ਦਸਤਾਰ ਦਾ ਚੱਕਰ ਆਦਿ ਦੇ ਵਾਰੋ ਵਾਰੀ ਸ਼ਸਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਅਤੇ ਇਨ੍ਹਾਂ ਦਾ ਇਤਿਹਾਸ ਵੀ ਸੰਗਤਾਂ ਨਾਲ ਸਾਂਝਾ ਕੀਤਾ। ਬੁੱਢਾ ਦਲ ਦੇ ਸਕੱਤਰ ਬਾਬਾ ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਹੈਦਰਾਬਾਦ ਦੇ ਗੁਰਦੁਆਰਾ ਬ੍ਰਹਮਬਾਲਾ ਰਣਜੀਤ ਨਗਰ, ਗੁਰਦੁਆਰਾ ਸਾਹਿਬ ਆਸਾ ਸਿੰਘ ਬਾਗ, ਸੈਂਟਰਲ ਗੁਰਦੁਆਰਾ ਸਾਹਿਬ, ਸੈਂਟਰਲ ਗੁਰਦੁਆਰਾ ਗਉਲੀਗੋੜਾ, ਗੁਰਦੁਆਰਾ ਸਾਹਿਬ ਅਮੀਰਪੇਟ ਵਿਖੇ ਗੁਰਮਤਿ ਸਮਾਗਮਾਂ ਰਾਹੀਂ ਜਿਥੇ ਗੁਰੂ ਗ੍ਰੰਥ ਸਾਹਿਬ ਦੇ ਰੂਹਾਨੀ ਸੰਦੇਸ਼ ਨੂੰ ਪ੍ਰਗਟ ਕਰਨ ਦਾ ਜਤਨ ਕੀਤਾ, ਉਥੇ ਬੁੱਢਾ ਦਲ ਦੇ ਸ਼ਾਨਮੱਤੇ ਇਤਿਹਾਸ ਦਾ ਜ਼ਿਕਰ ਵੀ ਸੰਖੇਪ ਰੂਪ ਵਿੱਚ ਸੰਗਤਾਂ ਦੇ ਗਿਆਨ ਲਈ ਸਾਂਝਾ ਕੀਤਾ ਗਿਆ। ਗੁਰਦੁਆਰਾ ਬ੍ਰਹਮਬਾਲਾ ਵਿਖੇ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਰਨੈਲ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਹਜ਼ੂਰ ਸਾਹਿਬ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬਾਬਾ ਮਨਮੋਹਣ ਸਿੰਘ ਬਾਰਨ ਵਾਲੇ ਨੇ ਰਸਭਿੰਨਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਸੁਖਜੀਤ ਸਿੰਘ ਕਨ੍ਹੱਈਆ ਨੇ ਕਥਾ ਰਾਹੀਂ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣੂੰ ਕਰਵਾਇਆ। ਭਾਈ ਪਰਮਵੀਰ ਸਿੰਘ ਰਹਿਰਾਸੀਏ ਨੇ ਸੰਗਤਾਂ ਨੂੰ ਸ਼ਸਤਰਾਂ ਦੇ ਦਰਸ਼ਨ ਕਰਵਾਏ। ਇਸ ਸਮੇਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸਮਾਗਮ ਪਿਛਲੇ ਦੋ ਸਾਲ ਤੋਂ ਚੱਲ ਰਹੇ ਹਨ। ਪੰਜਾਬ, ਦਿਲੀ, ਮੱਧ ਪ੍ਰਦੇਸ਼, ਮਹਾਂਰਾਸ਼ਟਰਾ, ਮੁੰਬਈ ਤੋਂ ਇਲਾਵਾ ਕਨੇਡਾ, ਅਮਰੀਕਾ, ਇੰਗਲੈਂਡ ਵਿਖੇ ਗੁਰਮਤਿ ਸਮਾਗਮਾਂ ਦੀ ਲਹਿਰ ਚਲਾਈ ਗਈ ਜਿਸ ਨੂੰ ਸੰਗਤਾਂ ਵੱਲੋਂ ਵੱਧ ਚੜ੍ਹ ਕੇ ਸਹਿਯੋਗ ਤੇ ਭਰਪੂਰ ਹੁੰਗਾਰਾ ਮਿਲਿਆ ਹੈ। ਦੱਖਣ ਦੀਆਂ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਅੱਜ ਹੈਦਰਾਬਾਦ ਪੁੱਜੇ ਹਾਂ। ਹੈਦਰਾਬਾਦ ਦੇ ਵੱਖ-ਵੱਖ ਗੁਰੂਘਰਾਂ ਦੇ ਪ੍ਰਬੰਧਕ ਮੁਖੀਆਂ ਪ੍ਰਧਾਨਾਂ, ਸਕੱਤਰਾਂ ਸੁਖਦੇਵ ਸਿੰਘ, ਹਰਪਾਲ ਸਿੰਘ, ਗੁਰਚਰਨ ਸਿੰਘ ਬੱਗਾ, ਇੰਦਰ ਸਿੰਘ, ਭਾਗਇੰਦਰ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਪੰਜਾਬ ਤੋਂ ਪੁੱਜੇ ਸ਼ਹੀਦੀ ਫਤਿਹ ਮਾਰਚ ਨਾਲ ਗੁਰੂ ਸਾਹਿਬ ਦੀ ਪਾਲਕੀ ਵਾਲੀ ਬੱਸ ਵਿੱਚ ਗੁਰੂ ਸਾਹਿਬ ਦੇ ਇਤਿਹਾਸਕ ਸ਼ਸਤਰਾਂ ਅਤੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦਾ ਪੁਰਜ਼ੋਰ ਨਿੱਘਾ ਸੁਆਗਤ ਕੀਤਾ ਅਤੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਸਤਿਕਾਰ ਅਤੇ ਖਾਲਸਾਈ ਜੈਕਾਰਿਆਂ ਨਾਲ ਭਰਪੂਰ ਸਵਾਗਤ ਕੀਤਾ। ਇਸ ਸ਼ਤਾਬਦੀ ਫਤਿਹ ਮਾਰਚ ਨਾਲ ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਯੂ.ਐਸ.ਏ, ਇੰਦਰਪਾਲ ਸਿੰਘ ਫੌਜੀ ਰਿੱਕੀ ਹਜ਼ੂਰ ਸਾਹਿਬ ਵਾਲੇ, ਬਾਬਾ ਸੁਖਜੀਤ ਸਿੰਘ ਕਨੱਈਆ, ਬਾਬਾ ਗੁਰਮੁੱਖ ਸਿੰਘ, ਬਾਬਾ ਪ੍ਰੇਮ ਸਿੰਘ ਵਾਹਿਗੁਰੂ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਵਿਸ਼ਵਪ੍ਰਤਾਪ ਸਿੰਘ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਭਾਈ ਮਾਨ ਸਿੰਘ ਲਿਖਾਰੀ, ਬਾਬਾ ਗੁਰਮੁੱਖ ਸਿੰਘ, ਬਾਬਾ ਰਣਜੋਧ ਸਿੰਘ ਤੇ ਹੋਰ ਨਿਹੰਗ ਸਿੰਘ ਨਾਲ ਹਾਜ਼ਰ ਸਨ।



## ਤਿੱਬੜੀ ਸਬ-ਡਵੀਜ਼ਨ ਦੇ ਸਰਕਾਰੀ ਕੁਆਰਟਰ ਬਣ ਗਏ ਖੰਡਰ !

**ਗੁਰਦਾਸਪੁਰ, (ਜਨਕ ਮਹਾਜਨ)**-ਸਬ ਡਵੀਜ਼ਨ ਨਹਿਰੀ ਵਿਭਾਗ ਪੁਲ ਤਿੱਬੜੀ ਦੇ ਇਕ ਦਰਜਨ ਕੁਆਰਟਰਾਂ ਦੀ ਹਾਲਤ ਖਸਤਾ ਹੋਣ ਨਾਲ ਖੰਡਰ ਦਾ ਰੂਪ ਧਾਰਨ ਕੀਤਾ ਹੋਇਆ ਹੈ। ਮਹਿਕਮੇ ਨੇ 30 ਸਾਲਾਂ ਤੋਂ ਇਸ ਪਾਸੇ ਕੋਈ ਵੀ ਧਿਆਨ ਨਹੀਂ ਦਿੱਤਾ ਅਤੇ ਹੁਣ ਇਹ ਸਰਕਾਰੀ ਕੁਆਰਟਰ ਡਿੱਗ ਰਹੇ ਹਨ। ਇਸ ਸਬੰਧੀ ਮਹਿਕਮੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਅੰਗਰੇਜ਼ਾਂ ਵੇਲੇ ਦੀ ਬਣੀ ਸਬ ਡਵੀਜ਼ਨ ਦੇ ਰੈਸਟ ਹਾਊਸ ਤੇ ਸਰਕਾਰੀ ਕੁਆਰਟਰ ਡਿਗੂੰ-ਡਿਗੂੰ ਕਰ ਰਹੇ ਹਨ ਅਤੇ ਹੁਣ ਸਿਰਫ਼ ਇਕ ਦੋ ਮੁਲਾਜ਼ਮ ਹੀ ਇਥੇ ਰਿਹਾਇਸ਼ ਕਰ ਰਹੇ ਹਨ। ਬਾਕੀ ਮੁਲਾਜ਼ਮਾਂ ਨੂੰ ਘਰੋਂ ਆਉਣਾ ਪੈਂਦਾ ਹੈ ਅਤੇ ਇਸ ਨਾਲ ਮਹਿਕਮੇ ਦਾ ਕੰਮ ਕਾਜ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਥੇ ਮੁਲਾਜ਼ਮਾਂ ਦੀ ਗਿਣਤੀ ਪਹਿਲਾਂ 5 ਦਰਜਨ ਦੇ ਕਰੀਬ ਸੀ ਅਤੇ ਹੁਣ ਨਾਮਾਤਰ ਹੀ ਰਹਿ ਗਏ ਹ। ਉਨ੍ਹਾਂ ਦੱਸਿਆ ਕਿ ਮਹਿਕਮੇ ਦੀ ਯੂਨੀਅਨ ਪਿਛਲੇ 30 ਸਾਲਾਂ ਤੋਂ ਰੌਲਾ ਪਾ ਰਹੀ ਹੈ ਕਿ ਤਿੱਬੜੀ ਸਬ ਡਵੀਜ਼ਨ ਕਵਾਟਰਾਂ ਦੀ ਹਾਲਤ ਸੁਧਾਰੀ ਜਾਵੇ ਪਰ ਇਸ ਪਾਸੇ ਕਿਸੇ ਨੇ ਵੀ ਗੌਰ ਨਹੀਂ ਫਰਮਾਇਆ ਜਿਸ ਨਾਲ ਯੂਨੀਅਨਾਂ ਦਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਦੋਂ ਮਹਿਕਮੇ ਦੇ ਅਧਿਕਾਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਰਕਾਰ ਨੂੰ ਸਮੇਂ ਸਿਰ ਐਸਟੀਮੇਟ ਭੇਜੇ ਜਾਂਦੇ ਹਨ ਅਤੇ ਸਰਕਾਰੀ ਬਜਟ ਦੀ ਘਾਟ ਨਾਲ ਕੰਮ ਰੁਕਿਆ ਪਿਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਰੈਸਟ ਹਾਊਸ ਤੇ ਸਰਕਾਰੀ ਕਵਾਟਰਾਂ ਦੀ ਹਾਲਤ ਸੁਧਾਰਨ ਵਾਸਤੇ ਸਬੰਧਿਤ ਵਿਭਾਗ ਨੂੰ ਹਦਾਇਤਾਂ ਕੀਤੀਆਂ ਜਾਣ ਜਿਸ ਨਾਲ ਮਹਿਕਮੇ ਦਾ ਕੰਮਕਜ ਪ੍ਰਭਾਵਿਤ ਹੋਣ ਤੋਂ ਬਚ ਸਕੇ।

25-Nov-PAGE-11.qxd 11/24/2023 9:22 PM Page 1



# ਭੱਠਾ ਮਜ਼ਦੂਰਾਂ ਨੂੰ ਬਣਦੀ ਮਜ਼ਦੂਰੀ ਮਿਲਣ ਤੱਕ ਧਰਨਾ ਜਾਰੀ ਰੱਖਣ ਦਾ ਐਲਾਨ




**ਪਠਾਨਕੋਟ (ਦਵਿੰਦਰ ਸਿੰਘ)**-ਭੱਠਾ ਮਜ਼ਦੂਰਾਂ ਦੀ ਬਕਾਇਆ ਮਜ਼ਦੂਰੀ ਨਾ ਦੇਣ ਵਾਲੇ ਭੱਠਾ ਮਾਲਕਾਂ ਖਿਲਾਫ ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਸਬੰਧਤ ਸੀਟੀਯੂ ਪੰਜਾਬ ਦੀ ਅਗਵਾਈ ਹੇਠ ਭਵਾਨੀ ਦੇ ਭੱਠਾ ਮਾਲਕ ਰਮੇਸ਼ ਅਗਰਵਾਲ (ਸੋਨੂੰ) ਵਲੋਂ ਗਰਮੀ ਸੀਜ਼ਨ ਦੌਰਾਨ ਕੀਤੇ ਕੰਮ ਦੀ ਬਕਾਇਆ ਮਜ਼ਦੂਰੀ ਮਜ਼ਦੂਰਾਂ ਨੂੰ ਦੇਣ ਤੋਂ ਇਨਕਾਰੀ ਕਰਨ ਤੇ ਭੱਠਾ ਮਜ਼ਦੂਰਾਂ ਨੇ ਰਮੇਸ਼ ਅਗਰਵਾਲ ਦੇ ਭੱਠੇ ਸਾਹਮਣੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ 'ਚ ਸਰਕਾਰ ਨਾ ਦੀ ਕੋਈ ਚੀਜ਼ ਨਜ਼ਰ ਨਹੀਂ ਆ ਰਹੀ। ਪਿਛਲੇ ਕੱਲ ਡਿਪਟੀ ਕਮਿਸ਼ਨਰ ਜਿਲ੍ਹਾ ਪਠਾਨਕੋਟ ਦੇ ਨਿਰਦੇਸ਼ਾਂ ਤਹਿਤ ਐੱਸਡੀਐੱਮ ਪਠਾਨਕੋਟ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਗੁਰਜੰਟ ਸਿੰਘ ਡਿਪਟੀ ਡਾਇਰੈਕਟਰ ਫੈਕਟਰੀ, ਨਵਦੀਪ ਸਿੰਘ ਲੇਬਰ ਇਨਫੋਰਸਮੈਂਟ ਅਫਸਰ, ਜੀਵਨ ਕੁਮਾਰ ਫੂਡ ਤੇ ਸਿਵਲ ਸਪਲਾਈ ਇੰਸਪੈਕਟਰ ਅਤੇ ਹੋਰ ਕਰਮਚਾਰੀਆਂ ਦੀ ਭੱਠਾ ਮਾਲਕਾਂ ਨੇ ਪ੍ਰਵਾਹ ਨਹੀਂ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਦੇ ਆਗੂ ਕਾਮਰੇਡ ਸ਼ਿਵ ਕੁਮਾਰ, ਜਸਵੰਤ ਸਿੰਘ ਬੁੱਟਰ, ਦਰਸ਼ਨ ਸਿੰਘ ਅਖਰੋਟਾ, ਮਨਹਰਨ ਅਤੇ ਵੱਖ-ਵੱਖ ਭੱਠਿਆਂ ਤੋਂ ਆਏ ਮਜ਼ਦੂਰਾਂ ਨੇ ਸੰਘਰਸ਼ ਨੂੰ ਤਿੱਖਾ ਕਰਦਿਆਂ ਕਿਹਾ ਕਿ ਕੱਲ੍ਹ ਤੋਂ ਬੱਚਿਆਂ ਸਮੇਤ ਔਰਤਾਂ ਵੀ ਸ਼ਾਮਲ ਹੋਣਗੀਆਂ। ਜਦੋਂ ਤੱਕ ਸਾਰੇ ਮਜ਼ਦੂਰਾਂ ਨੂੰ ਉਨ੍ਹਾਂ ਦੀ ਬਣਦੀ ਮਜ਼ਦੂਰੀ ਦੇ ਪੈਸੇ ਨਹੀਂ ਮਿਲਦੇ ਸੰਘਰਸ਼ ਜਾਰੀ ਰਹੇਗਾ।

## ਧਾਰਮਿਕ ਗੀਤ 'ਬਾਬੇ ਨਾਨਕ ਦੀ ਬਾਣੀ' ਦੀ ਸ਼ੂਟਿੰਗ ਹੋਈ

**ਬਾਬਾ ਬਕਾਲਾ ਸਾਹਿਬ (ਡੀ. ਕੇ. ਰੈਡੀ)**-ਅੱਜ ਇੱਥੇ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ, ਲੱਖੂਵਾਲ ਰੋਡ, ਬਾਬਾ ਬਕਾਲਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨ ਤਾਰਨ ਦੇ ਸਾਂਝੇ ਉਪਰਾਲੇ ਸਦਕਾ ਗੀਤਕਾਰ ਅਤੇ ਗਾਇਕ ਮੱਖਣ ਸਿੰਘ ਭੈਣੀਵਾਲਾ ਦੇ ਧਾਰਮਿਕ ਗੀਤ 'ਬਾਬੇ ਨਾਨਕ ਦੀ ਬਾਣੀ' ਦੀ ਸ਼ੂਟਿੰਗ ਹੋਈ, ਜਿਸ ਵਿੱਚ ਦੋਵੇਂ ਸਭਾਵਾਂ ਦੇ ਮੈਂਬਰਾਨ ਨੇ ਸ਼ਿਰਕਤ ਕੀਤੀ। ਜੈ ਮਿਊਜ਼ਿਕ ਕੰਪਨੀ ਦੀ ਇਸ ਪੇਸ਼ਕਸ਼ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਮੀਤ ਪ੍ਰਧਾਨ ਡਾ: ਕੁਲਵੰਤ ਸਿੰਘ ਬਾਠ, ਅਮਰਜੀਤ ਸਿੰਘ ਘੁੱਕ, ਸਕੱਤਰ ਜਸਪਾਲ ਸਿੰਘ ਧੂਲਕਾ, ਬਲਵਿੰਦਰ ਸਿੰਘ ਅਠੌਲਾ, ਜਸਮੇਲ ਸਿੰਘ ਜੋਧੇ, ਅਮਨਪ੍ਰੀਤ ਸਿੰਘ, ਮਹਿਲਾ ਵਿੰਗ ਦੀ ਪ੍ਰਧਾਨ ਸੁਖਵੰਤ ਕੌਰ ਵੱਸੀ, ਸਿਮਰਨਜੀਤ ਕੌਰ ਭੱਟੀ ਅਤੇ ਤਰਨ ਤਾਰਨ ਸਭਾ ਤੋਂ ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ, ਸਕੱਤਰ ਹਰਭਜਨ ਸਿੰਘ ਭੱਗਰੱਥ, ਕੈਮਰਾਮੈਨ ਅਵਤਾਰ ਭਿੰਡਰ ਤੋਂ ਇਲਾਵਾ ਹੋਰ ਸਖਸ਼ੀਅਤਾਂ ਹਾਜ਼ਰ ਸਨ। ਇਸ ਦੌਰਾਨ ਗੁਰਦੁਆਰਾ ਗੋਬਿੰਦਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਲਰਾਜ ਸਿੰਘ ਨੇ ਟੀਮ ਦਾ ਸਵਾਗਤ ਕੀਤਾ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸੇਲਿੰਦਰਜੀਤ ਸਿੰਘ ਰਾਜਨ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਉਪਰ ਅਧਾਰਤ ਇਹ ਗੀਤ ਸੰਗਤਾਂ ਨੂੰ ਜ਼ਰੂਰ ਪਸੰਦ ਆਵੇਗਾ ਅਤੇ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 27 ਨਵੰਬਰ ਨੂੰ ਇਹ ਗੀਤ ਦੂਰਦਰਸ਼ਨ ਕੇਂਦਰ ਦਾ ਸ਼ਿੰਗਾਰ ਬਣੇਗਾ।



## ਵਡਾਲਾ ਜੌਹਲ ਵਿਖੇ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਪਿੰਡ ਵਡਾਲਾ ਜੌਹਲ ਦੇ ਵਸਨੀਕ ਦਲੇਰ ਸਿੰਘ ਜੌਹਲ ਪੱਤਰਕਾਰ ਅਤੇ ਕਲਾਕਾਰ ਦੇਵ ਜੌਹਲ ਵੱਲੋਂ ਸਰਬੱਤ ਦੇ ਭਲੇ ਲਈ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਗੁਰੂ ਕੇ ਲੰਗਰ ਵਰਤਾਏ ਗਏ। ਇਸ ਮੌਕੇ ਕੀਰਤਨੀ ਜਥੇ ਭਾਈ ਅਰਜਨ ਸਿੰਘ ਰਾਏਪੁਰ ਕਲਾਂ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਮਨਜੀਤ ਸਿੰਘ ਕਰਤਾਰਪੁਰ ਵਾਲੇ, ਇੰਜੀ. ਬਲਜੀਤ ਸਿੰਘ ਜੰਮੂ ਐੱਮਬੀਐੱਸ ਰਿਜ਼ੋਰਟ ਵਾਲੇ, ਯੂਥ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨਵਤੇਜ ਸਿੰਘ ਅਮਰਕੋਟ, ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰ, ਡਾ. ਅਰਸ਼ਬੀਰ ਸਿੰਘ ਜੋਸਨ ਫਤਿਹਪੁਰ ਰਾਜਪੂਤਾਂ, ਡਾ. ਰਮਿੰਦਰ ਸਿੰਘ ਧੰਜੂ, ਅਮਰਬੀਰ ਸਿੰਘ ਸ਼ੇਰਾ ਫਤਿਹਪੁਰ ਰਾਜਪੂਤਾਂ, ਡਾ. ਤੇਜਪਾਲ ਸਿੰਘ ਸੰਧੂ, ਜਰਮਨਜੀਤ ਸਿੰਘ ਜੌਹਲ, ਵਰਿੰਦਰਜੀਤ ਸਿੰਘ ਢੋਟ ਮਾਲੋਵਾਲ, ਮੰਗਤ ਸਿੰਘ ਕੋਟਲਾ ਸ਼ਾਹੀਆਂ, ਬਲਾਕ ਸੰਮਤੀ ਮੈਂਬਰ ਰਵਿੰਦਰ ਸਿੰਘ ਰਵੀ, ਪੱਤਰਕਾਰ ਪਰਮਿੰਦਰ ਸਿੰਘ ਜੋਸਨ, ਪੱਤਰਕਾਰ ਜਸਪਾਲ ਸ਼ਰਮਾ, ਪੱਤਰਕਾਰ ਜਸਪਾਲ ਸਿੰਘ, ਚੇਅਰਮੈਨ ਸੂਬੇਦਾਰ ਛਨਾਖ ਸਿੰਘ, ਸਾਬਕਾ ਡਾਇਰੈਕਟਰ ਸਵਿੰਦਰ ਸਿੰਘ ਸੇਠ, ਕਿਸਾਨ ਆਗੂ ਗੁਰਮੇਜ ਸਿੰਘ ਮੱਖਣਵਿੰਡੀ, ਗੁਰਦੀਪ ਸਿੰਘ ਮੱਖਣਵਿੰਡੀ, ਬਚਿੱਤਰ ਸਿੰਘ ਦੋਧੀ, ਹਰਮੀਤ ਸਿੰਘ ਢੋਟ ਮਾਲੋਵਾਲ ਤੇ ਇਲਾਕੇ ਦੀਆਂ ਕਈ ਹੋਰ ਨਾਮਵਰ ਸ਼ਖਸੀਅਤਾਂ ਹਾਜ਼ਰ ਸਨ।

## ਨੈਸ਼ਨਲ ਪੈਸਟ ਸਰਵੇਲੈਂਸ ਸਿਸਟਮ ਐਪ ਬਾਰੇ ਖੇਤੀਬਾੜੀ ਅਧਿਕਾਰੀਆਂ/ਕਿਸਾਨਾਂ ਨੂੰ ਟ੍ਰੇਨਿੰਗ ਦਿੱਤੀ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ, ਤਰਨ ਤਰਨ ਡਾ. ਹਰਪਾਲ ਸਿੰਘ ਪੰਨੂ ਦੀ ਅਗਵਾਈ ਹੇਠ ਮੁੱਖ ਖੇਤੀਬਾੜੀ ਦਫਤਰ ਦੇ ਟ੍ਰੇਨਿੰਗ ਹਾਲ ਵਿੱਚ ਡਾ. ਪਵਨ ਕੁਮਾਰ ਪੀਪੀਓ, ਡਾ. ਚੇਤਨ, ਡਾ. ਚੰਦਰਭਾਨ ਅਧਾਰਿਤ ਭਾਰਤ ਸਰਕਾਰ, ਖੇਤੀਬਾੜੀ ਮੰਤਰਾਲਾ ਦੇ ਕੇਂਦਰੀ ਸੰਯੁਕਤ ਜੀਵ ਪ੍ਰਬੰਧਨ ਕੇਂਦਰ ਦੁਆਰਾ ਨੈਸ਼ਨਲ ਪੈਸਟ ਸਰਵੇਲੈਂਸ ਸਿਸਟਮ ਸਬੰਧੀ ਐਪ ਬਾਰੇ ਖੇਤੀਬਾੜੀ ਅਧਿਕਾਰੀਆਂ ਅਤੇ ਕਿਸਾਨਾਂ ਨੂੰ ਟਰੇਨਿੰਗ ਦਿੱਤੀ ਗਈ। ਉਨ੍ਹਾਂ ਐਪ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੰਦਿਆਂ ਦੱਸਿਆ ਕਿ ਕਿਸਾਨ ਐਪ ਦੀ ਮਦਦ ਨਾਲ ਫਸਲਾਂ ਵਿੱਚ ਮੌਜੂਦ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਪਹਿਚਾਣ ਆਸਾਨੀ ਨਾਲ ਕਰ ਲੈਣਗੇ ਅਤੇ ਨਾਲ ਹੀ ਉਨ੍ਹਾਂ ਨੂੰ ਢੁਕਵਾਂ ਹੱਲ ਵੀ ਇਸ ਐਪ ਰਾਹੀਂ ਮਿਲ ਜਾਵੇਗਾ। ਉਨ੍ਹਾਂ ਜਾਣਕਾਰੀ ਦਿੱਤੀ ਕਿ ਇਸ ਐਪ ਦੀ ਮਦਦ ਨਾਲ ਸਮੁੱਚੇ ਦੇਸ਼ ਦੇ ਵਿਗਿਆਨੀ, ਵੱਖ-ਵੱਖ ਰਾਜ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ, ਕਰਮਚਾਰੀ ਅਤੇ ਕਿਸਾਨ ਇੱਕ ਹੀ ਪਲੇਟਫਾਰਮ ਤੇ ਮੌਜੂਦ ਹੋਣਗੇ। ਟ੍ਰੇਨਿੰਗ ਦੌਰਾਨ ਜ਼ਿਲ੍ਹੇ ਦੇ 8 ਬਲਾਕਾਂ ਦੇ ਪ੍ਰਤੀਨਿਧ ਕਿਸਾਨਾਂ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਉਹ ਦੂਜੇ ਕਿਸਾਨਾਂ ਨੂੰ ਵੀ ਇਸ ਐਪ ਰਾਹੀਂ ਸ਼ਾਮਿਲ ਕਰਨ। ਇਸ ਮੌਕੇ ਨੋਡਲ ਅਫਸਰ ਡਾ. ਸੰਦੀਪ ਸਿੰਘ ਏਡੀਓ, ਪੌਦ ਸੁਰੱਖਿਆ ਅਤੇ ਡਾ. ਗੁਰਦੀਪ ਸਿੰਘ ਏਡੀਓ ਨੇ ਕਿਸਾਨਾਂ ਨੂੰ ਕਿਹਾ ਕਿ ਐਪ ਦੀ ਵਰਤੋਂ ਕਰਕੇ ਖੇਤ ਵਿੱਚ ਮੌਜੂਦ ਕਿਸੇ ਵੀ ਤਰ੍ਹਾਂ ਦੇ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਫੋਟੋ ਅਪਲੋਡ ਕੀਤੀ ਜਾਵੇ। ਟਰੇਨਿੰਗ ਸਬੰਧੀ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਆਏ ਮਾਹਿਰਾਂ ਅਤੇ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਐਪ ਨਾਲ ਸੰਯੁਕਤ ਕੀਟ ਪ੍ਰਬੰਧਨ ਤਕਨੀਕ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਸ ਐਪ ਰਾਹੀਂ ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਪਹਿਚਾਣ ਹੋਣ ਦੇ ਨਾਲ ਉਚਿਤ ਹੱਲ ਮਿਲ ਜਾਵੇਗਾ। ਇਸ ਤਰ੍ਹਾਂ ਜਿੱਥੇ ਬੇਲੋੜੀਆਂ ਜ਼ਹਿਰਾਂ ਦੀ ਵਰਤੋਂ ਘਟੇਗੀ ਉਥੇ ਵਾਤਾਵਰਣ ਵੀ ਸੁਰੱਖਿਤ ਹੋਵੇਗਾ। ਇਸ ਮੌਕੇ ਬਲਾਕ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ, ਖੇਤੀਬਾੜੀ ਅਫਸਰ ਭਿਖੀਵਿੰਡ ਅਤੇ ਡਾ. ਮਲਵਿੰਦਰ ਸਿੰਘ ਖੇਤੀਬਾੜੀ ਅਫਸਰ, ਨੌਸ਼ਹਿਰਾ ਪੰਨੂੰਆਂ ਨੇ ਤਕਨੀਕੀ ਨੁਕਤੇ ਰੱਖੇ।

## ਬਲੈਕਮੇਲ ਕਰਕੇ ਪੈਸੇ ਠੱਗਣ ਵਾਲੀ ਔਰਤ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿੱਟੀ ਗੁਰਦਾਸਪੁਰ ਪੁਲਿਸ ਨੇ ਬਲੈਕਮੇਲ ਕਰਕੇ ਪੈਸੇ ਠੱਗਣ ਵਾਲੀ ਇਕ ਔਰਤ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਐੱਸ.ਆਈ. ਸੋਮ ਲਾਲ ਨੇ ਦੱਸਿਆ ਕਿ ਸਰਵਣ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਨਾਥਪੁਰ ਥਾਣਾ ਕਾਦੀਆਂ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ 27 ਅਕਤੂਬਰ ਨੂੰ ਮੈਨੂੰ ਕਿਸੇ ਨਾ ਮਲੂਮ ਔਰਤ ਦਾ ਫੋਨ ਆਇਆ ਕਿ ਮੈਂ ਆਪਣੀ ਕੋਠੀ ਵੇਚਣਾ ਚਾਹੁੰਦੀ ਹਾਂ ਤੁਸੀ ਬਾਜਵਾ ਹਸਪਤਾਲ ਗੁਰਦਾਸਪੁਰ ਨੇੜੇ ਗਲੀ ਵਿਚ ਕੋਠੀ ਵੇਖਣ ਲਈ ਆ ਜਾਣਾ, ਜਦੋਂ ਮੈਂ ਮਿਤੀ 30.10.23 ਨੂੰ ਬਾਜਵਾ ਹਸਪਤਾਲ ਗੁਰਦਾਸਪੁਰ ਨੇੜੇ ਗਲੀ ਵਿਚ ਕੋਠੀ ਵੇਖਣ ਲਈ ਗਿਆ ਤਾਂ ਕੋਠੀ ਵਿੱਚ 2 ਔਰਤਾਂ ਸਨ ਜੋ ਮੈਨੂੰ ਅੰਦਰ ਲੈ ਗਈਆਂ ਕਿ ਕੋਠੀ ਦੇਖ ਲਵੋ ਜਦ ਮੈਂ ਅੰਦਰ ਗਿਆ ਤਾਂ ਇੱਕ ਔਰਤ ਨੇ ਦਰਵਾਜਾ ਬਾਹਰੋ ਬੰਦ ਕਰਕੇ ਇਕ ਔਰਤ ਨਾਲ ਅੰਦਰ ਡੱਕ ਦਿੱਤਾ ਅਤੇ ਅੰਦਰ ਵਾਲੀ ਔਰਤ ਨੇ ਆਪਣੇ ਕੱਪੜੇ ਉਤਾਰ ਦਿੱਤੇ ਅਤੇ ਮੈਨੂੰ ਵੀ ਕੱਪੜੇ ਉਤਾਰਨ ਲਈ ਕਿਹਾ ਪਰ ਮੈਂ ਮਨਾ ਕਰ ਦਿੱਤਾ, ਏਨੇ ਨੂੰ ਇੱਕ ਨੌਜਵਾਨ ਅੰਦਰ ਆਇਆ ਜਿਸ ਨੇ ਵੀਡਿਓ ਬਣਾਉਣੀ ਸ਼ੁਰੂ ਕਰ ਦਿੱਤੀ। ਦੋ ਔਰਤਾਂ ਤੇ ਇਕ ਨੌਜਵਾਨ ਮੌਕੇ 'ਤੇ ਮੈਨੂੰ ਡਰਾ ਧਮਕਾ ਕੇ ਕਹਿਣ ਲੱਗੇ ਕਿ ਤੂੰ ਸਾਨੂੰ ਪੈਸੇ ਦੇ ਨਹੀ ਤਾਂ ਤੇਰੀ ਵੀਡਿਓ ਵਾਇਰਲ ਕਰ ਦੇਣੀ ਹੈ।

ਉਕਤ ਦੋਸ਼ੀਆਂ ਨੇ ਮੈਨੂੰ ਬਲੈਕਮੇਲ ਕਰਕੇ ਡਰਾ ਧਮਕਾ ਕੇ ਮਿਤੀ 30.10.23 ਨੂੰ 39,000 ਰੁਪਏ ਤੇ ਮਿਤੀ 02.11.23 ਨੂੰ 60,000 ਰੁਪਏ ਲੈ ਲਏ ਜਦੋਂਕਿ ਮਿਤੀ 23.11.23 ਨੂੰ ਮੈਨੂੰ ਫਿਰ ਫੋਨ ਕਰਕੇ ਬਲੈਕਮੇਲ ਕਰਨ ਦਾ ਡਰਾਵਾ ਦੇ ਕੇ ਐਸ.ਡੀ. ਕਾਲਜ ਨੇੜੇ ਬੁਲਾ ਰਹੇ ਸਨ, ਜਿਸ ਤੋਂ ਮੈ ਨੂੰ ਪਤਾ ਲੱਗਾ ਹੈ ਕਿ ਫੋਨ ਕਰਨ ਵਾਲੀ ਔਰਤ ਉੱਕਤ ਪਤੇ ਦੀ ਰਹਿਣ ਵਾਲੀ ਹੈ। ਪੁਲਿਸ ਨੇ ਉਕਤ ਔਰਤ ਖ਼ਿਲਾਫ਼ ਮੁਕੱਦਮਾ ਨੰਬਰ 244, 384, 506, 120 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਨੇ ਪੁਸਤਕ ਪ੍ਰਦਰਸ਼ਨੀ ਲਗਾਈ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**—ਸ਼ਬਦ ਸਾਂਝ ਲਾਇਬ੍ਰੇਰੀ ਮਾਨ ਸੈਂਡਵਾਲ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਕੋਟਲੀ ਸੱਕਿਆਂ ਵਾਲੀ ਬਲਾਕ ਅੰਮ੍ਰਿਤਸਰ 3 ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਹ ਪ੍ਰਦਰਸ਼ਨੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਕੀਤੀ ਗਈ। ਇਹ ਪੁਸਤਕ ਪ੍ਰਦਰਸ਼ਨੀ ਪੰਜਾਬੀ ਸਾਹਿਤ ਸਭਾ (ਰਜਿ.) ਨਵੀਂ ਦਿੱਲੀ, ਸ਼ਾਇਰ ਮਨਮੋਹਨ ਭਿੰਡਰ, ਮਨਦੀਪ ਕੌਰ ਬੁੱਟਰ ਢੀਂਡਸਾ, ਗੁਰਸ਼ੇਰ ਸਿੰਘ ਮਾਨ ਤੇ ਗੁਰਭੇਜ ਕੌਰ ਸੰਧੂ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਈ ਗਈ। ਇਸ ਪ੍ਰਦਰਸ਼ਨੀ ਨੂੰ ਲੈ ਕੇ ਬੱਚਿਆਂ ਵਿੱਚ ਬੜਾ ਉਤਸ਼ਾਹ ਤੇ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ। ਸਕੂਲ ਦੇ ਬੱਚਿਆਂ ਵੱਲੋਂ ਬੜੇ ਚਾਅ ਨਾਲ ਆਪੋ ਆਪਣੀ ਪਸੰਦ ਦੀਆਂ ਪੁਸਤਕਾਂ ਪਸੰਦ ਕੀਤੀਆਂ ਗਈਆਂ।

ਇਸ ਸੰਬੰਧੀ ਸਕੂਲ ਮੁੱਖ ਅਧਿਆਪਕਾ ਗਗਨਦੀਪ ਕੌਰ ਨੇ ਸ਼ਬਦ ਸਾਂਝ ਲਾਇਬ੍ਰੇਰੀ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕੇ ਇੰਝ ਦੇ ਉਪਰਾਲੇ ਬੱਚਿਆਂ ਵਿੱਚ ਪੁਸਤਕ ਪ੍ਰੇਮ ਪੈਦਾ ਕਰਦੇ ਹਨ। ਇਸ ਮੌਕੇ ਸੈਂਟਰ ਹੈੱਡ ਟੀਚਰ ਵਰਿੰਦਰ ਸਿੰਘ ਤੇ ਅਧਿਆਪਕ ਜੁਗਰਾਜ ਸਿੰਘ ਉਚੇਚੇ ਤੌਰ 'ਤੇ ਇਸ ਪ੍ਰਦਰਸ਼ਨੀ ਵਿੱਚ ਪਹੁੰਚੇ। ਇਸ ਪ੍ਰਦਰਸ਼ਨੀ ਦਾ ਪ੍ਰਬੰਧ ਮੈਡਮ ਬਲਜੀਤ ਕੌਰ ਗਿੱਲ ਤੇ ਰਾਜਬੀਰ ਕੌਰ ਦੀ ਦੇਖ-ਰੇਖ ਵਿੱਚ ਬੱਚਿਆਂ ਤੇ ਸਕੂਲ ਸਟਾਫ ਨੇ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ। ਇਸ ਮੌਕੇ ਸ਼ਬਦ ਸਾਂਝ ਲਾਇਬ੍ਰੇਰੀ ਮਾਨ ਦੇ ਪ੍ਰਬੰਧਕ ਜਸਦੇਵ ਮਾਨ ਨੇ ਕਿਹਾ ਕੇ ਅਸੀਂ ਅਗਾਂਹ ਵੀ ਵੱਖ-ਵੱਖ ਸਕੂਲਾਂ/ ਕਾਲਜਾਂ ਵਿੱਚ ਇੰਝ ਹੀ ਪੁਸਤਕ ਪ੍ਰਦਰਸ਼ਨੀਆਂ ਲਗਾਉਂਦੇ ਰਹਾਂਗੇ ਤਾਂ ਜੋ ਛੋਟੇ ਬੱਚਿਆਂ ਤੇ ਨੌਜਵਾਨਾਂ ਨੂੰ ਕਿਤਾਬਾਂ ਨਾਲ ਜੋੜ ਕੇ ਮਿਆਰੀ ਸਾਹਿਤ ਪੜ੍ਹਨ ਦੀ ਚੇਟਕ ਲਗਾਈ ਜਾਵੇ। ਇਸ ਮੌਕੇ ਸਾਬਕਾ ਸਰਪੰਚ ਜਸਬੀਰ ਸਿੰਘ ਜੱਸ, ਪ੍ਰਧਾਨ ਰਾਮੇਸ਼ ਯਾਦਵ, ਪ੍ਰਿੰਸੀਪਲ ਅਮਰ ਸਿੰਘ, ਕੁਲਬੀਰ ਕੌਰ, ਮਨਦੀਪ ਕੌਰ, ਬਿਕਰਮਜੀਤ ਸਿੰਘ ਤੇ ਪ੍ਰਭ ਕੀਰਤ ਮਾਨ ਤੇ ਜਸਦੇਵ ਮਾਨ ਹਾਜ਼ਰ ਸਨ।

## ਅੱਖਾਂ ਅਤੇ ਦੰਦਾਂ ਦਾ ਮੁਫਤ ਜਾਂਚ ਕੈਂਪ ਆਯੋਜਿਤ



**ਮਜੀਠਾ (ਸੋਇਮ ਆਨੰਦ)**-ਮੰਦਰ ਸ਼੍ਰੀ ਬਾਵਾ ਲਾਲ ਦੁਆਰ ਮਜੀਠਾ ਵਿਖੇ ਮੰਦਰ ਕਮੇਟੀ ਦੇ ਮੈਂਬਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਅੱਖਾਂ ਅਤੇ ਦੰਦਾਂ ਦੇ ਮਰੀਜ਼ਾਂ ਦੀ ਮੁਫਤ ਜਾਂਚ ਦਾ ਕੈਂਪ ਡਾ: ਓਮ ਪ੍ਰਕਾਸ਼ ਅੱਖਾਂ ਤੇ ਦੰਦਾਂ ਦੇ ਹਸਪਤਾਲ ਅੰਮ੍ਰਿਤਸਰ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਲਗਾਇਆ ਗਿਆ ਜਿਸ ਵਿਚ ਇਲਾਕੇ ਦੇ ਕਰੀਬ 96 ਅੱਖਾਂ ਦੇ ਮਰੀਜ਼ਾਂ ਅਤੇ 70 ਦੰਦਾਂ ਦੇ ਮਰੀਜ਼ਾਂ ਦੇ ਮਾਹਿਰ ਡਾਕਟਰਾਂ ਵੱਲੋਂ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਮੁਫਤ ਅੱਖਾਂ ਦੀ ਦਵਾਈ ਅਤੇ ਐਨਕਾਂ ਦਿੱਤੀਆਂ ਗਈਆਂ। ਮੰਦਰ ਕਮੇਟੀ ਦੇ ਚੇਅਰਮੈਨ ਕੁਲਦੀਪ ਕੁਮਾਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਡਾ: ਓਮ ਪ੍ਰਕਾਸ਼ ਅੱਖਾਂ ਵਾਲੇ ਹਸਪਤਾਲ ਦਾ ਇਹ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਮੰਦਰ ਕਮੇਟੀ ਵੱਲੋਂ ਅਜਿਹੇ ਕੈਂਪ ਲਗਾਏ ਜਾਂਦੇ ਰਹਿਣਗੇ ਤਾਂ ਕਿ ਲੋੜਵੰਦ ਲੋਕਾਂ ਨੂੰ ਸਹੂਲਤ ਮਿਲ ਸਕੇ। ਹਸਪਤਾਲ ਤੋਂ ਆਏ ਮਾਹਿਰ ਡਾਕਟਰਾਂ ਵਿਚ ਡਾ: ਸੰਤੋਖ ਸਿੰਘ, ਡਾ: ਰਾਜੇਸ਼ ਕੁਮਾਰ, ਡਾ: ਹਰਸਿਤ, ਦੰਦਾਂ ਦੇ ਮਾਹਿਰ ਡਾ. ਪ੍ਰਿਯੰਕਾ, ਸੁਖਪ੍ਰੀਤ ਸਿੰਘ, ਮੋਹਿਤ, ਬੱਬੂ, ਸ਼ੁਭਮ ਅਤੇ ਹੋਰ ਸਟਾਫ ਮੈਂਬਰ ਵੀ ਸ਼ਾਮਲ ਸਨ। ਮੰਦਰ ਕਮੇਟੀ ਦੇ ਚੇਅਰਮੈਨ ਕੁਲਦੀਪ ਕੁਮਾਰ, ਪ੍ਰਦੀਪ ਕੁਮਾਰ, ਮੈਂਬਰ ਰਵਿੰਦਰ ਕਪਾਹੀ, ਇੰਦਰਜੀਤ ਸ਼ਰਮਾ, ਨਰਿੰਦਰ ਪੁਰੀ, ਮਿੰਕੂ ਨਈਅਰ ਆਦਿ ਨੇ ਮਾਹਿਰ ਡਾਕਟਰਾਂ ਅਤੇ ਓਮ ਪ੍ਰਕਾਸ਼ ਆਈ ਹਸਪਤਾਲ ਦੀ ਸਾਰੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੰਗਤਾਂ ਵਾਸਤੇ ਚਾਹ ਪਕੌੜਿਆਂ ਦਾ ਲੰਗਰ ਵੀ ਲਗਾਇਆ।

## ਡਾ. ਕੁਲਦੀਪ ਸਿੰਘ ਮੱਲ੍ਹੀ ਹੈਲਥ ਸੁਪਰਡੈਂਟ ਨਿਯੁਕਤ



**ਟਾਂਗਰਾ (ਲਾਡੀ ਮੱਲ੍ਹੀ)**—ਕਸਬਾ ਟਾਂਗਰਾ ਦੇ ਨਜ਼ਦੀਕ ਪਿੰਡ ਮੱਲ੍ਹੀਆਂ ਦੇ ਜੰਮਪਲ ਡਾ. ਕੁਲਦੀਪ ਸਿੰਘ ਮੱਲ੍ਹੀ ਸਖਤ ਮਿਹਨਤ ਤੇ ਇਮਾਨਦਾਰੀ ਸਦਕਾ ਸਿਵਲ ਸਰਜਨ ਦਫਤਰ ਜ਼ਿਲ੍ਹਾ ਤਰਨਤਾਰਨ ਦੇ ਸੁਪਰਡੈਂਟ ਵਜੋਂ ਨਿਯੁਕਤ ਕੀਤੇ ਗਏ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਪੱਤਰਕਾਰ ਨਾਲ ਗੱਲਬਾਤ ਦੌਰਾਨ ਕੁਲਦੀਪ ਸਿੰਘ ਮੱਲ੍ਹੀ ਨੇ ਦੱਸਿਆ ਕਿ ਮੈਂ ਮਾਨਾਂਵਾਲ ਹਸਪਤਾਲ ਵਿੱਚ ਬਾਈ ਸਾਲ ਬਤੌਰ ਸੀਨੀਅਰ ਅਸਿਸਟੈਂਟ, ਕਮਿਊਨਿਟੀ ਹੈਲਥ ਸੈਂਟਰ ਤਰਸਿੱਕਾ ਵਿਖੇ ਸੇਵਾ ਨਿਭਾਈ ਹੈ। ਹੁਣ ਪ੍ਰਮਾਤਮਾ ਦੀ ਕਿਰਪਾ ਸਦਕਾ ਜ਼ਿਲ੍ਹਾ ਤਰਨਤਾਰਨ ਵਿਖੇ ਹੈਲਥ ਸੁਪਰਡੈਂਟ ਦੀ ਸੇਵਾ ਨਿਭਾਉਣ ਦਾ ਸੁਭਾਗਾ ਸਮਾਂ ਪ੍ਰਾਪਤ ਹੋਇਆ ਹੈ। ਮੈਂ ਇਹ ਸੇਵਾ ਬਹੁਤ ਤਨਦੇਹੀ ਨਾਲ ਨਿਭਾਵਾਂਗਾ ਤੇ ਆਮ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਮੌਕੇ ਬਾਬਾ ਪਰਮਾਨੰਦ, ਬਾਬਾ ਹੁੰਦਾਲ ਜੰਡਿਆਲਾ ਗੁਰੂ, ਡਾ. ਮਨਜੀਤ ਸਿੰਘ ਰਟੌਲ ਸੀਐਚਸੀ ਮੁਸਤਫਾਬਾਦ, ਅਮਨਦੀਪ ਸਿੰਘ ਧਾਰੜ ਮਲਟੀ ਪਰਪਜ਼ ਹੈਲਥ ਵਰਕਰ ਯੂਨੀਅਨ, ਨਵਤੇਜ ਸਿੰਘ ਸੀਨੀਅਰ ਸਹਾਇਕ, ਹਰਦਿਆਲ ਸਿੰਘ ਖਡੂਰ ਸਾਹਿਬ, ਬਾਬਾ ਸਰਵਣ ਸਿੰਘ, ਹਰਪਾਲ ਸਿੰਘ ਮਾਨਾਂਵਾਲ, ਸਰਬਜੀਤ ਸਿੰਘ, ਬਲਵਿੰਦਰ ਸਿੰਘ ਫਾਰਮੇਸੀ ਅਫਸਰ, ਯੁਗੇਸ਼ ਸ਼ਰਮਾ, ਮਨਜੀਤ ਸਿੰਘ ਰੇਡੀਓਗਰਾਫਰ, ਬਲਵਿੰਦਰ ਸਿੰਘ, ਰਣਬੀਰ ਕੌਰ, ਬਲਜੀਤ ਕੌਰ, ਨਰਿੰਦਰ ਕੌਰ ਅਤੇ ਡਾ. ਬੀ. ਐੱਸ. ਮੱਲ੍ਹੀ ਆਦਿ ਮੌਜੂਦ ਸਨ।

## ਸਰਕਾਰੀ ਸਕੂਲ ਸੋਹੀਆਂ ਕਲਾਂ ਦੇ ਵਿਦਿਆਰਥੀਆਂ ਨੇ ਖੇਡਾਂ 'ਚ ਮਾਰੀਆਂ ਮੱਲਾਂ



**ਮਜੀਠਾ (ਸੋਇਮ ਆਨੰਦ)**-ਪਿਛਲੇ ਦਿਨੀਂ ਪੰਜਾਬ ਵਿਚ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹੀਆਂ ਕਲਾਂ ਦੀ ਕਬੱਡੀ ਟੀਮ ਦੇ ਖਿਡਾਰੀਆਂ ਨੇ ਵੀ ਭਾਗ ਲਿਆ ਜਿਸ ਵਿਚ ਇਨ੍ਹਾਂ ਖਿਡਾਰੀਆਂ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ।

ਇਸ ਟੀਮ ਵਲੋਂ ਤੀਜੀ ਪੁਜ਼ੀਸ਼ਨ ਦੇ ਇਨਾਮ ਜਿੱਤ ਕੇ ਵਾਪਸ ਸਕੂਲ ਆਉਣ 'ਤੇ ਪਿੰਡ ਦੇ ਸਮਾਜ ਸੇਵੀ ਅਤੇ ਐੱਨ.ਆਰ.ਆਈ. ਨੌਜਵਾਨਾਂ ਵੱਲੋਂ ਸਪੋਰਟਸ ਕਿੱਟਾਂ ਦੇ ਕੇ ਸਨਮਾਨਿਤ ਕੀਤਾ ਗਿਆ। ਖਿਡਾਰੀਆਂ ਨੂੰ ਸਨਮਾਨਿਤ ਕਰਨ ਮੌਕੇ ਗੱਲਬਾਤ ਕਰਦਿਆਂ ਸਮਾਜ ਸੇਵੀ ਸੁਖਵਿੰਦਰ ਸਿੰਘ ਸੋਹੀ ਇਟਲੀ ਨੇ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਖੇਡਾਂ ਵਿਚ ਭਾਗ ਲਿਆ ਅਤੇ ਸਖਤ ਮਿਹਨਤ ਕਰਕੇ ਫਾਈਨਲ ਮੈਚ ਵਿਚ ਤੀਜੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਸਕੂਲ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਜਿਸ 'ਤੇ ਪਿੰਡ ਵਾਸੀਆਂ ਨੂੰ ਮਾਣ ਹੈ। ਖਿਡਾਰੀਆਂ ਨੂੰ ਸਨਮਾਨਿਤ ਕਰਨ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਪਵਨਪ੍ਰੀਤ ਕੌਰ, ਅਮਨ ਸ਼ਰਮਾ, ਸੁਖਵਿੰਦਰ ਸਿੰਘ ਸੋਹੀ ਇਟਲੀ, ਕਸ਼ਮੀਰ ਸਿੰਘ ਯੂ. ਐੱਸ. ਏ., ਜੀਤਾ ਸ਼ਾਹ, ਸੁਰਜੀਤ ਸਿੰਘ ਗਿੱਲ, ਕਬੱਡੀ ਕੋਚ ਜੋਸ਼ੀ, ਨਵਤੇਜਪਾਲ ਸਿੰਘ, ਬਲਜੀਤ ਸਿੰਘ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## 'ਆਪ' ਦੇ ਵਰਕਰਾਂ ਨੇ ਖੇਡ ਸਟੇਡੀਅਮ ਝਬਾਲ ਦਾ ਲਿਆ ਜਾਇਜ਼ਾ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸਰਦਾਰ ਕੁੰਦਨ ਸਿੰਘ ਸੋਹਲ ਅਤੇ ਕਰਮ ਸਿੰਘ ਸੋਹਲ ਯਾਦਗਾਰੀ ਟਰੱਸਟ ਵੱਲੋਂ ਵਿਕਾਸ ਮੰਚ ਪੰਜਾਬ ਦੇ ਸਹਿਯੋਗ ਨਾਲ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਦੀ ਦੇਖਰੇਖ ਹੇਠ ਖੇਡ ਸਟੇਡੀਅਮ ਝਬਾਲ ਵਿਖੇ 26 ਤੋਂ 28 ਨਵੰਬਰ ਤੱਕ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਖੇਡ ਸਟੇਡੀਅਮ ਝਬਾਲ ਦਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਵਪਾਰ ਮੰਡਲ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਸਿੰਘ ਸੋਨੀ ਬਾਬਾ, ਸਾਬਕਾ ਸਰਪੰਚ ਜਤਿੰਦਰ ਸਿੰਘ ਬਘੇਲ ਸਿੰਘ ਵਾਲਾ, ਅਰਵਿੰਦਰ ਸਿੰਘ ਰਾਜੂ, ਮੰਨੀਂ ਭੋਜੀਆ, ਰਜੇਸ਼ ਕੁਮਾਰ ਹੈਪੀ ਉਪਲ ਨੇ ਜਾਇਜ਼ਾ ਲਿਆ ਤੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਨਸੇ ਦੀ ਦਲਦਲ ਵਿਚੋਂ ਕੱਢ ਕੇ ਉਨ੍ਹਾਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਕਰਵਾਏ ਜਾ ਰਹੇ ਤਿੰਨ ਰੋਜ਼ਾ ਟੂਰਨਾਮੈਂਟ ਵਿੱਚ ਫੁੱਟਬਾਲ ਦੀਆਂ ਲੱਗਭੱਗ 24 ਟੀਮਾਂ ਭਾਗ ਲੈਣਗੀਆਂ।

ਉਨ੍ਹਾਂ ਕਿਹਾ ਕਿ ਨਸ਼ੇੜੀਆਂ ਦਾ ਅੱਡਾ ਬਣੇ ਸਟੇਡੀਅਮ ਦਾ ਸੁੰਦਰੀਕਰਨ ਕਰਕੇ ਇੱਥੇ ਖੇਡ ਕਲਚਰ ਪੈਦਾ ਕੀਤਾ ਜਾਵੇਗਾ ਤੇ ਟੂਰਨਾਮੈਂਟ ਵਿਚ ਜੇਤੂ ਟੀਮਾਂ ਨੂੰ ਵਿਧਾਇਕ ਸੋਹਲ ਵਲੋਂ ਨਕਦ ਇਨਾਮ ਦੇ ਸਨਮਾਨਿਤ ਕੀਤਾ ਜਾਵੇਗਾ।

## ਬਾਬਾ ਮਨਮੋਹਨ ਸਿੰਘ ਤੇ ਬਾਬਾ ਲਖਬੀਰ ਸਿੰਘ ਸਦਕਾ ਸਕੂਲੀ ਬੱਚਿਆਂ ਦੀ ਸਹਾਇਤਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਸੰਤ ਬਾਬਾ ਮਨਮੋਹਨ ਸਿੰਘ ਅਤੇ ਸੰਤ ਬਾਬਾ ਲਖਬੀਰ ਸਿੰਘ ਗੁਰਦੁਆਰਾ ਟਾਹਲੀ ਸਾਹਿਬ, ਭੰਗਾਲੀ ਕਲਾ ਦੇ ਸਹਿਯੋਗ ਨਾਲ ਐੱਨਆਰਆਈ, ਅਵਤਾਰ ਸਿੰਘ ਦੇ ਸਮੂਹ ਪਰਿਵਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੰਗਾਲੀ ਕਲਾਂ ਦੇ 11 ਬੱਚਿਆਂ ਨੂੰ ਇੱਕ ਸਾਲ ਦੀ ਫੀਸ ਅਤੇ ਦਾਖਲੇ ਦੀ ਨਗਦ ਰਾਸ਼ੀ ਸਕੂਲ ਪ੍ਰਬੰਧਕਾਂ ਨੂੰ ਸੌਂਪੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਸੰਤ ਬਾਬਾ ਮਨਮੋਹਨ ਸਿੰਘ, ਸੰਤ ਬਾਬਾ ਲਖਬੀਰ ਸਿੰਘ ਟਾਹਲੀ ਸਾਹਿਬ ਵਾਲਿਆਂ ਨੇ ਕਿਹਾ ਕਿ ਸਾਨੂੰ ਹਮੇਸ਼ਾ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਦੋਵਾਂ ਮਹਾਪੁਰਖਾਂ ਨੇ ਐੱਨਆਰਆਈ ਅਵਤਾਰ ਸਿੰਘ ਦੇ ਸਮੂਹ ਪਰਿਵਾਰ ਦੀ ਚੜ੍ਹਦੀ ਕਲਾ ਦੀ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਅਤੇ ਪਰਿਵਾਰ ਦਾ ਧੰਨਵਾਦ ਕੀਤਾ।

## ਬੱਚਿਆਂ ਨੂੰ ਧਾਰਮਿਕ ਸਿੱਖਿਆ ਦਾ ਗਿਆਨ ਹੋਣਾ ਵੀ ਜ਼ਰੂਰੀ : ਡਾ. ਸੰਧੂ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਅੱਜ ਦੇ ਦੌਰ ਵਿੱਚ ਧਾਰਮਿਕ ਸਿੱਖਿਆ ਦਾ ਖੇਤਰ ਵਿੱਚ ਬੱਚੇ ਸ਼ਲਾਘਾਯੋਗ ਕੰਮ ਕਰ ਰਹੇ ਹਨ। ਇਸ ਲਈ ਸਾਰੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਦੇ ਗਿਆਨ ਨਾਲ ਜੋੜਨਾ ਚਾਹੀਦਾ ਹੈ ਕਿਉਂਕਿ ਧਾਰਮਿਕ ਸਿੱਖਿਆ ਹੀ ਉਨ੍ਹਾਂ ਦੇ ਸਫਲ ਜੀਵਨ ਦਾ ਮਾਰਗ ਹੈ ਜੋ ਬੱਚਿਆਂ ਨੂੰ ਸਫਲਤਾ ਦੇ ਰਾਹ 'ਤੇ ਤੋਰਦੀ ਹੈ। ਇਹ ਪ੍ਰਗਟਾਵਾ ਸਮਾਜ ਸੇਵੀ ਲਾਇਨ ਡਾ: ਤੇਜਪਾਲ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਡਾ: ਸੰਧੂ ਨੇ ਕਿਹਾ ਕਿ ਇੰਟਰਨੈੱਟ ਦੇ ਅਜੋਕੇ ਯੁੱਗ ਵਿਚ ਬੱਚੇ ਕਿਤਾਬਾਂ ਤੋਂ ਦੂਰ ਹੁੰਦੇ ਜਾ ਰਹੇ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਕਿਤਾਬਾਂ ਪੜ੍ਹਨਾ ਅਤੇ ਕਿਤਾਬਾਂ ਦਾ ਗਿਆਨ ਹੀ ਉਨ੍ਹਾਂ ਦੀ ਸਫਲਤਾ ਦਾ ਦਰਵਾਜ਼ਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਬੱਚਿਆਂ ਨੂੰ ਧਾਰਮਿਕ ਸਿੱਖਿਆ ਦਾ ਗਿਆਨ ਦੇਣਾ ਵੀ ਸਮੇਂ ਦੀ ਲੋੜ ਹੈ ਅਤੇ ਬੱਚਿਆਂ ਨੂੰ ਧਾਰਮਿਕ ਗਿਆਨ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ।

## ਬਹਿਲ ਵੱਲੋਂ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਉਪਰਾਲੇ ਨਿਰੰਤਰ ਜਾਰੀ

### ਤਿੱਬੜ, ਹਯਾਤਨਗਰ ਅਤੇ ਗੋਹਤ ਪੋਖਰ ਲਈ ਆਮ ਆਦਮੀ ਕਲੀਨਿਕ ਮਨਜ਼ੂਰ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਗੁਰਦਾਸਪੁਰ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਉਪਰਾਲੇ ਲਗਾਤਾਰ ਜਾਰੀ ਹਨ। ਬਹਿਲ ਦੀਆਂ ਇਨ੍ਹਾਂ ਕੋਸ਼ਿਸ਼ਾਂ ਸਦਕਾ ਹੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਲਈ ਤਿੰਨ ਹੋਰ ਨਵੇਂ ਆਮ ਆਦਮੀ ਕਲੀਨਿਕ ਮਨਜ਼ੂਰ ਕਰ ਲਏ ਗਏ ਹਨ ਜੋ ਕਿ ਪਿੰਡ ਤਿੱਬੜ, ਹਯਾਤਨਗਰ ਅਤੇ ਗੋਹਤ ਪੋਖਰ ਵਿਖੇ ਬਣਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਰਮਨ ਬਹਿਲ ਨੇ ਦੱਸਿਆ ਕਿ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ ਇਸ ਸਮੇਂ 35 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਨ੍ਹਾਂ ਵਿੱਚੋਂ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਆਮ ਲੋਕ ਲਾਭ ਉਠਾ ਰਹੇ ਹਨ। ਇਸ ਤੋਂ ਇਲਾਵਾ 6 ਹੋਰ ਨਵੇਂ ਆਮ ਆਦਮੀ ਕਲੀਨਿਕ ਬਣ ਕੇ ਤਿਆਰ ਹਨ ਜਿਨ੍ਹਾਂ ਦਾ ਉਦਘਾਟਨ ਵੀ ਜਲਦੀ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ 21 ਹੋਰ ਵੱਖ-ਵੱਖ ਪਿੰਡਾਂ ਵਿੱਚ ਆਮ ਆਦਮੀ ਕਲੀਨਿਕ ਮਨਜ਼ੂਰ ਕੀਤੇ ਗਏ ਹਨ ਜਿਨ੍ਹਾਂ ਵਿਚੋਂ 3 ਆਮ ਆਦਮੀ ਕਲੀਨਿਕ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਤਿੱਬੜ, ਹਯਾਤਨਗਰ ਅਤੇ ਗੋਹਤ ਪੋਖਰ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਇਹ ਨਵੇਂ ਬਣਨ ਵਾਲੇ ਆਮ ਆਦਮੀ ਕਲੀਨਿਕ ਪੰਜਾਬ ਸਰਕਾਰ ਵੱਲੋਂ ਮਨਜ਼ੂਰ ਕਰ ਲਏ ਗਏ ਹਨ ਅਤੇ 15 ਜਨਵਰੀ 2024 ਤੱਕ ਇਨ੍ਹਾਂ ਨੂੰ ਤਿਆਰ ਕਰ ਦਿੱਤਾ ਜਾਵੇਗਾ। ਸੂਬੇ ਵਿੱਚ ਕੁੱਲ 664 ਆਮ ਆਦਮੀ ਕਲੀਨਿਕ ਹਨ ਜਿਨ੍ਹਾਂ ਵਿੱਚੋਂ ਸ਼ਹਿਰੀ ਖੇਤਰਾਂ ਵਿੱਚ 236 ਅਤੇ ਗ੍ਰਾਮੀਣ ਖੇਤਰਾਂ ਵਿੱਚ 428 ਕਲੀਨਿਕ ਕਾਰਜਸ਼ੀਲ ਹਨ ਅਤੇ ਇਹ ਸਾਰੇ ਰਜਿਸਟ੍ਰੇਸ਼ਨ, ਡਾਕਟਰੀ ਸਲਾਹ-ਮਸ਼ਵਰੇ, ਜਾਂਚ ਅਤੇ ਇਲਾਜ ਮੁਹੱਈਆ ਕਰਵਾਉਣ ਲਈ ਡਿਜੀਟਾਈਜ਼ੇਸ਼ਨ ਨਾਲ ਆਈ. ਟੀ. ਤੋਂ ਸਮਰੱਥ ਹਨ। ਇਸ ਦੇ ਨਤੀਜੇ ਵਜੋਂ ਮਰੀਜ਼ਾਂ ਨੂੰ ਰਜਿਸਟ੍ਰੇਸ਼ਨ ਤੋਂ ਲੈ ਕੇ ਇਲਾਜ ਲੈਣ ਤੱਕ ਦਾ ਸਮਾਂ ਕਾਫੀ ਘੱਟ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲੀਨਿਕਾਂ 'ਤੇ ਹੁਣ ਤੱਕ 70 ਲੱਖ ਤੋਂ ਵੱਧ ਮਰੀਜ਼ ਮੁਫ਼ਤ ਇਲਾਜ ਦਾ ਲਾਭ ਲੈ ਚੁੱਕੇ ਹਨ। ਇਸ ਨਾਲ ਨਾ ਸਿਰਫ ਸਿਹਤ ਸੇਵਾਵਾਂ ਵਿੱਚ ਕ੍ਰਾਂਤੀਕਾਰੀ ਸੁਧਾਰ ਹੋਇਆ ਹੈ ਬਲਕਿ ਮੈਡੀਕਲ ਖੇਤਰ ਵਿੱਚ ਬਹੁਤ ਸਾਰੇ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਰੁਜ਼ਗਾਰ ਵੀ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਆਮ ਆਦਮੀ ਕਲੀਨਿਕਾਂ ਦੇ ਮਾਡਲ ਦੀ ਸਫ਼ਲਤਾ ਦੀ ਅੰਤਰਰਾਸ਼ਟਰੀ ਪੱਧਰ ਤੱਕ ਚਰਚਾ ਹੋ ਰਹੀ ਹੈ।

# 30ਵੀਆਂ ਕਮਲਜੀਤ ਖੇਡਾਂ-2023 ਅਮਿੱਟ ਯਾਦਾਂ ਬਿਖੇਰਦੀਆਂ ਸਫਲਤਾਪੂਰਵਕ ਸੰਪੰਨ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪਿੰਡ ਕੋਟਲਾ ਸ਼ਾਹੀਆਂ ਵਿਖੇ 20 ਨਵੰਬਰ ਨੂੰ ਸ਼ੁਰੂ ਹੋਈਆਂ 30ਵੀਆਂ ਕਮਲਜੀਤ ਖੇਡਾਂ-2023 ਅਮਿੱਟ ਯਾਦਾਂ ਬਿਖੇਰਦੀਆਂ ਮੁੜ ਮਿਲਣ ਦੇ ਵਾਅਦੇ ਨਾਲ 23 ਨਵੰਬਰ ਨੂੰ ਸਫਲਤਾਪੂਰਵਕ ਸੰਪੰਨ ਹੋਈਆਂ। ਸਮਾਪਤੀ ਸਮਾਰੋਹ ਵਿੱਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਗੁਰਮੀਤ ਸਿੰਘ ਖੁੱਡੀਆਂ ਨੇ ਮਾਝੇ ਦੀਆਂ ਨਾਮਵਰ ਕਮਲਜੀਤ ਖੇਡਾਂ ਦੇ ਚੌਥੇ ਤੇ ਸਮਾਪਤੀ ਸਮਾਰੋਹ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਏਸ਼ੀਅਨ ਗੇਮਜ਼ ਦੇ ਮੈਡਲਿਸਟ 12 ਖਿਡਾਰੀਆਂ ਦਾ ਸਨਮਾਨ ਕੀਤਾ ਗਿਆ, ਲੱਖਾਂ ਰੁਪਏ ਦੇ ਨਗਦ ਇਨਾਮ ਅਤੇ ਜੇਤੂ ਖਿਡਾਰੀਆਂ ਨੂੰ ਮੋਟਰਸਾਈਕਲ ਇਨਾਮ ਵਿੱਚ ਵੰਡੇ। ਇਸ ਮੌਕੇ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਬਟਾਲਾ, ਉੱਘੇ ਕਵੀ ਅਤੇ ਲੇਖਕ ਗੁਰਭਜਨ ਸਿੰਘ ਗਿੱਲ, ਐਸ ਐਸ ਪੀ ਗੁਰਦਾਸਪੁਰ ਹਰੀਸ਼ ਦਾਯਮਾ, ਅਸ਼ਵਨੀ ਗੋਟਿਆਲ ਐਸ ਐਸ ਪੀ ਬਟਾਲਾ, ਸੁਭਾਸ਼ ਚੰਦਰ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ, ਸੁਰਜੀਤ ਸਪੋਰਟਸ ਐਸੋਸੀਏਸ਼ਨ ਰਜਿ. ਬਟਾਲਾ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਬਟਾਲਾ ਮੌਜੂਦ ਸਨ। ਸੁਰਜੀਤ ਕਮਲਜੀਤ ਖੇਡ ਕੰਪਲੈਕਸ ਕੋਟਲਾ ਸ਼ਾਹੀਆਂ ਵਿਖੇ ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਉਹ ਏਸ਼ੀਅਨ ਗੇਮਜ਼ ਦੇ ਮੈਡਲਿਸਟ ਖਿਡਾਰੀਆਂ ਨੂੰ ਸਨਮਾਨਤ ਕਰਕੇ ਮਾਣ ਮਹਿਸੂਸ ਕਰ ਰਹੇ ਹਨ, ਜਿਨ੍ਹਾਂ ਨੇ ਪੰਜਾਬ ਦਾ ਨਾਅ ਦੇਸ਼-ਵਿਦੇਸ਼ ਦੀ ਧਰਤੀ ਵਿੱਚ ਉੱਚਾ ਕੀਤਾ। ਉਨ੍ਹਾਂ ਖੇਡਾਂ ਦੇ ਮੁੱਖ ਪ੍ਰਬੰਧਕ ਅਤੇ ਵਿਧਾਇਕ ਸ਼ੈਰੀ ਕਲਸੀ ਅਤੇ ਸੁਰਜੀਤ ਸਪੋਰਟਸ ਐਸੋਸੀਏਸ਼ਨ ਰਜਿ. ਬਟਾਲਾ ਵਲੋਂ ਕਰਵਾਈਆਂ ਜਾਂਦੀਆਂ ਕਮਲਜੀਤ ਖੇਡਾਂ ਦੀ ਭਰਵੀਂ ਸਰਾਹਨਾ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਨੇ ਖੇਡ ਕਮੇਟੀ ਨੂੰ 11 ਲੱਖ ਰੁਪਏ (ਇਸ ਵਿੱਚੋਂ ਇੱਕ ਲੱਖ ਰੁਪਏ ਖਿਡਾਰਨ ਮੰਜੂ ਰਾਣੀ ਨੂੰ ) ਦੇਣ ਦਾ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਧਾਇਕ ਸ਼ੈਰੀ ਕਲਸੀ ਅਤੇ ਸੁਰਜੀਤ ਸਪੋਰਟਸ ਐਸੋਸੀਏਸ਼ਨ ਦਾ ਨਿਰੰਤਰ ਕਮਲਜੀਤ ਖੇਡਾਂ ਕਰਵਾਉਣ ਦੀ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਨੇ ਖੇਡ ਕਮੇਟੀ ਨੂੰ 5 ਲੱਖ ਰੁਪਏ (ਇੱਕ ਲੱਖ ਰੁਪਏ ਖਿਡਾਰਨ ਮੰਜੂ ਰਾਣੀ ਨੂੰ) ਦੇਣ ਦਾ ਐਲਾਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਗੁਰਮੀਤ ਸਿੰਘ ਖੁੱਡੀਆਂ ਅਤੇ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਮਲਜੀਤ ਖੇਡਾਂ-2023 ਵਿੱਚ ਵੱਖ-ਵੱਖ ਰਾਜਾਂ ਦੇ ਨਾਮਵਰ ਖਿਡਾਰੀਆਂ ਨੇ ਸ਼ਿਰਕਤ ਕੀਤੀ ਤੇ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਹਿੱਸਾ ਲਿਆ। ਉਨਾਂ ਕਮਲਜੀਤ ਖੇਡਾਂ ਦੀ ਸਮੁੱਚੀ ਪ੍ਰਬੰਧਕ ਟੀਮ, ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਸਮੂਹ ਹਲਕਾ ਵਾਸੀਆਂ, ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ, ਸਮਾਜਿਕ ਤੇ ਧਾਰਮਿਕ ਸ਼ਖਸੀਅਤਾਂ, ਖਿਡਾਰੀਆਂ ਤੇ ਮੀਡੀਆ ਸਾਥੀਆਂ ਆਦਿ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਕਮਲਜੀਤ ਖੇਡਾਂ ਸਫਲਤਾਪੂਰਵਕ ਸੰਪੰਨ ਹੋਈਆਂ। ਇਸ ਮੌਕੇ ਪ੍ਰਧਾਨ ਪ੍ਰਿਥੀਪਾਲ ਸਿੰਘ ਬਟਾਲਾ ਨੇ ਮੁੱਖ ਮਹਿਮਾਨ ਸਮੇਤ ਸਮੂਹ ਪ੍ਰਮੁੱਖ ਹਸਤੀਆਂ, ਸਿਵਲ ਤੇ ਪੁਲਸ ਪ੍ਰਸ਼ਾਸਨ, ਖਿਡਾਰੀਆਂ, ਸਮੁੱਚੀ ਪ੍ਰਬੰਧਕੀ ਟੀਮ, ਸਮਾਜ ਸੇਵੀਆਂ ਤੇ ਹਲਕਾ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਵਿਸ਼ਵ ਹਾਕੀ ਦੇ ਮਹਾਨ ਖਿਡਾਰੀ ਓਲੰਪੀਅਨ ਸੁਰਜੀਤ ਸਿੰਘ ਦੀ ਯਾਦ ਵਿੱਚ ਬਣੀ ਸੁਰਜੀਤ ਸਪਰੋਟਸ ਐਸੋ. ਵਲੋਂ ਕੋਟਲਾ ਸ਼ਾਹੀਆਂ ਵਿਖੇ ਆਪਣੇ ਵਿਛੜੇ ਕੌਮੀ ਪੱਧਰ 'ਤੇ ਅਥਲੀਟ ਕਮਲਜੀਤ ਸਿੰਘ ਦੀ ਯਾਦ ਵਿੱਚ ਪਿਛਲੇ 30 ਸਾਲਾਂ ਤੋਂ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਸ ਵਾਰ ਕਮਲਜੀਤ ਖੇਡਾਂ ਉੱਘੇ ਲੋਕ ਗਾਇਕ ਮਰਹੂਮ ਸੁਰਿੰਦਰ ਛਿੰਦਾ ਨੂੰ ਸਮਰਪਤ ਕੀਤੀਆਂ ਗਈਆਂ ਸਨ। ਇਸ ਤੋਂ ਪਹਿਲਾਂ ਕੋਟਲਾ ਸ਼ਾਹੀਆਂ ਦੇ ਖੇਡ ਸਟੇਡੀਅਮ ਵਿੱਚ ਪਹੁੰਚਣ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਗੁਰਦਾਸਪੁਰ ਦੀ ਧਰਤੀ 'ਤੇ ਮੰਤਰੀ ਬਣਨ ਉਪਰੰਤ ਪਹਿਲੀ ਵਾਰ ਆਉਣ 'ਤੇ ਪੁਲਸ ਵਲੋਂ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਖੇਡਾਂ ਦਾ ਸੋਵੀਨਾਰ ਜਾਰੀ ਕੀਤਾ ਗਿਆ ਤੇ ਕੈਬਨਿਟ ਮੰਤਰੀਆਂ ਸਮੇਤ ਪ੍ਰਮੁੱਖ ਹਸਤੀਆਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਵਰਿਆਮ ਸਿੰਘ ਗਿੱਲ ਅੰਮ੍ਰਿਤਸਰ, ਸਲਵਿੰਦਰ ਸਿੰਘ ਦੁਬਈ, ਸਾਬਕਾ ਆਈ ਜੀ ਗੁਰਪ੍ਰੀਤ ਸਿੰਘ ਤੂਰ, ਰਛਪਾਲ ਸਿੰਘ ਹੇਅਰ, ਗੁਰਬਖਸ਼ ਸਿੰਘ ਕੋਚ, ਜਸਵੰਤ ਸਿੰਘ ਜੱਸਾ, ਜੀਈ, ਬਲਜੀਤ ਸਿੰਘ, ਸਿੰਘ ਫਾਊਂਡੇਸ਼ਨ, ਇਮੀਗਰੇਸ਼ਨ ਗੁਰਦਾਸਪੁਰ, ਤਰੁਨ ਕਲਸੀ, ਨਿਸ਼ਾਨ ਸਿੰਘ ਰੰਧਾਵਾ, ਵਰੁਣ ਖੋਸਲਾ, ਕਸ਼ਮੀਰ ਸਿੰਘ, ਸੁਖਦੇਵ ਸਿੰਘ ਰੰਧਾਵਾ, ਦਵਿੰਦਰ ਸਿੰਘ ਕਾਲਾ ਨੰਗਲ, ਇੰਜੀ. ਜਗਦੀਸ਼ ਸਿੰਘ ਬਾਜਵਾ, ਰਣਜੀਤ ਸਿੰਘ ਠੇਕੇਦਾਰ, ਰਵਿੰਦਰਪਾਲ ਸਿੰਘ ਡੀ ਐਸ ਪੀ, ਨਿਰਮਲ ਸਿੰਘ ਨਾਇਬ ਤਹਿਸੀਲਦਾਰ, ਸਰਵਣਜੀਤ ਸਿੰਘ ਡੀ ਐਸ ਪੀ, ਕਿਰਪਾਲ ਸਿੰਘ ਢਿੱਲੋਂ ਮੁੱਖ ਖੇਤੀਬਾੜੀ ਅਫਸਰ, ਡਾ. ਸ਼ਾਮ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਡਾ. ਕੁਲਵੰਤ ਸਿੰਘ ਸੋਹਲ, ਬਲਜੀਤ ਸਿੰਘ ਕਾਲਾਨੰਗਲ, ਤੇਜਪਰਤਾਪ ਸਿੰਘ ਰੰਧਾਵਾ, ਸੁਰਜੀਤ ਸਿੰਘ, ਨਵਦੀਪ ਸਿੰਘ ਗਿੱਲ, ਜਸਵਿੰਦਰ ਸਿੰਘ ਬਾਵਾ, ਪ੍ਰਿੰਸੀਪਲ ਮੁਸ਼ਤਾਕ ਗਿੱਲ, ਸੰਜੀਵ ਗੁਪਤਾ ਠੇਕੇਦਾਰ, ਕਰਮਪਾਲ ਸਿੰਘ ਢਿੱਲੋਂ, ਪ੍ਰਿੰਸੀਪਲ ਕੁਲਤਾਜ ਸਿੰਘ ਮਿਲੇਨੀਅਮ ਸਕੂਲ ਬਟਾਲਾ, ਸੁਖਦੇਵ ਸਿੰਘ ਬਾਊ ਔਲਖ, ਗੁਰਦੇਵ ਸਿੰਘ, ਰਾਜਵਿੰਦਰ ਸਿੰਘ, ਮਨਜੀਤ ਸਿੰਘ ਭੁੱਲਰ, ਦਵਿੰਦਰ ਸਿੰਘ ਕਾਲਾਨੰਗਲ, ਸਿਮਰਨਜੀਤ ਸਿੰਘ ਰੰਧਾਵਾ, ਜਸਵੰਤ ਸਿੰਘ ਢਿੱਲੋਂ, ਬਲਰਾਜ ਸਿੰਘ ਵਾਲੀਵਾਲ ਕੋਚਿੰਗ, ਖੁਸ਼ਕਰਨ ਸਿੰਘ, ਸਕੱਤਰ ਐਸੋਸੀਏਸ਼ਨ, ਸਿਮਰਨਜੀਤ ਸਿੰਘ ਰੰਧਾਵਾ, ਕੁਲਬੀਰ ਸਿੰਘ ਜੀ ਈ, ਪ੍ਰੋਫੈਸਰ ਬਲਬੀਰ ਸਿੰਘ ਕੋਲਾ, ਪ੍ਰੋਫੈਸਰ ਦਲਜੀਤ ਸਿੰਘ, ਹਜੂਰ ਸਿੰਘ , ਮਨਦੀਪ ਸਿੰਘ ਗਿੱਲ ਜਿਲਾ ਯੂਥ ਪ੍ਰਧਾਨ, ਬੰਟੀ ਟਰੈਂਡਜ, ਕੁਲਬੀਰ ਸਿੰਘ, ਦਿਲਬਾਗ ਸਿੰਘ, ਬਲਕਾਰ ਸਿੰਘ, ਸਰਮੁੱਖ ਸਿੰਘ, ਨਿਰਾਦੀ ਸਿੰਘ, ਮਨੋਹਰ ਸਿੰਘ, ਮਲਕੀਤ ਸਿੰਘ, ਨਿੱਕੂ ਹੰਸਪਾਲ, ਮਾਣਿਕ ਮਹਿਤਾ ਤੇ ਰੋਬਿਨ ਸਿੰਘ ਆਦਿ ਹਾਜ਼ਰ ਸਨ।

Regd. Office: YES BANK House, Off Western Express Highway, Sa

# ਡਿਪਟੀ ਕਮਿਸ਼ਨਰ ਨੇ ਨਜਾਇਜ਼ ਮਾਈਨਿੰਗ ਨੂੰ ਰੋਕਣ ਸੰਬੰਧੀ ਸਤਲੁਜ ਦਰਿਆ 'ਤੇ ਕੀਤੀ ਚੈਕਿੰਗ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਸ਼ੁੱਕਰਵਾਰ ਨੂੰ ਸਤਲੁਜ ਦਰਿਆ ਵਿੱਚ ਅਚਨਚੇਤ ਚੈਕਿੰਗ ਕੀਤੀ ਅਤੇ ਨਜ਼ਾਇਜ ਮਾਈਨਿੰਗ ਨੂੰ ਰੋਕਣ ਸੰਬੰਧੀ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ 'ਤੇ ਐਸ.ਡੀ.ਐਮ. ਨਵਾਂਸ਼ਹਿਰ ਸ਼ਿਵਰਾਜ ਸਿੰਘ ਬੱਲ ਵੀ ਉਨ੍ਹਾਂ ਨਾਲ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਦਰਿਆ 'ਚ ਅਵੈਧ ਮਾਈਨਿੰਗ ਸਬੰਧੀ ਸੂਚਨਾਵਾਂ ਮਿਲ ਰਹੀਆਂ ਸਨ। ਇਸ ਸਬੰਧੀ ਸਤਲੁਜ ਦਰਿਆ ਵਿਖੇ ਅਚਨਚੇਤ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਵੀ ਦੋ ਵਾਰੀ ਚੈਕਿੰਗ ਕੀਤੀ ਗਈ ਸੀ ਅਤੇ ਸਮਾਲ ਅਪਰੇਟਰਾਂ ਵੱਲੋਂ ਇੱਥੇ ਨਜਾਇਜ ਮਾਈਨਿੰਗ ਕੀਤੀ ਜਾ ਰਹੀ ਸੀ ਜਿਸ ਤੇ ਪੋਕਲੈਨ ਕਬਜੇ ਵਿੱਚ ਲੈ ਕੇ ਪਰਚਾ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਮਾਈਨਿੰਗ ਵਾਲੀ ਜਗ੍ਹਾ 'ਤੇ ਖੱਡੇ ਪੁੱਟ ਕੇ ਅਵੈਧ ਮਾਈਨਿੰਗ ਕੀਤੀ ਗਈ ਹੈ ਜੋ ਕਿ ਸਮਾਲ ਅਪਰੇਟਰ ਟਰੈਕਟਰ ਟਰਾਲੀਆਂ ਰਾਹੀਂ ਕੀਤੀ ਲੱਗਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਬੰਧਤ ਵਿਭਾਗ ਅਤੇ ਪੁਲਸ ਅਧਿਕਾਰੀਆਂ ਨੂੰ ਜਾਂਚ ਕਰਨ ਦੇ ਨਿਰਦੇਸ਼ ਦੇ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਜ਼ਾਇਜ ਮਾਈਨਿੰਗ ਨੂੰ ਰੋਕਣ ਲਈ ਪੁਖਤਾ ਪ੍ਰਬੰਧਕ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਰਾਤ ਦੇ ਸਮੇਂ ਦਰਿਆ 'ਤੇ ਪੈਟਰੋਲਿੰਗ ਪਾਰਟੀਆਂ ਵੱਲੋਂ ਪੈਟਰੋਲਿੰਗ ਕੀਤੀ ਜਾਂਦੀ ਹੈ ਪਰ ਦਰਿਆ ਦਾ ਏਰੀਆ 50-60 ਕਿਲੋਮੀਟਰ ਦਾ ਹੈ ਅਤੇ ਦਰਿਆ ਵਿੱਚ ਕਿਤੋਂ ਵੀ ਐਂਟਰੀ ਹੋ ਸਕਦੀ ਹੈ। ਦਰਿਆ ਨੂੰ ਲਗਭਗ 30 ਸੜਕਾਂ ਲੱਗਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਵੀ ਦੇਖਣ ਵਿੱਚ ਆਇਆ ਕਿ ਕੁਝ ਪਿੰਡਾਂ ਦੇ ਲੋਕ ਆਪਣੇ ਵਾਸਤੇ ਦਰਿਆ ਵਿਚੋਂ ਰੇਤਾ ਦੀਆਂ ਟਰਾਲੀਆਂ ਭਰ ਲੈਂਦੇ ਹਨ ਜੋ ਕਿ ਕਾਨੂੰਨੀ ਤੌਰ 'ਤੇ ਗਲਤ ਹੈ। ਉਨ੍ਹਾਂ ਨੂੰ ਸਰਕਾਰ ਵੱਲੋਂ ਚਲਾਈ ਜਾ ਰਹੀਆਂ ਖੱਡਾਂ ਵਿਚੋਂ ਹੀ ਰੇਤਾ ਲੈਣੀ ਚਾਹੀਦੀ ਹੈ।

# ਕਸਬੇ 'ਚ ਲੱਗ ਰਹੇ ਲੰਮੇ ਜਾਮ ਤੋਂ ਰਾਹਗੀਰ ਪ੍ਰੇਸ਼ਾਨ

**ਮਾਹਿਲਪੁਰ (ਸਫਰੀ)**-ਕਸਬਾ ਮਾਹਿਲਪੁਰ ਵਿੱਚ ਰੋਜਾਨਾ ਲੰਮੇ ਲੰਮੇ ਲੱਗ ਰਹੇ ਜਾਮ ਤੋਂ ਇਲਾਕਾ ਵਾਸੀਆਂ ਨੂੰ ਸੜਕ ਪਾਰ ਕਰਨ ਲਈ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜਦੋਂ ਇਸ ਬਾਰੇ ਨਵੇਂ ਆਏ ਥਾਣਾ ਮੁਖੀ ਮਾਹਿਲਪੁਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਜੋ ਲੋਕ ਟ੍ਰੈਫਿਕ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਉਹ ਹੀ ਜਾਮ ਲੱਗਣ ਦਾ ਕਾਰਨ ਬਣਦੇ ਹਨ। ਕਸਬਾ ਮਾਹਲਪੁਰ ਵਿੱਚ ਚੰਡੀਗੜ੍ਹ ਰੋਡ, ਫਗਵਾੜਾ ਰੋਡ ਤੇ ਜੇਜੋਂ ਦੋਆਬਾ ਰੋਡ 'ਤੇ ਦੁਕਾਨਦਾਰਾਂ ਨੇ ਸੜਕ ਤਕ ਕਬਜਾ ਕੀਤਾ ਹੋਇਆ ਹੈ। ਜਾਮ ਲੱਗਣ ਦਾ ਇਹ ਵੀ ਇੱਕ ਬੜਾ ਕਾਰਨ ਹੈ । ਪਰ ਨਗਰ ਪੰਚਾਇਤ ਕਮੇਟੀ ਵਾਲੇ ਕੁੰਭਕਰਨੀ ਨੀਂਦ ਸੁੱਤੇ ਪਏ ਹਨ । ਇਕ ਗ੍ਰਾਹਕ ਨੇ ਜਦੋਂ ਕਿਸੀ ਦੁਕਾਨ ਤੋਂ ਕੁੱਛ ਖਰੀਦੋ ਫਰੋਖਤ ਕਰਨੀ ਹੁੰਦੀ ਹੈ ਤਾਂ ਉਸਨੂੰ ਘੱਟੋ ਘੱਟ ਚਾਰ ਹੱਦਾਂ ਪਾਰ ਕਰਨੀਆਂ ਪੈਂਦੀਆਂ ਹਨ। ਪਹਿਲਾਂ ਤਾਂ ਸੜਕ ਪਾਰ ਕਰਨੀ ਦੂਜਾ ਦੁਕਾਨ ਦੇ ਮੋਹਰੇ ਸਬਜੀ ਜਾਂ ਮੂੰਗਫਲੀ ਆਦਿ ਦੀ ਰੇਹੜੀ ਤੀਜਾ ਦੁਕਾਨ ਦੇ ਮੋਹਰੇ ਗ੍ਰਾਹਕਾਂ ਦੇ ਸਾਈਕਲ ਸਕੂਟਰ ਚੌਥਾ ਦੁਕਾਨਦਾਰ ਆਪਣਾ ਸੌਦਾ ਜੋ ਦੁਕਾਨ ਦੇ ਅੰਦਰ ਘੱਟ ਤੇ ਬਾਹਰ ਜ਼ਿਆਦਾ ਹੁੰਦਾ ਹੈ। ਉਹਨਾਂ ਕਿਹਾ ਕਿ ਸਾਡੇ ਕਰਮਚਾਰੀ ਮਾਹਿਲਪੁਰ ਦੇ ਮੇਨ ਚੌਕ ਵਿੱਚ ਬੜੀ ਮੁਸ਼ਕਲ ਨਾਲ ਇਨ੍ਹਾਂ ਔਕੜਾਂ ਦਾ ਸਾਹਮਣਾ ਕਰਕੇ ਆਉਣ ਜਾਣ ਵਾਲਿਆਂ ਨੂੰ ਸੁਰੱਖਿਆ ਮੁਹੱਈਆ ਕਰ ਰਹੇ ਹਨ।



ਸਾਡੇ ਕਰਮਚਾਰੀ ਆਪਣੀ ਡਿਊਟੀ ਬਹੁਤ ਵਧੀਆ ਤਰੀਕੇ ਨਾਲ ਨਿਭਾਅ ਰਹੇ ਹਨ ,ਪਰ ਆਮ ਨਾਗਰਿਕ ਨੂੰ ਨਿਯਮਾਂ ਦੀ ਪਾਲਣਾ ਕਰਨੀ ਅਤੀ ਜਰੂਰੀ ਹੈ, ਇਹਨਾਂ ਦੇ ਸਹਿਯੋਗ ਨਾਲ ਇਸ ਸਮੱਸਿਆ ਹੱਲ ਹੋ ਸਕਦਾ ਹੈ। ਬਾਕੀ ਕਮੇਟੀ ਵਾਲਿਆਂ ਨੂੰ ਚਾਹੀਦਾ ਹੈ ਕਿ ਦੁਕਾਨਦਾਰਾਂ ਨੂੰ ਆਪਣਾ ਸਮਾਨ ਦੁਕਾਨ ਦੇ ਅੰਦਰ ਹੀ ਰੱਖਣ ਦੇ ਸਖਤ ਤੋਂ ਸਖਤ ਹੁਕਮ ਜਾਰੀ ਕਰਨ। ਜਦੋਂ ਇਸ ਬਾਰੇ ਕਾਰਜਕਾਰੀ ਅਫਸਰ ਅਵਤਾਰ ਸੇਖੜੀ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹਨ ਨੇ ਹਮੇਸ਼ਾ ਦੀ ਤਰ੍ਹਾਂ ਫੂਨ ਨਹੀਂ ਚੁੱਕਿਆ।

# ਭਾਸ਼ਾ ਵਿਭਾਗ ਵੱਲੋਂ ਲਗਾਇਆ ਚਾਰ ਦਿਨਾ ਪੁਸਤਕ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੂਰਨ

**ਮੋਹਾਲੀ, (ਗੁਰਜੀਤ ਬਿੱਲਾ)**

ਭਾਸ਼ਾ ਵਿਭਾਗ ਪੰਜਾਬ ਵੱਲੋਂ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਪਹਿਲਕਦਮੀ 'ਤੇ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ, ਫੇਸ 6 , ਮੋਹਾਲੀ ਵਿਖੇ ਲਾਇਆ ਗਿਆ ਪੰਜਾਬੀ ਮਾਹ ਨੂੰ ਸਮਰਪਿਤ ਚਾਰ ਦਿਨਾ ਪੁਸਤਕ ਮੇਲਾ ਵੀਰਵਾਰ ਬਾਅਦ ਦੁਪਹਿਰ ਮਿੱਠੀਆਂ ਯਾਦਾਂ ਛੱਡਦਾ ਸੰਪੂਰਨ ਹੋ ਗਿਆ। ਮੋਹਾਲੀ ਅਤੇ ਚੰਡੀਗੜ੍ਹ 'ਚ ਪਹਿਲੀ ਵਾਰ ਏਨੇ ਵੱਡੇ ਪੱਧਰ 'ਤੇ ਲਾਈ ਪੁਸਤਕ ਪ੍ਰਦਰਸ਼ਨੀ ਦੇ ਨਾਲ-ਨਾਲ ਇਹ ਪੁਸਤਕ ਮੇਲਾ ਸਾਹਿਤਿਕ ਗੋਸ਼ਟੀਆਂ, ਸਾਰਥਕ ਵਿਚਾਰਾਂ ਅਤੇ ਸਭਿਆਚਾਰਕ ਵੰਨਗੀਆਂ ਨੂੰ ਇੱਕ ਮਹੱਤਵਪੂਰਣ ਮੰਚ ਪ੍ਰਦਾਨ ਕਰਨ ਦਾ ਅਹਿਮ ਜ਼ਰੀਆ ਵੀ ਹੋ ਨਿੱਬੜਿਆ। ਜ਼ਿਲ੍ਹਾ ਭਾਸ਼ਾ ਅਫ਼ਸਰ, ਡਾ. ਦਵਿੰਦਰ ਸਿੰਘ ਬੋਹਾ, ਜਿਨ੍ਹਾਂ ਇਸ ਚਾਰ ਦਿਨਾਂ ਪੁਸਤਕ ਮੇਲੇ ਨੂੰ ਭਾਸ਼ਾ ਵਿਭਾਗ ਦੇ ਉੱਚ ਅਧਿਕਾਰੀਆਂ ਦੀ ਅਗਵਾਈ 'ਚ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ, ਨੇ ਦੱਸਿਆ ਕਿ ਇਸ ਪੁਸਤਕ ਮੇਲੇ ਵਿਚ ਪੰਜਾਬ, ਚੰਡੀਗੜ੍ਹ, ਹਰਿਆਣਾ ਅਤੇ ਦਿੱਲੀ ਦੇ ਲਗਭਗ 30 ਪੁਸਤਕ ਵਿਕ੍ਰੇਤਾਵਾਂ ਵੱਲੋਂ ਆਪਣੀਆਂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ। ਇਸ ਮੌਕੇ ਪੰਜਾਬੀ ਅੱਖਰਕਾਰਾਂ ਸਰਬੱਤ ਅੱਖਰਕਾਰੀ, ਪੰਜਾਬੀ ਕਲਮਕਾਰੀ ਅਤੇ ਸਾਹਿਬੁ ਆਰਟ ਵੱਲੋਂ ਵੀ ਆਪਣੀ ਅੱਖਰਕਾਰੀ ਦੀ ਖ਼ੂਬਸੂਰਤ ਪ੍ਰਦਰਸ਼ਨੀ ਲਗਾਈ ਗਈ ਸੀ। ਇਸ ਪੁਸਤਕ ਮੇਲੇ ਦੀ ਪ੍ਰਾਪਤੀ ਪੁਸਤਕ ਪ੍ਰਦਰਸ਼ਨੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਬਾਰੇ ਅੱਠ ਸੈਸ਼ਨਾਂ ਵਿਚ ਵੰਡ ਕੇ ਕੀਤੀਆਂ ਗੋਸ਼ਟੀਆਂ ਸਨ, ਜਿਨ੍ਹਾਂ ਨੂੰ ਵੱਖ-ਵੱਖ ਵਿਦਵਾਨਾਂ, ਚਿੰਤਕਾਂ, ਸਾਹਿਤਕਾਰਾਂ, ਪਾਠਕਾਂ ਆਦਿ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਸਾਰਥਕ ਵਿਚਾਰ ਚਰਚਾ ਹੋਈ।

ਇਸ ਮੇਲੇ ਦੇ ਆਖ਼ਰੀ ਦਿਨ ਦੇ ਦੋਵੇਂ ਸੈਸ਼ਨ ਬਹੁਤ ਅਹਿਮ ਸਨ। ਪਹਿਲੇ ਸੈਸ਼ਨ ਵਿਚ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਬਜ਼ੁਰਗ ਕਵੀਆਂ ਦਾ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ 20 ਦੇ ਕਰੀਬ ਕਵੀਆਂ ਵੱਲੋਂ ਆਪਣੀਆਂ ਰਚਨਾਵਾਂ ਨਾਲ ਸ਼ਮੂਲੀਅਤ ਕੀਤੀ ਗਈ। ਸੈਸ਼ਨ ਪ੍ਰਧਾਨਗੀ ਉੱਘੀ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਅਤੇ ਉੱਘੇ ਗ਼ਜ਼ਲਗੋ ਸਿਰੀ ਰਾਮ ਅਰਸ਼ ਵੱਲੋਂ ਕੀਤੀ ਗਈ। ਮੁੱਖ ਮਹਿਮਾਨ ਵਜੋਂ ਸ੍ਰੋਮਣੀ ਸ਼ਾਇਰਾ ਮਨਜੀਤ ਇੰਦਰਾ ਵੱਲੋਂ ਸ਼ਿਰਕਤ ਕੀਤੀ ਗਈ। ਕਵਿਤਾ ਪਾਠ ਲਈ ਜ਼ਿਲ੍ਹੇ ਦੇ ਨਾਮਵਰ ਕਵੀਆਂ ਅਤੇ ਕਵਿੱਤਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸੈਸ਼ਨ ਦੇ ਆਰੰਭ ਵਿਚ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ ਅਤੇ ਸ੍ਰੋਤਿਆਂ ਨੂੰ ਜੀ ਆਇਆਂ ਨੂੰ ਕਿਹਾ ਗਿਆ ਅਤੇ ਸਮੁੱਚੇ ਸਮਾਗਮ ਦੀ ਰੂਪਰੇਖਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਸ਼ਾਇਰਾ ਸੁਖਵਿੰਦਰ ਅੰਮ੍ਰਿਤ ਵੱਲੋਂ ਸਫ਼ਲ ਪੁਸਤਕ ਮੇਲੇ ਦੀ ਮੁਬਾਰਕਬਾਦ ਦਿੰਦਿਆਂ ਆਪਣੀਆਂ ਗ਼ਜ਼ਲਾਂ ਦੇ ਸ਼ੇਅਰ ਅਤੇ 'ਮੇਰੀ ਮਾਤ ਬੋਲੀ' ਕਵਿਤਾ ਸੁਣਾਈ ਗਈ। ਸ਼ਾਇਰਾ ਮਨਜੀਤ ਇੰਦਰਾ ਵੱਲੋਂ ਮੋਹਾਲੀ ਵਿਚ ਪਹਿਲੀ ਵਾਰ ਪੁਸਤਕ ਮੇਲੇ ਵਰਗੇ ਕਾਮਯਾਬ ਯਤਨ ਲਈ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਸ਼ਲਾਘਾ ਕੀਤੀ ਗਈ ਅਤੇ 'ਦੀਵਾ ਜਗਾ ਕੇ ਰੱਖਾਂਗੇ ਕਿੱਥੇ' ਨਜ਼ਮ ਤਰੰਨੁਮ ਵਿਚ ਗਾ ਕੇ ਮਾਹੌਲ ਖ਼ੁਸ਼ਨੁਮਾ ਬਣਾਦਿੱਤਾ। ਗ਼ਜ਼ਲਗੋ ਸਿਰੀ ਰਾਮ ਅਰਸ਼ ਵੱਲੋਂ ਵੀ ਆਪਣੇ ਸ਼ੇਅਰ ਸ੍ਰੋਤਿਆਂ ਨਾਲ ਸਾਂਝੇ ਕਰਦਿਆਂ ਪੁਸਤਕ ਮੇਲੇ ਵਰਗੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸੁਰਿੰਦਰ ਗਿੱਲ ਵੱਲੋਂ 'ਧੀ ਧਿਆਣੀ ਨੂੰ', ਸੁਰਜੀਤ ਬੈਂਸ ਵੱਲੋਂ 'ਪਾਣੀਆਂ ਦਾ ਵਹਿਣ ਹਾਂ', ਗੁਰਨਾਮ ਕੰਵਰ ਵੱਲੋਂ 'ਮੇਰੀ



ਕਵਿਤਾ ਗੁੰਮ ਹੈ', ਬਲਕਾਰ ਸਿੰਘ ਸਿੱਧੂ ਵੱਲੋਂ 'ਉਡੀਕ', ਮਨਜੀਤ ਮੀਤ ਵੱਲੋਂ 'ਫੌਜੀ ਅਤੇ ਫੌਜਣ', ਪਰਮਜੀਤ ਪਰਮ ਵੱਲੋਂ 'ਇਮਤਿਹਾਨ', ਰਾਜਿੰਦਰ ਕੌਰ ਵੱਲੋਂ 'ਸਾਰੇ ਪਿਤਾਮਾ', 'ਉਸ ਰਾਤ' ਅਤੇ 'ਫੇਰ ਕਦੇ', ਮਨਜੀਤ ਪਾਲ ਸਿੰਘ ਵੱਲੋਂ 'ਹੋਇਐ ਕਿਸ ਦੇ ਹੱਥੋਂ', ਗੁਰਚਰਨ ਸਿੰਘ ਵੱਲੋਂ 'ਦੋਸਤੀਆਂ ਦਰਿਆਵਾਂ ਨਾਲ', ਭਗਤ ਰਾਮ ਰੰਗਾੜਾ ਵੱਲੋਂ 'ਪੰਜਾਬ ਦੇ ਦਰਿਆ', ਗੁਰਦਰਸ਼ਨ ਸਿੰਘ ਮਾਵੀ ਵੱਲੋਂ 'ਬੁਢਾਪਾ', ਰਾਜਵਿੰਦਰ ਸਿੰਘ ਗੱਡੂ ਵੱਲੋਂ 'ਸਾਡੇ ਬਜ਼ੁਰਗ ਸਾਡਾ ਮਾਣ' ਅਤੇ 'ਆਪਣਾ ਅਤੇ ਪਰਾਇਆ', ਅਵਤਾਰ ਪਤੰਗ ਵੱਲੋਂ 'ਮੈਂ ਜੋ ਹਾਂ', ਪਾਲ ਅਜਨਬੀ ਵੱਲੋਂ 'ਨਵਾਂ ਆਲ੍ਹਣਾ' ਅਤੇ 'ਸ਼ਾਇਦ ਮੈਂ ਜ਼ਿੰਦਾ ਨਹੀਂ ਹਾਂ', ਕੇਵਲਜੀਤ ਕੰਵਲ ਵੱਲੋਂ 'ਸੜਕਾਂ 'ਤੇ', ਬਲਜੀਤ ਕੌਰ ਮੋਹਾਲੀ ਵੱਲੋਂ 'ਮੈਂ ਔਰਤ ਹਾਂ', ਅਤੇ ਦਰਸ਼ਨ ਸਿੰਘ ਬਨੂੜ ਵੱਲੋਂ 'ਬੱਚਿਆਂ ਨੂੰ ਰੱਖੂ ਕੌਣ ਵਿਰਸੇ ਨਾਲ ਜੋੜ ਕੇ' ਆਦਿ ਕਵਿਤਾਵਾਂ ਦਾ ਪਾਠ ਕੀਤਾ ਗਿਆ। ਬਲਵਿੰਦਰ ਢਿੱਲੋਂ ਵੱਲੋਂ 'ਹੀਰ' ਅਤੇ ਬਾਬੂ ਰਜਬ ਅਲੀ ਦੀ ਛੰਦਬੰਦੀ, ਭੁਪਿੰਦਰ ਮਟੌਰੀਆ ਵੱਲੋਂ ਪੁਆਧੀ ਗੀਤ, ਮੋਹਨ ਸਿੰਘ ਪ੍ਰੀਤ ਵੱਲੋਂ 'ਆਜਾ ਜਿੰਦੂਆ' ਗੀਤ, ਧਿਆਨ ਸਿੰਘ ਕਾਹਲੋਂ ਵੱਲੋਂ ਗੀਤ ਗਾ ਕੇ ਸ੍ਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ ਗਿਆ। ਕਵੀ ਦਰਬਾਰ ਉਪਰੰਤ ਪੁਸਤਕ ਮੇਲੇ ਦੇ ਅਖੀਰਲੇ ਸੈਸ਼ਨ ਵਿਚ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਆਂ ਸਟੈਨੋਗ੍ਰਾਫੀ ਸਿਖਿਆਰਥਣਾਂ ਵੱਲੋਂ ਗਿੱਧਾ, ਝੂੰਮਰ, ਭੰਗੜਾ ਆਦਿ ਸਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਨਾਲ ਮੇਲਾ ਅਮਿੱਟ ਪੈੜਾਂ ਪਾ ਗਿਆ। ਇਨ੍ਹਾਂ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਅਤੇ ਇਸ ਰਾਜ ਪੱਧਰੀ ਚਾਰ ਰੋਜਾ ਪੁਸਤਕ ਮੇਲੇ ਨੂੰ ਯਾਦਗਾਰ ਬਣਾ ਦਿੱਤਾ। ਅੰਤ ਵਿੱਚ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਕਵੀ ਸਾਹਿਬਾਨਾਂ ਅਤੇ ਸਿਖਿਆਰਥਣਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ ਅਤੇ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਮੰਚ ਸੰਚਾਲਨ ਖੋਜ ਅਫ਼ਸਰ ਡਾ. ਦਰਸ਼ਨ ਕੌਰ ਅਤੇ ਬਲਕਾਰ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਮਾਗਮ ਵਿਚ ਪਹੁੰਚੀਆਂ ਸਾਰੀਆਂ ਸ਼ਖ਼ਸੀਅਤਾਂ ਵੱਲੋਂ ਇਸ ਪੁਸਤਕ ਮੇਲੇ ਦੇ ਸਫ਼ਲ ਪ੍ਰਬੰਧਾਂ ਲਈ ਦਫ਼ਤਰ ਜ਼ਿਲ੍ਹਾ ਭਾਸ਼ਾ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਰੱਜਵੀਂ ਪ੍ਰਸ਼ੰਸਾ ਕੀਤੀ ਗਈ ਅਤੇ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ ਲਈ ਕਿਹਾ।

# ਚਾਰੇ ਪਾਸੇ ਕੂੜੇ ਦੇ ਢੇਰ ਕਰਦੇ ਨੇ ਸਵਾਗਤ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਸ਼ਹਿਰ ਦੀ ਬਦਕਿਸਮਤੀ ਹੈ ਕਿ ਚੰਗਾ ਨਗਰ ਪ੍ਰਸ਼ਾਸ਼ਨ ਕਦੀ ਨਹੀਂ ਮਿਲਿਆ। ਨੂਰਮਹਿਲ ਸ਼ਹਿਰ ਦੇ ਆਲੇ-ਦੁਆਲੇ ਤੇ ਸ਼ਹਿਰ ਵਿਚ ਕੂੜੇ ਦੇ ਢੇਰ ਆਉਣ ਜਾਣ ਵਾਲਿਆਂ ਦਾ ਸਵਾਗਤ ਕਰਦੇ ਦੇਖੇ ਜਾ ਸਕਦੇ ਹਨ। ਗੁਰਪ੍ਰੀਤ ਸਿੰਘ ਸਿੱਧੂ ਖੇਤੀਬਾੜੀ ਅਫਸਰ ਤੇ ਸੁਖਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਦੱਸਿਆ ਕਿ ਬਲਾਕ ਖੇਤੀਬਾੜੀ ਦਫਤਰ ਦੇ ਸਾਹਮਣੇ ਏਨਾ ਵੱਡਾ ਕੂੜੇ ਦਾ ਢੇਰ ਹਰ ਸਮੇਂ ਲੱਗਿਆ ਰਹਿੰਦਾ ਹੈ। ਜਿਸ ਬਾਰੇ ਅਸੀਂ ਕਈ ਵਾਰੀ ਨਗਰ ਕੌਂਸਲ ਨੂੰ ਲਿਖਤੀ ਦੇ ਚੁੱਕੇ ਹਾਂ। ਪਰ ਨਗਰ ਕੌਂਸ਼ਲ ਦੇ ਕੰਨਾਂ ਉੱਪਰ ਜੂੰ ਨਹੀਂ ਸਰਕੀ। ਉਨ੍ਹਾਂ ਦੱਸਿਆ ਕਿ ਇਸ ਦਫਤਰ ਵਿਚ ਵੀ. ਆਈ. ਪੀ. ਤੇ ਆਮ ਲੋਕਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਕੂੜੇ ਦੇ ਢੇਰ ਦੀ ਬਦਬੂ ਦਫਤਰ ਦੇ ਅੰਦਰ ਤੱਕ ਆਉਦੀ ਹੈ ਤੇ ਸਫਾਈ ਨਾ ਹੋਣ ਕਾਰਣ ਮੱਛਰਾਂ ਨਾਲ ਲੋਕ ਬੀਮਾਰ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਜਗ੍ਹਾ ਤੇ ਨਗਰ ਕੌਂਸਲ ਦਾ ਕੋਈ ਵੀ ਪੁਆਇੰਟ ਨਹੀਂ ਹੈ। ਉੱਪਰ ਸਫਾਈ ਕਰਮਚਾਰੀ ਵੀ ਸ਼ਹਿਰ ਦਾ ਕੂੜਾ ਚੁੱਕ ਕੇ ਇਸ ਜਗ੍ਹਾ ਤੇ ਸੁੱਟ ਕੇ ਚਲੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਉਹ ਛੇਤੀ ਹੀ ਡਿਪਟੀ ਕਮਿਸ਼ਨਰ ਜਲੰਧਰ ਤੇ ਐਸ. ਡੀ. ਐਚ ਫਿਲੌਰ ਨੂੰ ਸ਼ਿਕਾਇਤ ਕਰਨ ਜਾ ਰਹੇ ਹਨ। ਉਨ੍ਹਾਂ ਨਗਰ ਕੌਂਸਲ ਤੋਂ ਮੰਗ ਕੀਤੀ ਕਿ ਇਸ ਜਗ੍ਹਾ ਤੋਂ ਕੂੜੇ ਨੂੰ ਚੁੱਕਿਆ ਜਾਵੇ ਤੇ ਅੱਗੇ ਤੋਂ ਲੋਕਾਂ ਨੂੰ ਸੁੱਟਣ ਤੋਂ ਮਨ੍ਹਾ ਕੀਤਾ ਜਾਵੇ।

# ਪਰਾਲੀ ਨਾ ਸਾੜਨ ਵਾਲੇ ਕਿਸਾਨ ਸਨਮਾਨ ਦੇ ਪਾਤਰ : ਐੱਸ ਡੀ ਐਮ ਬੰਗਾ

**ਬਹਿਰਾਮ (ਅਵਤਾਰ ਕਲੇਰ)**

ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਝੋਨੇ ਦੀ ਪਰਾਲੀ ਅਤੇ ਹੋਰ ਫਸਲੀ ਰਹਿੰਦ-ਖੂੰਹਦ ਦੇ ਸੁੱਚਜੇ ਪ੍ਰਬੰਧ ਲਈ ਚਲਾਈ ਜਾ ਰਹੀ ਮੁਹਿਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਖੇਤੀਬਾੜੀ ਅਫਸਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਦੇਵ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਫਤਰ ਖੇਤੀਬਾੜੀ ਬਾਹੜੋਵਾਲ ਵਿਖੇ ਸੀ.ਆਰ.ਐਮ. ਸਕੀਮ ਤਹਿਤ ਕਿਸਾਨ ਸਨਮਾਨ ਸਮਾਰੋਹ ਆਯੋਜਿਤ ਕੀਤਾ, ਜਿਸ ਵਿੱਚ ਐੱਸ ਡੀ ਐਮ ਬੰਗਾ ਜਸ਼ਨਜੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨਾਂ ਨੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਸਨਮਾਨਤ ਕੀਤਾ ਤੇ ਕਿਹਾ ਇਹਨਾਂ ਕਿਸਾਨਾਂ ਨੇ ਸਰਕਾਰੀ ਹਦਾਇਤਾਂ ਦੀ ਪਾਲਨਾ ਕੀਤੀ,ਵਾਤਾਵਰਣ ਪ੍ਰਦੂਸ਼ਣ ਰੋਕਣ ਅਤੇ ਖੇਤਾਂ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਡਾ. ਲਛਮਣ ਦਾਸ ਖੇਤੀਬਾੜੀ ਅਫਸਰ ਬੰਗਾ ਨੇ ਕਿਹਾ ਕਿ ਜਮੀਨ ਦੀ ਉਪਜਾਊ ਸ਼ਕਤੀ ਲਈ ਪਰਾਲੀ ਨੂੰ ਖੇਤਾਂ ਵਿੱਚ ਮਲਚਿੰਗ ਕਰਕੇ ਕਣਕ ਦੀ ਬਿਜਾਈ ਨੂੰ ਤਰਜੀਹ ਦੇਣ। ਕਿਸਾਨ ਸਬਸਿਡੀ ਵਾਲੀਆਂ ਮਸ਼ੀਨਾਂ ਤੋਂ ਪੂਰੀ ਸਮਰੱਥਾ ਨਾਲ ਕੰਮ ਲੈਣ ਤਾਂ ਜੋ ਪਰਾਲੀ ਸਾੜਨ ਦਾ ਰੁਝਾਨ ਰੁਕੇ। ਸੁਖਜਿੰਦਰ ਪਾਲ ਏ ਡੀ ਓ, ਸੁਰਿੰਦਰਪਾਲ ਸਿੰਘ , ਵਿਕਰਮ ਸਿੰਘ ਏ ਈ ਓ ਵਲੋਂ ਵੀ ਮਿੱਟੀ ਪਰਖ,ਤੇਲ ਬੀਜ ਫਸਲਾਂ ਅਤੇ ਦਾਲਾ ਦੀ ਖੇਤੀ ਕਰਨ ਲਈ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਸਰਪ੍ਰੀਤ ਕੌਰ ਭੂਮੀ ਰੱਖਿਆ ਅਫਸਰ ਨੇ ਵੀ ਵਿਭਾਗੀ ਸਕੀਮਾਂ ਤੋਂ ਕਿਸਾਨਾਂ ਨੂੰ ਜਾਗਰੂਕ ਕੀਤਾ। ਇਸ ਮੌਕੇ 'ਤੇ ਜਸਵੀਰ ਸਿੰਘ ਨਾਇਬ ਤਹਿਸੀਲਦਾਰ ਬੰਗਾ ਵੀ ਹਾਜਰ ਹੋਏ। ਹਰਬਿੰਦਰ ਸਿੰਘ, ਟੀ ਸੀ, ਕੁਲਦੀਪ ਸਿੰਘ ਨੋਡਲ ਅਫਸਰ,ਸੰਦੀਪ ਗੰਗਰ ਤੋਂ ਇਲਾਵਾ ਬਲਜੀਤ ਸਿੰਘ ,ਰਾਮਜੀਤ, ਓਂਕਾਰ ਸਿੰਘ ਸੰਧਵਾਂ, ਗਗਨਦੀਪ ਸਿੰਘ, ਮੁਖਤਿਆਰ ਸਿੰਘ ਕੰਗਰੋੜ, ਰਜਿੰਦਰ ਸਿੰਘ ਕਲੇਰਾਂ, ਕਟਾਰੀਆਂ ਤੋਂ ਜੁਝਾਰ ਸਿੰਘ ਗੁਰਦੀਪ ਸਿੰਘ, ਸ਼ਮਸ਼ੇਰ ਸਿੰਘ, ਜਸਵਿੰਦਰ ਸਿੰਘ, ਬਲਿਹਾਰ ਸਿੰਘ ਭਰੋਲੀ, ਬਲਵੀਰ ਭੌਰਾ, ਇੰਦਰਜੀਤ ਸਿੰਘ ਬਾਲੋ, ਰਾਜਕੁਮਾਰ ਸਰਪੰਚ ਮੇਹਲੀਆਣਾ , ਦਵਿੰਦਰ ਖਮਚੋਂ, ਬਲਵੀਰ ਸਿੰਘ ਜੰਡਿਆਲੀ ਅਤੇ ਹੋਰ ਕਿਸਾਨ ਹਾਜਰ ਸਨ।




# ਸੈਂਕੜਿਆਂ ਦੀ ਗਿਣਤੀ 'ਚ ਕਿਸਾਨ ਭਲਕੇ ਜਾਣਗੇ ਚੰਡੀਗੜ੍ਹ : ਖਹਿਰਾ



**ਮਹਿਤਪੁਰ (ਰਾਜਾ)**

ਭਾਰਤੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਜਲੰਧਰ ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਕੇਵਲ ਸਿੰਘ ਖਹਿਰਾ ਜ਼ਿਲ੍ਹਾ ਪ੍ਰਧਾਨ, ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ ਦੀ ਅਗਵਾਈ ਵਿੱਚ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਅਤੇ ਕੌਮੀ ਜਨਰਲ ਸਕੱਤਰ ਪੰਜਾਬ ਸੁੱਖ ਗਿੱਲ ਮੋਗਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੁੱਖ ਗਿੱਲ ਮੋਗਾ ਨੇ ਸਰਬਸੰਮਤੀ ਨਾਲ ਡਾ.ਐਮ ਪੀ ਸਿੰਘ ਰਾਏਪੁਰ ਰਾਈਆਂ ਨੂੰ ਬਲਾਕ ਨੂਰਮਹਿਲ ਦਾ, ਸੁਖਵਿੰਦਰ ਸਿੰਘ ਸਰਪੰਚ ਪਰਜੀਆਂ ਖੁਰਦ ਨੂੰ ਬਲਾਕ ਸ਼ਾਹਕੋਟ ਦਾ ਅਤੇ ਸੈਕਟਰੀ ਤਜਿੰਦਰ ਸਿੰਘ ਸਿੱਧਵਾਂ ਬੇਟ ਨੂੰ ਸਿੱਧਵਾਂ ਬੇਟ ਬਲਾਕ ਦਾ ਪ੍ਰਧਾਨ ਐਲਾਨਿਆ ਗਿਆ, ਇਕਬਾਲ ਸਿੰਘ ਲੋਹਗੜ੍ਹ ਨੂੰ ਯੂਥ ਜਨਰਲ ਸਕੱਤਰ ਬਲਾਕ ਮਹਿਤਪੁਰ, ਰਣਜੀਤ ਸਿੰਘ ਕੋਹਾੜ ਨੂੰ ਰਾਏਪੁਰ ਰਾਈਆਂ ਦਾ ਇਕਾਈ ਪ੍ਰਧਾਨ, ਅਸ਼ੋਕ ਕੁਮਾਰ ਸੀ. ਮੀਤ ਪ੍ਰਧਾਨ, ਕੁਲਵੰਤ ਸਿੰਘ ਜਨਰਲ ਸਕੱਤਰ 17 ਪਰਵਾਰਾਂ ਨਾਲ ਸ਼ਾਮਲ ਹੋਏ। ਇਸ ਤੋਂ ਬਾਅਦ ਕੁਲਦੀਪ ਸਿੰਘ ਗੱਬਰ ਇਕਾਈ ਪ੍ਰਧਾਨ ਹਸਨ ਬੁਰਜ, ਸੀ.ਮੀਤ ਪ੍ਰਧਾਨ ਗੁਰਮੁਖ ਸਿੰਘ 15 ਪਰਵਾਰਾਂ ਨਾਲ ਸ਼ਾਮਲ ਹੋਏ। ਸੁੱਖ ਗਿੱਲ ਮੋਗਾ, ਕੇਵਲ ਸਿੰਘ ਖਹਿਰਾ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਨੇ ਕਿਹਾ ਕੇ 26 ਨਵੰਬਰ ਨੂੰ ਜਲੰਧਰ ਜ਼ਿਲ੍ਹੇ 'ਚੋਂ ਸੈਂਕੜੇ ਕਿਸਾਨ ਟ੍ਰੈਕਟਰ ਟ੍ਰਾਲੀਆਂ ਗੱਡੀਆਂ ਆਦਿ 'ਤੇ ਚੰਡੀਗੜ੍ਹ ਜਾਣਗੇ। ਇਹਨਾਂ ਆਗੂਆਂ ਨੇ ਕਿਹਾ ਕੇ ਜਥੇਬੰਦੀ ਨੇ ਹਮੇਸ਼ਾ ਲੋਕਾਂ ਦਾ ਸਾਥ ਦਿੱਤਾ ਹੈ ਅਤੇ ਆਸ ਹੈ ਕੇ ਆਮ ਕਿਸਾਨ ਵੀ ਇਸ ਮੋਰਚੇ ਵਿੱਚ ਸਾਡਾ ਸਾਥ ਦੇਣਗੇ। ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਕਿਸਾਨਾਂ ਦੀਆਂ ਮੰਗਾਂ ਜਿਵੇਂ ਕੇ ਅਬਾਦਕਾਰਾਂ ਦੀਆਂ ਜਮੀਨਾਂ ਦਾ ਮਸਲਾ, ਪੂਰਨ ਕਰਜ ਮੁਆਫੀ, ਫਸਲਾਂ ਦਾ ਮੁਆਵਜਾ, ਆਲੂ, ਮੱਕੀ, ਮੂੰਗੀ, ਬਾਸਮਤੀ ਤੇ ਐਮ ਐਸ ਪੀ ਲੈਣਾ, ਪਰਾਲੀ ਦੇ ਪਰਚੇ ਰੱਦ ਕਰਵਾਉਣੇ, ਰੈਡ ਐਂਟਰੀਆਂ, ਪਾਸਪੋਰਟ ਰੱਦ, ਅਸਲੇ ਲਾਇਸੈਂਸ ਬਹਾਲ ਕਰਵਾਉਣੇ, ਚਿੱਪ ਵਾਲੇ ਮੀਟਰ ਬੰਦ ਕਰਵਾਉਣੇ, ਪਾਣੀਆਂ ਦੇ ਮਸਲੇ ਨੂੰ ਹੱਲ ਕਰਵਾਉਣੇ ਆਦਿ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਮੋਰਚਾ ਲੱਗ ਰਿਹਾ ਹੈ। ਇਸ ਮੌਕੇ ਦਵਿੰਦਰ ਸਿੰਘ ਕੋਟ ਈਸੇ ਖਾਂ ਇਕਾਈ ਪ੍ਰਧਾਨ, ਲਖਬੀਰ ਸਿੰਘ ਮੁੱਖ ਸਲਾਹਕਾਰ, ਜਸਵੰਤ ਸਿੰਘ ਸਰਪੰਚ ਲੋਹਗੜ੍ਹ, ਰਮਨਜੀਤ ਸਿੰਘ ਸਮਰਾ, ਪੀਟਰ ਬਾਲੋਕੀ, ਜਸਵੀਰ ਸਿੰਘ ਝੁੱਗੀ, ਸੋਡੀ ਸਰਪੰਚ, ਸੋਡੀ ਕਾਸੂਪੁਰੀਆ, ਪਰਮਜੀਤ, ਜਸਬੀਰ ਭੱਦਵਾਂ, ਗੁਰਮੁੱਖ ਸਿੰਘ ਭੱਦਵਾਂ, ਸਰਪੰਚ ਗੁਰਮੁੱਖ ਸਿੰਘ, ਜਸਬੀਰ ਸਿੰਘ ਲਾਡੀ, ਦਲਜੀਤ ਸਿੰਘ ਬਾਬਾ, ਪਾਲ ਸਿੰਘ ਬੀਟਲ ਆਦਿ ਕਿਸਾਨ ਹਾਜਰ ਸਨ।

# ਔਲਖ ਵਿਖੇ ਆਯੂਸ਼ਮਾਨ ਕਾਰਡ ਤੇ ਆਭਾ ਆਈ ਡੀ ਬਣਾਉਣ ਸੰਬੰਧੀ ਸੁਵਿਧਾ ਕੈਂਪ

**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**

ਭਾਰਤ ਸਰਕਾਰ ਦੇ ਹੁਕਮਾਂ ਤਹਿਤ ਸਿਹਤ ਵਿਭਾਗ ਵਲੋਂ ਜ਼ਿਲ੍ਹਾ ਸਿਵਲ ਸਰਜਨ ਡਾ. ਪਰਮਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਬਲਾਕ ਨੂਰਪੁਰਬੇਦੀ ਦੇ ਵੱਖ-ਵੱਖ ਪਿੰਡਾਂ 'ਚ ਆਯੂਸ਼ਮਾਨ ਕਾਰਡ ਤੇ ਆਭਾ ਆਈ ਡੀ ਬਣਾਉਣ ਲਈ ਸੁਵਿਧਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ । ਇਸੇ ਕੜੀ ਤਹਿਤ ਹੀ ਖੇਤਰ ਦੇ ਪਿੰਡ ਔਲਖ ਵਿਖੇ ਵੀ ਸਿਹਤ ਵਿਭਾਗ ਦੀ ਟੀਮ ਵੱਲੋਂ ਕੈਂਪ ਲਗਾ ਕੇ ਆਨ ਲਾਈਨ ਪੋਰਟਲ ਰਾਹੀਂ ਲਗਭਗ 15 ਵਿਅਕਤੀਆਂ ਦੇ ਆਯੂਸ਼ਮਾਨ ਕਾਰਡ ਤੇ 20 ਦੀਆਂ ਆਭਾ ਆਈਡੀ ਤਿਆਰ ਕੀਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆ ਡਾ.ਵਿਧਾਨ ਚੰਦਰ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਆਸ਼ਾ ਵਰਕਰ, ਏ.ਐਨ.ਐਮ ਤੇ ਵੀ.ਐੱਲ.ਈ ਦੀ ਟੀਮ ਦੇ ਸਹਿਯੋਗ ਨਾਲ ਬਲਾਕ ਦੇ ਸਮੁੱਚੇ ਪਿੰਡਾਂ ਚ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤੇ ਵੱਡੀ ਗਿਣਤੀ ਪਿੰਡਾਂ 'ਚ ਲਗਭਗ 150 ਕੈਂਪ ਲਗਾਕੇ ਇਹ ਕੰਮ ਮੁਕੰਮਲ ਕਰ ਲਿਆ ਗਿਆ ਤੇ ਜਲਦ ਹੀ ਰਹਿੰਦੇ ਪਿੰਡਾਂ 'ਚ ਇਸ ਦਾ ਕੰਮ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਖੇਤਰ ਦੇ ਹਰ ਵਿਅਕਤੀ ਨੂੰ ਇਸ ਸਹੂਲਤ ਦਾ ਲਾਭ ਲੈਣ ਦੀ ਅਪੀਲ ਕੀਤੀ। ਇਸ ਮੌਕੇ ਸਰਪੰਚ ਦਲਜੀਤ ਸਿੰਘ, ਆਸ਼ਾ ਵਰਕਰ ਰਣਜੀਤ ਕੌਰ, ਲਕਸ਼ਮਣ ਦਾਸ, ਵੀ.ਐੱਲ.ਈ ਪ੍ਰਦੀਪ ਧੀਮਾਨ, ਰਾਮ ਸਰੂਪ, ਸੁਨੀਲ ਕੁਮਾਰ, ਜਗਦੀਸ਼ ਰਾਮ ਆਦਿ ਹਾਜਰ ਸਨ।



# ਸੁਰੇਂਦਰ ਲਾਂਬਾ ਨੇ ਐਸ ਐਸ ਪੀ ਵਜੋਂ ਚਾਰਜ ਸੰਭਾਲਿਆ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**

2013 ਬੈਚ ਦੇ ਆਈ. ਪੀ. ਐਸ ਅਫਸਰ ਸੁਰੇਂਦਰ ਲਾਂਬਾ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਐਸ. ਐਸ. ਪੀ ਵਜੋਂ ਆਪਣਾ ਚਾਰਜ ਸੰਭਾਲ ਲਿਆ। ਇਸ ਤੋਂ ਪਹਿਲਾਂ ਉਹ ਸੰਗਰੂਰ ਜ਼ਿਲ੍ਹੇ ਦੇ ਐਸ. ਐਸ. ਪੀ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਹੱਦੀ ਜ਼ਿਲ੍ਹਾ ਹੋਣ ਕਾਰਨ ਹੁਸ਼ਿਆਰਪੁਰ ਇਕ ਸੰਵੇਦਨਸ਼ੀਲ ਜ਼ਿਲ੍ਹਾ ਹੈ ਅਤੇ ਇਥੇ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਅਪਰਾਧੀ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ ਅਤੇ ਆਮ ਲੋਕਾਂ ਦੀਆਂ ਦੁੱਖ-ਤਕਲੀਫ਼ਾਂ ਜਲਦ ਅਤੇ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣਗੀਆਂ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੀ ਸ਼ਿਕਾਇਤ ਸਬੰਧਤ ਥਾਣੇ ਜਾਂ ਚੌਕੀ ਵਿਚ ਹੀ ਦਰਜ ਕਰਵਾਉਣ ਅਤੇ ਜੇਕਰ ਉਥੇ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ ਤਾਂ ਹੀ ਉਹ ਐਸ. ਐਸ. ਪੀ ਦਫ਼ਤਰ ਨਾਲ ਸੰਪਰਕ ਕਰਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮੂਹ ਚੌਕੀਆਂ ਅਤੇ ਥਾਣਿਆਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਫਿਰਕੂ ਏਕਤਾ ਅਤੇ ਸਦਭਾਵਨਾ ਬਣਾਈ ਰੱਖਣ ਲਈ ਜ਼ਿਲ੍ਹਾ ਪੁਲਸ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵੱਡੀ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤਹਿਤ ਪਹਿਲਾ ਕੰਮ ਨੌਜਵਾਨਾਂ ਨੂੰ ਨਸ਼ਿਆਂ ਦੇ ਜਾਲ 'ਚੋਂ ਬਾਹਰ ਕੱਢਣ ਦਾ ਕੀਤਾ ਜਾਵੇਗਾ ਅਤੇ ਦੂਜਾ ਕੰਮ ਨਸ਼ਿਆਂ ਨੂੰ ਪੈਸੇ ਕਮਾਉਣ ਦਾ ਧੰਦਾ ਬਣਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦਾ ਹੋਵੇਗਾ। ਇਸ ਤੋਂ ਪਹਿਲਾਂ ਹੁਸ਼ਿਆਰਪੁਰ ਪਹੁੰਚਣ 'ਤੇ ਪੁਲਸ ਵੱਲੋਂ ਉਨ੍ਹਾਂ ਨੂੰ ਸ਼ਾਨਦਾਰ ਸਲਾਮੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਪੁਲਸ ਦੇ ਸਮੂਹ ਆਹਲਾ ਅਧਿਕਾਰੀ ਹਾਜ਼ਰ ਸਨ।



# ਲਾਇਨਜ਼ ਕਲੱਬ ਵੱਲੋਂ 735 ਮਰੀਜ਼ਾਂ ਦੀਆਂ ਅੱਖਾਂ ਦੇ ਸਫਲ ਫ੍ਰੀ ਅਪ੍ਰੇਸ਼ਨ



**ਆਦਮਪੁਰ (ਪਰਮਜੀਤ ਸਿੰਘ)**

ਲਾਇਨਜ ਕਲੱਬ ਆਦਮਪੁਰ ਦੋਆਬਾ ਵੱਲੋਂ ਲਾਇਨਜ ਆਈ ਹਸਪਤਾਲ ਚੈਰੀਟੇਬਲ ਟ੍ਰਸਟ ਦੀ ਦੇਖ ਰੇਖ ਹੇਠ ਅਤੇ ਆਈਜ਼ ਫਾਰ ਦ ਵਰਲਡ ਕੈਨੇਡਾ, ਸੰਤ ਵਤਨ ਸਿੰਘ ਨੰਬਰਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟ੍ਰਸਟ ਦੇ ਸਹਿਯੋਗ ਨਾਲ ਚੱਲ ਰਹੇ ਮੈਗਾ ਆਈ ਅਪ੍ਰੇਸ਼ਨ ਕੈਂਪ ਦੇ ਛੇਵੇਂ ਦਿਨ ਅਪਰੇਸ਼ਨਾਂ ਵਾਲੇ ਮਰੀਜਾਂ ਦੀ ਰਵਾਨਗੀ ਮੌਕੇ ਸੰਖੇਪ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਸ਼ੇਸ਼ ਮਹਿਮਾਨ ਵਜੋਂ ਲਾਲਾ ਬਸੰਤ ਲਾਲ ਕਪੂਰ ਅਤੇ ਐਨਆਰਆਈ ਪਰਮਜੀਤ ਸੀਨ ਰਾਏ ਵਿਸ਼ੇਸ਼ ਤੌਰ 'ਤੇ ਹਾਜਰ ਰਹੇ। ਕਪੂਰ ਨੇ ਕਿਹਾ ਕਿ ਉਨਾਂ ਨੂੰ ਬੜੀ ਖੁਸ਼ੀ ਹੈ ਕਿ 1999 ਵਿੱਚ ਉਨਾਂ ਦੇ ਸਹਿਯੋਗ ਨਾਲ ਅੱਖਾਂ ਦੀ ਸੇਵਾ ਸ਼ੁਰੂ ਕਰਦਿਆਂ ਅੱਜ ਇਹ ਯੱਗ ਵਿਸ਼ਾਲ ਰੂਪ ਧਾਰਣ ਕਰ ਚੁੱਕਾ ਹੈ ਜਿੱਥੇ ਹਰ ਸਾਲ ਹਜਾਰਾਂ ਦੀ ਗਿਣਤੀ ਵਿੱਚ ਜ਼ਰੂਰਤਮੰਦ ਲੋਕਾਂ ਦੇ ਮੁਫ਼ਤ ਅਪ੍ਰੇਸ਼ਨ ਹੋ ਰਹੇ ਹਨ। ਕੈਨੇਡਾ ਤੋਂ ਪਹੁੰਚੇ ਜਤਿੰਦਰ ਜੇ ਮਿਨਹਾਸ ਨੇ ਸਮੂਹ ਮਰੀਜਾਂ ਦਾ ਹਾਲ ਚਾਲ ਜਾਨਣ ਉਪਰੰਤ ਦੱਸਿਆ ਕਿ ਆਉਣ ਵਾਲੇ ਸਮੇਂ ਅੰਦਰ ਹਸਪਤਾਲ ਅੰਦਰ ਹੋਰ ਵੀ ਨਵੀਂ ਟੈਕਨੋਲਜੀ ਰਾਹੀਂ ਲੋਕਾਂ ਦੀ ਸੇਵਾ ਜਾਰੀ ਰੱਖਣਗੇ। ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਨੇ ਖ਼ਾਸ ਤੌਰ 'ਤੇ ਮਰੀਜਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਉਨਾਂ ਦੀਆਂ ਅਸੀਸਾਂ ਹਨ ਕਿ ਹਸਪਤਾਲ ਹੁਣ ਮਲਟੀ ਸਪੈਸ਼ਲਿਟੀ ਵੱਲ ਵੱਧ ਰਿਹਾ ਹੈ। ਕਲੱਬ ਦੇ ਪ੍ਰਧਾਨ ਅਕਸ਼ਰਦੀਪ ਸ਼ਰਮਾ,ਅਮਰਜੀਤ ਸਿੰਘ ਭੋਗਪੁਰੀਆ ਤੇ ਰਾਜ ਕੁਮਾਰ ਪਾਲ ਨੇ ਸਭਨਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਰਾਜਵੀਰ ਸਿੰਘ ਵਿਰਦੀ, ਕੁਲਵੀਰ ਸਿੰਘ, ਹਰਵਿੰਦਰ ਸਿੰਘ ਪ੍ਰਹਾਰ, ਜੈ ਕਪੂਰ, ਖੜਕ ਸਿੰਘ ਅਤੇ ਹੋਰ ਲਾਈਨ ਮੈਂਬਰ ਹਾਜਰ ਸਨ।

# ਪੱਤਰਕਾਰ ਗੁਰਨਾਮ ਸਾਗਰ ਨੂੰ ਸਦਮਾ, ਪੁੱਤਰੀ ਦੀ ਮੌਤ

**ਮੋਹਾਲੀ (ਗੁਰਜੀਤ ਬਿੱਲਾ)**

ਮੋਹਾਲੀ ਤੋਂ ਪੱਤਰਕਾਰ ਗੁਰਨਾਮ ਸਿੰਘ ਸਾਗਰ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਕਿ ਉਨਾਂ ਦੀ ਬੇਟੀ ਸਹਿਬਜੋਤ ਕੌਰ ਕਟਾਰੀਆ (16 ਸਾਲ) ਸੰਖੇਪ ਬਿਮਾਰੀ ਕਾਰਨ ਹਸਪਤਾਲ ਵਿੱਚ ਮੌਤ ਹੋ ਗਈ। ਉਨਾਂ ਦਾ ਸਸਕਾਰ ਉਨਾਂ ਦੇ ਪਿੰਡ ਰੁੜਕੀ ਪੁਖਤਾ ਦੇ ਸ਼ਮਸਾਨ ਘਾਟ ਵਿੱਚ ਕੀਤਾ ਗਿਆ। ਇਸ ਮੌਕੇ ਮੋਹਾਲੀ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸ਼ਾਹੀ, ਜਨਰਲ ਸਕੱਤਰ ਸੁਖਦੇਵ ਸਿੰਘ ਪਟਵਾਰੀ, ਮੀਤ ਪ੍ਰਧਾਨ ਸੁਸ਼ੀਲ ਗਰਚਾ, ਕੁਲਵੰਤ ਕੋਟਲੀ ਨੇ ਹਾਜਰੀ ਭਰੀ ਤੇ ਸਾਗਰ ਨਾਲ ਦੁੱਖ ਸਾਂਝਾ ਕੀਤਾ। ਬੀਬਾ ਸਹਿਬਜੋਤ ਕੌਰ ਬਾਰਵੀਂ ਕਲਾਸ ਵਿੱਚ ਪੜ੍ਹਦੀ ਸੀ। ਅਚਾਨਕ ਉਨਾਂ ਨੂੰ ਡੇਂਗੂ ਦੀ ਸ਼ਿਕਾਇਤ ਹੋਈ ਤਾਂ ਪਹਿਲਾਂ ਉਨਾਂ ਨੂੰ ਖਰੜ ਦੇ ਹਸਪਤਾਲ ਦਾਖਿਲ ਕਰਵਾਇਆ ਗਿਆ। ਬਾਅਦ ਵਿੱਚ ਉਨਾਂ ਦੀ ਤਬੀਅਤ ਵਿਗੜਨ ਕਾਰਨ ਮੋਹਾਲੀ ਦੇ ਹਸਪਤਾਲ ਦਾਖਲ ਕਰਵਾਇਆ ਗਿਆ ਜਿਥੇ ਉਨਾਂ ਆਖਰੀ ਸਾਹ ਲਿਆ। ਉਨਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਤੇ ਕੀਰਤਨ 3 ਦਸੰਬਰ ਨੂੰ ਪਿੰਡ ਰੁੜਕੀ ਪੁਖਤਾ, ਨੇੜੇ ਟੋਲ ਪਲਾਜਾ ਭਾਗੋਮਾਜਰਾ ਦੇ ਗੁਰਦੁਆਰਾ ਅਮਰਦਾਸ ਸਹਿਬ ਵਿਖੇ 1 ਵਜੇ ਬਾਅਦ ਦੁਪਹਿਰ ਤੋਂ 2 ਵਜੇ ਤੱਕ ਹੋਣਗੇ।



## ਜੌੜਾਮਾਜਰਾ ਵੱਲੋਂ ਪੱਤਰਕਾਰ ਧਾਲੀਵਾਲ ਦੀ ਮਾਤਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, (ਕ੍ਰਿਸ਼ਨ ਗਰਗ ) ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਅਤੇ ਜਸਟਿਸ (ਸੇਵਾ-ਮੁਕਤ) ਪਰਮਜੀਤ ਸਿੰਘ ਧਾਲੀਵਾਲ ਦੀ ਮਾਤਾ ਹਰਦਿਆਲ ਕੌਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। 95 ਵਰ੍ਹਿਆਂ ਦੇ ਮਾਤਾ ਹਰਦਿਆਲ ਕੌਰ ਨੇ ਅੱਜ ਦੁਪਹਿਰ ਆਖਰੀ ਸਾਹ ਲਿਆ।. ਜੌੜਾਮਾਜਰਾ ਨੇ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਿਛੜੀ ਆਤਮਾ ਦੀ ਸ਼ਾਂਤੀ ਅਤੇ ਪਰਵਾਰਕ ਮੈਂਬਰਾਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਵਾਸਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ।

# ਵਿਕਾਸ ਦੇ ਨਾਂਅ 'ਤੇ ਕੁਲਵੰਤ ਸਿੰਘ ਫੋਕੀ ਵਾਹ-ਵਾਹ ਖੱਟਣ ਦੀ ਕੋਸ਼ਿਸ਼ 'ਚ : ਸਿੱਧੂ

**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**

ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਉਹਨਾਂ ਵਲੋਂ ਮੋਹਾਲੀ ਹਲਕੇ ਦੇ ਕਰਵਾਏ ਗਏ ਵਿਕਾਸ ਕਾਰਜਾਂ ਉਤੇ ਆਪਣਾ ਠੱਪਾ ਲਾਕੇ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਆਪਣੀ ਫੋਕੀ ਵਾਹ-ਵਾਹ ਖੱਟਣ ਦੀ ਕੋਸ਼ਿਸ਼ ਕਰ ਰਹੇ ਹਨ। ਸਿੱਧੂ ਨੇ ਕਿਹਾ ਕਿ ਬੀਤੇ ਦਿਨ ਵਿਧਾਇਕ ਕੁਲਵੰਤ ਸਿੰਘ ਹਲਕੇ ਦੇ ਪਿੰਡ ਬਰਿਆਲੀ ਵਿਚ ਕਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਿੰਡ ਦੇ 70 ਵਸਨੀਕਾਂ ਨੂੰ ਪੰਜ-ਪੰਜ ਮਰਲੇ ਦੇ ਰਿਹਾਇਸ਼ੀ ਪਲਾਟ ਦੇ ਰਹੀ ਹੈ। ਉਹਨਾਂ ਨੇ ਕਿਹਾ ਕਿ ਪਰ ਸਚਾਈ ਇਹ ਹੈ ਕਿ ਇਹਨਾਂ ਵਸਨੀਕਾਂ ਨੂੰ ਇਹ ਪੰਜ-ਪੰਜ ਮਰਲੇ ਦੇ ਪਲਾਟ ਕਾਂਗਰਸੀ ਸਰਕਾਰ ਸਮੇਂ ਹੀ ਦਿੱਤੇ ਜਾ ਚੁੱਕੇ ਸਨ। ਉਹਨਾਂ ਹੋਰ ਦਸਿਆ ਕਿ ਨਾ ਸਿਰਫ ਬਰਿਆਲੀ ਬਲਕਿ ਕੁਰੜਾ, ਕੁਰੜੀ, ਰਾਇਪੁਰ ਦਾਊਂ ਅਤੇ ਸਨੇਟਾ ਪਿੰਡਾਂ ਦੇ ਵਸਨੀਕਾਂ ਨੂੰ ਵੀ ਪੰਜ ਪੰਜ ਮਰਲੇ ਦੇ ਪਲਾਟ ਦਿੱਤੇ ਜਾ ਚੁੱਕੇ ਹਨ। ਸਾਬਕਾ ਸਿਹਤ ਮੰਤਰੀ ਨੇ ਕਿਹਾ ਕਿ ਵਿਧਾਇਕ ਕੁਲਵੰਤ ਸਿੰਘ ਨੇ ਆਪਣੀ ਸਰਕਾਰ ਦੇ ਡੇਢ ਸਾਲ ਦੇ ਅਰਸੇ ਦੌਰਾਨ ਹਲਕੇ ਵਿਚ ਇਕ ਧੇਲੇ ਦਾ ਵੀ ਵਿਕਾਸ ਨਹੀਂ ਕਰਵਾਇਆ ਅਤੇ ਇਸ ਲਈ ਹੀ ਉਹਨਾਂ ਨੂੰ ਪਹਿਲਾਂ ਹੋ ਚੁੱਕੇ ਜਾਂ ਸ਼ੁਰੂ ਕਰਵਾਏ ਗਏ ਵਿਕਾਸ ਕਾਰਜਾਂ ਉੱਤੇ ਆਪਣਾ ਠੱਪਾ ਲਾ ਕੇ ਆਪਣੇ ਆਪ ਨੂੰ ਤਸੱਲੀ ਦੇਣੀ ਪੈ ਰਹੀ ਹੈ। ਉਹਨਾਂ ਕੁਲਵੰਤ ਸਿੰਘ ਨੂੰ ਪੁੱਛਿਆ ਕਿ ਉਹ ਅਜਿਹਾ ਕਰ ਕੇ ਕਿਸ ਨੂੰ ਪ੍ਰਭਾਵਤ ਕਰ ਰਹੇ ਹਨ ਕਿਉਂਕਿ ਜਿਹੜੇ ਲੋਕਾਂ ਦੇ ਸਾਹਮਣੇ ਪੰਜ-ਪੰਜ ਮਰਲੇ ਦੇ ਪਲਾਟ ਦੇਣ ਬਾਰੇ ਦਾਅਵੇ ਕਰ ਰਿਹਾ ਹੈ ਉਹਨਾਂ ਨੂੰ ਤਾਂ ਸਾਰੀ ਸਚਾਈ ਪਤਾ ਹੀ ਹੈ। ਸਿੱਧੂ ਨੇ ਕਿਹਾ ਕਿ ਵਿਧਾਇਕ ਤੇ ਮੰਤਰੀ ਹੁੰਦਿਆਂ ਮੋਹਾਲੀ ਨੇ ਸਿਹਤ, ਸਿੱਖਿਆ, ਮੈਡੀਕਲ ਅਤੇ ਬੁਨਿਆਦੀ ਢਾਂਚੇ ਵਿਚ ਬਹੁਤ ਤਰੱਕੀ ਕੀਤੀ ਹੈ। ਉਹਨਾਂ ਦਾਅਵਾ ਕੀਤਾ ਕਿ ਮੋਹਾਲੀ ਨੂੰ ਆਮ ਸ਼ਹਿਰ ਤੋਂ ਇਕ ਮੈਟਰੋਪੋਲਟਿਨ ਸ਼ਹਿਰ ਦੇ ਬਰਾਬਰ ਲਿਆ ਕੇ ਖੜਾ ਕਰਨ ਵਿਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਕਾਂਗਰਸੀ ਆਗੂ ਨੇ ਕਿਹਾ ਕਿ ਕੁਲਵੰਤ ਸਿੰਘ ਨੂੰ ਹੋਰਨਾਂ ਉਤੇ ਦੋਸ ਲਾਉਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠਾ ਸੋਟਾ ਜ਼ਰੂਰ ਮਾਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੋਹਾਲੀ ਦੇ ਲੋਕਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਕਿਸ ਵਿਅਕਤੀ ਨੇ ਸ਼ਹਿਰ ਦੇ ਵਿਕਾਸ ਵਿਚ ਕੀ ਹਿੱਸਾ ਪਾਇਆ ਹੈ ਅਤੇ ਕਿਸ ਵਿਅਕਤੀ ਨੇ ਸ਼ਹਿਰ ਦੇ ਵਿਕਾਸ ਦੀ ਕੀਮਤ ਉਤੇ ਆਪਣਾ ਵਿਕਾਸ ਕੀਤਾ ਹੈ। ਸਿੱਧੂ ਨੇ ਕੁਲਵੰਤ ਸਿੰਘ ਨੂੰ ਸਲਾਹ ਦਿਤੀ ਕਿ ਆਪਣੇ ਸਿਆਸੀ ਵਿਰੋਧੀਆਂ ਨੂੰ ਭੰਡਣ ਉਤੇ ਜੋਰ ਲਾਉਣ ਦੀ ਥਾਂ ਉਹ ਇਹੀ ਸਮਾਂ ਤੇ ਸ਼ਕਤੀ ਹਲਕੇ ਵਿਕਾਸ ਲਈ ਲਾਇਆ ਕਰਨ।

# ਉਸਾਰੀ ਕਿਰਤੀਆਂ ਦੀ ਭਲਾਈ ਲਈ 2 ਕਰੋੜ 83 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ

**ਜਲੰਧਰ, (ਸ਼ੈਲੀ ਐਲਬਰਟ)**

ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਲੋਂ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਅਧੀਨ ਜ਼ਿਲ੍ਹੇ ਵਿੱਚ ਰਜਿਸਟਰਡ 1146 ਉਸਾਰੀ ਕਿਰਤੀਆਂ ਲਈ ਵੱਖ-ਵੱਖ ਭਲਾਈ ਸਕੀਮਾਂ ਤਹਿਤ 2,83,92000 ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹੇ ਦੇ ਕਿਰਤੀਆਂ ਦੀ ਭਲਾਈ ਲਈ ਪਾਬੰਦ ਹੈ।

ਉਨ੍ਹਾਂ ਦੱਸਿਆ ਕਿ ਮਿਸਤਰੀ, ਇੱਟਾਂ/ਸੀਮਿੰਟ ਆਦਿ ਫੜਾਉਣ ਵਾਲੇ ਵਿੱਚ ਮਜ਼ਦੂਰ, ਪਲੰਬਰ, ਤਰਖਾਣ, ਵੈਲਡਰ, ਇਲੈਕਟਰੀਸ਼ਨ ਦਾ ਕੰਮ ਕਰਨ ਵਾਲੇ ਕਿਰਤੀ ਬੋਰਡ ਅਧੀਨ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ।

ਇਸ ਤੋਂ ਇਲਾਵਾ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਪ੍ਰਾਈਵੇਟ ਅਦਾਰੇ ਦੇ ਉਤਪਾਦਨ, ਇਮਾਰਤਾਂ, ਸੜਕਾਂ, ਨਹਿਰਾਂ, ਬਿਜਲੀ ਵੰਡ, ਟੈਲੀਫੋਨ, ਤਾਰ, ਰੇਡੀਓ, ਰੇਲ, ਹਵਾਈ ਅੱਡੇ ਆਦਿ ਵਿਖੇ ਉਸਾਰੀ, ਮੁਰੰਮਤ, ਰੱਖ-ਰਖਾਅ ਜਾਂ ਤੋੜ-ਫੋੜ ਦੇ ਕੰਮ ਲਈ ਕੁਸ਼ਲ/ਅਰਧਕੁਸ਼ਲ, ਕਾਰੀਗਰ ਜਾਂ ਸੁਪਰਵਾਈਜ਼ਰ ਦੇ ਤੌਰ 'ਤੇ ਤਨਖਾਹ ਜਾਂ ਮਿਹਨਤਾਨਾ ਲੈ ਕੇ ਕੰਮ ਕਰਨ ਵਾਲਾ ਵਿਅਕਤੀ ਵੀ ਆਪਣੀ ਰਜਿਸਟਰੇਸ਼ਨ ਕਰਵਾਉਣ ਦੇ ਯੋਗ ਹਨ। ਡਿਪਟੀ ਕਮਿਸ਼ਨਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦੇ ਯੋਗ ਕਿਰਤੀ-ਕਾਮਿਆਂ ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਰਤੀ-ਕਾਮਿਆਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਸਰਕਾਰ ਦੁਆਰਾ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਉਠਾਉਣ ਲਈ ਆਪਣੀ ਰਜਿਸਟਰੇਸ਼ਨ ਨੂੰ ਯਕੀਨੀ ਬਣਾਇਆ ਜਾਵੇ। ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਪਾਸ ਰਜਿਸਟਰੇਸ਼ਨ ਕਰਵਾਉਣ ਲਈ ਯੋਗ ਲਾਭਪਾਤਰੀ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਉਸ ਵਲੋਂ ਪਿਛਲੇ 12 ਮਹੀਨਿਆਂ ਦੌਰਾਨ ਪੰਜਾਬ ਵਿੱਚ 90 ਦਿਨ ਬਤੌਰ ਉਸਾਰੀ ਕਿਰਤੀ ਕੰਮ ਕੀਤਾ ਗਿਆ ਹੋਵੇ। ਉਨ੍ਹਾਂ ਦੱਸਿਆ ਕਿ ਲਾਭਪਾਤਰੀ ਆਪਣੇ ਅਤੇ ਪਰਵਾਰਕ ਮੈਂਬਰਾਂ ਦੇ ਆਧਾਰ ਕਾਰਡ, ਬੈਂਕ ਖਾਤੇ ਦੀ ਕਾਪੀ, ਜਨਮ ਮਿਤੀ ਦਾ ਸਬੂਤ, ਪਰਵਾਰ ਦੀ ਫੋਟੋ ਤੇ ਹੋਰ ਲੋੜੀਂਦੇ ਦਸਤਾਵੇਜ਼ਾਂ ਸਮੇਤ ਆਪਣੇ ਨੇੜਲੇ ਸੇਵਾ ਕੇਂਦਰ ਵਿੱਚ ਜਾ ਕੇ ਰਜਿਸਟਰੇਸ਼ਨ ਕਰਵਾ ਸਕਦੇ ਹਨ।

# ਸਰਕਾਰੀ ਆਈ ਟੀ ਆਈ ਲਾਲੜੂ ਦੇ ਵਿਦਿਆਰਥੀਆਂ ਵੱਲੋਂ ਵੋਟਰ ਪੰਜੀਕਰਣ ਦਾ ਹੋਕਾ

**ਐਸ.ਏ.ਐਸ.ਨਗਰ, (ਕ੍ਰਿਸ਼ਨ ਗਰਗ)**

ਭਾਰਤੀ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਸਰਸਰੀ ਸੁਧਾਈ 2024 ਦੇ ਲਈ ਪ੍ਰਾਪਤ ਹਦਾਇਤਾਂ ਅਨੁਸਾਰ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਮੋਹਾਲੀ ਆਸ਼ਿਕਾ ਜੈਨ ਦੀ ਅਗਵਾਈ ਵਿਚ ਸਰਕਾਰੀ ਆਈ ਟੀ ਆਈ ਲਾਲੜੂ ਦੇ ਵਿਦਿਆਰਥੀਆਂ ਨੇ ਪ੍ਰਿੰਸੀਪਲ ਹਰਵਿੰਦਰ ਸਿੰਘ ਦੀ ਨਿਰਦੇਸ਼ਨਾਂ ਵਿੱਚ ਸਵੀਪ ਗਤੀਵਿਧੀਆਂ ਦਾ ਅਗਾਜ ਸੰਸਥਾ ਦੇ ਵੋਟਰ ਸਾਖਰਤਾ ਕਲੱਬ ਵੱਲੋਂ ਦੋ ਰੋਜਾ ਵੋਟਰ ਜਾਗਰੂਕਤਾ ਪ੍ਰੋਗਰਾਮ ਰਾਹੀਂ ਕੀਤਾ। ਇਸ ਵੋਟਰ ਜਾਗਰੂਕਤਾ ਪ੍ਰੋਗਰਾਮ ਦੌਰਾਨ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਮਿਤੀ 02 ਅਤੇ 03 ਦਸੰਬਰ ਨੂੰ ਹਰ ਇੱਕ ਬੂਥ ਉੱਪਰ ਵੋਟਰ ਪੰਜੀਕਰਣ ਕੈਂਪ ਲਗਾਏ ਜਾ ਰਹੇ ਹਨ ਅਤੇ ਜ਼ਿਲ੍ਹੇ ਦੇ ਸਮੂਹ ਯੋਗ ਨੌਜਵਾਨ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਜਰੂਰ ਬਨਵਾਉਣ। ਜਿਹੜੇ ਵਿਦਿਆਰਥੀ ਕੈਂਪ ਵਿੱਚ ਨਹੀਂ ਜਾ ਸਕਦੇ, ਉਹ ਵੋਟਰ ਹੈਲਪਲਾਈਨ ਮੋਬਾਈਲ ਐਪ ਉਪਰ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਪ੍ਰੋ. ਅੰਟਾਲ ਜੋ ਜ਼ਿਲ੍ਹੇ ਦੇ ਹਰ ਵੱਡੇ ਵਿਦਿਅਕ ਅਦਾਰੇ ਵਿੱਚ ਨਿੱਜੀ ਰੂਪ ਵਿੱਚ ਇਸ ਮੁਹਿੰਮ ਲਈ ਦਸਤਕ ਦੇ ਰਹੇ ਹਨ, ਨੇ ਦੱਸਿਆ ਕਿ ਜ਼ਿਲ੍ਹਾ ਮੁਹਾਲੀ ਦੇ ਨੌਜਵਾਨ ਵੋਟਰਾਂ ਵਿੱਚ ਵੋਟਰ ਪੰਜੀਕਰਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੇ ਪੋਸਟਰ ਅਤੇ ਸਲੋਗਨ ਅਤੇ ਮਹਿੰਦੀ ਦੇ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਹਰਵਿੰਦਰ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਨਗਰ ਕੀਰਤਨ ਪ੍ਰੋਗਰਾਮ ਦੌਰਾਨ ਦੇ ਵਿਦਿਆਰਥੀਆਂ ਨੇ ਵੋਟਰ ਜਾਗਰੂਕਤਾ ਸਟਾਲ ਅਤੇ ਰੈਲੀ ਦਾ ਆਯੋਜਨ ਕੀਤਾ ਅਤੇ ਲਾਲੜੂ ਦੀਆਂ ਵੱਖ-ਵੱਖ ਕਾਲੋਨੀਆਂ ਵਿਚ ਜਾਕੇ ਡੋਰ ਟੂ ਡੋਰ ਵੋਟ ਬਨਵਾਉਣ ਦਾ ਹੋਕਾ ਦਿੱਤਾ। ਇਸ ਮੌਕੇ ਜ਼ਿਲ੍ਹਾ ਨੋਡਲ ਅਫਸਰ ਸਵੀਪ ਵੱਲੋਂ ਰਮਨਦੀਪ ਕੌਰ ਅਤੇ ਜਤਿੰਦਰ ਸਿੰਘ ਨੂੰ ਸੰਸਥਾ ਦੇ ਕੈਂਪਸ ਅੰਬੇਸਡਰ ਨਿਯੁਕਤ ਕੀਤਾ। ਇਸ ਰੈਲੀ ਨੂੰ ਸਫਲ ਬਨਾਉਣ ਲਈ ਕਾਲਜ ਦੇ ਸਹਾਇਕ ਨੋਡਲ ਅਫਸਰ ਸਵੀਪ ਰਾਜਿੰਦਰ ਅਨਭੋਲ, ਸੁਖਦਰਸ਼ਨ ਸਿੰਘ, ਗੁਰਪ੍ਰੀਤ ਕੌਰ, ਕਮਲਜੀਤ ਕੌਰ, ਬਲਵਿੰਦਰ ਸਿੰਘ, ਜਗਜੀਤ ਸਿੰਘ, ਸੰਦੀਪ ਕੁਮਾਰ ਅਤੇ ਰਾਸ਼ਟਰੀ ਸੇਵਾ ਯੋਜਨਾ ਸਰਕਾਰੀ ਬਹੁਤਕਨੀਕੀ ਕਾਲਜ ਖੂਨੀਮਾਜਰਾ ਦੇ ਪ੍ਰੋਗਰਾਮ ਅਫਸਰ ਬਰਿੰਦਰ ਪ੍ਰਤਾਪ ਸਿੰਘ ਨੇ ਪੂਰਨ ਸਹਿਯੋਗ ਦਿੱਤਾ।

# ਰਿਆਤ ਬਾਹਰਾ ਫੁੱਟਬਾਲ ਕੱਪ ਟੂਰਨਾਮੈਂਟ ਸ਼ੁਰੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਆਕਰਸ਼ਿਤ ਕਰਨ ਲਈ ਰਿਆਤ ਬਾਹਰਾ ਗਰੁੱਪ ਵੱਲੋਂ ਨਸ਼ਾ ਵਿਰੋਧੀ ਜਾਗਰੂਕਤਾ 'ਬੇਟਾ ਬਚਾਓ' ਅਭਿਆਨ ਚਲਾਇਆ ਜਾ ਰਿਹਾ ਹੈ । ਇਸ ਸਬੰਧੀ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰਿਆਤ ਬਾਹਰਾ ਫੁੱਟਬਾਲ ਕੱਪ-2023 ਟੂਰਨਾਮੈਂਟ ਕੈਂਪਸ ਦੇ ਮੈਦਾਨ ਵਿੱਚ ਕਰਵਾਇਆ ਗਿਆ। ਜਿਸ ਵਿੱਚ ਜ਼ਿਲ੍ਹੇ ਦੀਆਂ 32 ਟੀਮਾਂ ਭਾਗ ਲੈ ਰਹੀਆਂ ਹਨ। ਟੂਰਨਾਮੈਂਟ ਦਾ ਉਦਘਾਟਨ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਕੀਤਾ। ਉਦਘਾਟਨੀ ਮੈਚ ਹੰਦੋਵਾਲ ਅਤੇ ਸ਼ੇਰਗੜ੍ਹ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਇਸ ਮੌਕੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵਿਚ ਰੁਚੀ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਖੇਡ ਮੁਕਾਬਲੇ ਕਰਵਾਏ ਜਾਣ। ਰਿਆਤ ਬਾਹਰਾ ਗਰੁੱਪ ਵੱਲੋਂ ਨੌਜਵਾਨਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਲਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰੀਰ ਨੂੰ ਤੰਦਰੁਸਤ ਰੱਖਣ ਲਈ ਕਸਰਤ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਤੰਦਰੁਸਤ ਜੀਵਨ ਲਈ ਖੇਡਾਂ ਦਾ ਵੀ ਬਹੁਤ ਮਹੱਤਵ ਹੈ। ਬੱਚਿਆਂ ਅਤੇ ਨੌਜਵਾਨਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਬਹੁਤ ਜਰੂਰੀ ਹਨ। ਨਵੀਂ ਪੀੜ੍ਹੀ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਖੇਡਾਂ ਪ੍ਰਤੀ ਰੁਚੀ ਵਧਾਉਣ ਦੀ ਲੋੜ ਹੈ। ਖੇਡ ਅਫਸਰ ਗੁਰਪ੍ਰੀਤ ਝਿੰਮ ਨੇ ਦੱਸਿਆ ਕਿ ਟੂਰਨਾਮੈਂਟ ਵਿੱਚ ਕੁੱਲ 32 ਟੀਮਾਂ ਭਾਗ ਲੈਣਗੀਆਂ। ਇਸ ਟੂਰਨਾਮੈਂਟ 'ਚ ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 21000 ਰੁਪਏ ਦੀ ਨਕਦ ਰਾਸ਼ੀ ਅਤੇ ਟਰਾਫੀ, ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 11000 ਰੁਪਏ ਦੀ ਨਕਦ ਰਾਸ਼ੀ ਅਤੇ ਟਰਾਫੀ, ਤੀਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 11000 ਰੁਪਏ ਦੀ ਨਕਦ ਰਾਸ਼ੀ ਅਤੇ ਟਰਾਫੀ ਦਿੱਤੀ ਜਾਵੇਗੀ। ਪਹਿਲੇ ਦਿਨ ਖੇਡੇ ਗਏ ਮੈਚਾਂ ਵਿੱਚ ਸ਼ੇਰਗੜ੍ਹ ਨੇ ਹੰਦੋਵਾਲ ਨੂੰ 3-1 ਨਾਲ ਅਤੇ ਦੂਜੇ ਮੈਚ ਵਿੱਚ ਸਿੰਗਾਪੁਰ ਨੇ ਤਾਜੇਵਾਲ ਨੂੰ 4-0 ਨਾਲ ਹਰਾ ਕੇ ਆਪਣੀ-ਆਪਣੀ ਜਿੱਤ ਦਰਜ ਕੀਤੀ। ਡਾ: ਅਮਿਤ ਸ਼ਰਮਾ ਨੇ ਕੁਮੈਂਟੇਟਰ ਦੀ ਭੂਮਿਕਾ ਨਿਭਾਈ। ਇਸ ਮੌਕੇ ਡਾ: ਰੰਗ ਨਾਥ ਸਿੰਘ, ਡਾ: ਮੀਨਾਕਸ਼ੀ, ਡਾ: ਜੋਤਸਨਾ, ਡਾ . ਪੱਲਵੀ ਪੰਡਿਤ , ਡਾ: ਕੁਲਦੀਪ ਵਾਲੀਆ, ਡਾ: ਹਰਦੀਪ ਸਿੰਘ, ਡਾ: ਗੌਰਵ ਪਰਾਸ਼ਰ, ਪ੍ਰੋ: ਮਨੋਜ ਕਤੁਆਲ , ਪ੍ਰੋ ਬ੍ਰਿਜੇਸ਼ , ਪ੍ਰੋ ਅੰਕਿਤ ਸ਼ਰਮਾ , ਪ੍ਰੋ. ਸਿਮਰਪ੍ਰੀਤ , ਹਰਿੰਦਰ ਜਸਵਾਲ, ਗੁਰਪ੍ਰੀਤ ਬੇਦੀ, ਕੁਲਦੀਪ ਰਾਣਾ ਅਤੇ ਵਿਦਿਆਰਥੀ ਹਾਜਰ ਸਨ।



